ਬੁੱਧਵਾਰ, 11 ਫਰਵਰੀ, 2026
29 ਮਾਘ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 252

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 11 FEBRUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

## ਸਪੀਕਰ ਨੂੰ ਹਟਾਉਣ ਲਈ ਨੋਟਿਸ



**ਨਵੀਂ ਦਿੱਲੀ** : ਕਾਂਗਰਸ ਪਾਰਟੀ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਵਿਰੁੱਧ ਅਵਿਸ਼ਵਾਸ ਮਤਾ ਪੇਸ਼ ਕਰਨ ਲਈ ਮੰਗਲਵਾਰ ਨੋਟਿਸ ਦੇ ਦਿੱਤਾ। ਇਸ 'ਤੇ 118 ਸੰਸਦ ਮੈਂਬਰਾਂ ਨੇ ਦਸਤਖਤ ਕੀਤੇ ਹਨ। ਕਾਂਗਰਸ ਸੰਸਦ ਮੈਂਬਰ ਗੌਰਵ ਗੋਗੋਈ ਅਨੁਸਾਰ ਨੋਟਿਸ ਮੰਗਲਵਾਰ ਦੁਪਹਿਰ 1:14 ਵਜੇ ਦਿੱਤਾ ਗਿਆ। ਨੋਟਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 94 (ਸੀ) ਦੇ ਉਪਬੰਧਾਂ ਦੇ ਅਨੁਸਾਰ, ਓਮ ਬਿਰਲਾ ਨੂੰ ਲੋਕ ਸਭਾ ਸਪੀਕਰ ਦੇ ਅਹੁਦੇ ਤੋਂ ਹਟਾਉਣ ਲਈ ਇਕ ਮਤੇ ਦਾ ਨੋਟਿਸ ਲੋਕ ਸਭਾ ਦੇ ਕੰਮਕਾਜ ਨੂੰ ਚਲਾਉਣ ਵਾਲੇ ਸਪੱਸ਼ਟ ਪੱਖਪਾਤੀ ਢੰਗ ਕਾਰਨ ਦਿੱਤਾ ਗਿਆ ਹੈ। ਕਈ ਮੌਕਿਆਂ 'ਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ, ਜੋ ਕਿ ਸੰਸਦ ਵਿਚ ਉਨ੍ਹਾਂ ਦਾ ਮੂਲ ਲੋਕਤੰਤਰੀ ਅਧਿਕਾਰ ਹੈ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਲੋਕ ਸਭਾ ਦੇ ਕੰਮਕਾਜ ਨੂੰ ਚਲਾਉਣ ਲਈ ਪੱਖਪਾਤੀ ਵਿਹਾਰ ਕੀਤਾ ਜਾ ਰਿਹਾ ਹੈ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਸਦਨ ਵਿੱਚ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਅਤੇ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਬਜਟ ਸੈਸ਼ਨ ਦੇ 10ਵੇਂ ਦਿਨ ਮੰਗਲਵਾਰ ਨੂੰ ਲੋਕ ਸਭਾ ਵਿੱਚ ਜ਼ਬਰਦਸਤ ਹੰਗਾਮਾ ਦੇਖਣ ਨੂੰ ਮਿਲਿਆ, ਜਿਸ ਕਾਰਨ ਪ੍ਰਸ਼ਨ ਕਾਲ ਦੀ ਕਾਰਵਾਈ ਨਹੀਂ ਹੋ ਸਕੀ। ਸਵੇਰੇ 11 ਵਜੇ ਜਿਵੇਂ ਹੀ ਸਦਨ ਦੀ ਕਾਰਵਾਈ ਸ਼ੁਰੂ ਹੋਈ, ਵਿਰੋਧੀ ਧਿਰ ਨੇ ਵੱਖ-ਵੱਖ ਮੁੱਦਿਆਂ 'ਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਚਰਚਾ ਨਾ ਹੋਣ ਕਾਰਨ ਪੀ.ਸੀ. ਮੋਹਨ ਨੇ ਮਹਿਜ਼ ਇੱਕ ਮਿੰਟ ਬਾਅਦ ਹੀ ਸਦਨ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ। ਹੰਗਾਮਾ ਜਾਰੀ ਰਹਿਣ ਕਾਰਨ ਬਾਅਦ ਵਿਚ ਲੋਕ ਸਭਾ ਦੀ ਕਾਰਵਾਈ ਦੋ ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਸਦਨ ਦੇ ਬਾਹਰ ਵੀ ਸਿਆਸੀ ਪਾਰਾ ਵਧਿਆ। ਸਾਬਕਾ ਫੌਜ ਮੁਖੀ ਜਨਰਲ ਨਰਵਣੇ ਦੀ ਕਿਤਾਬ ਨਾਲ ਜੁੜੇ ਵਿਵਾਦ 'ਤੇ ਬੋਲਦਿਆਂ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਜਾਂ ਤਾਂ ਸਾਬਕਾ ਫੌਜ ਮੁਖੀ ਝੂਠ ਬੋਲ ਰਹੇ ਹਨ ਜਾਂ ਫਿਰ ਸਰਕਾਰ, ਪਰ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਜਨਰਲ ਨਰਵਣੇ ਕਦੇ ਝੂਠ ਨਹੀਂ ਬੋਲਣਗੇ। ਇਸ ਬਿਆਨ ਨੇ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਚੱਲ ਰਹੀ ਖਿੱਚੋਤਾਣ ਨੂੰ ਹੋਰ ਤੇਜ਼ ਕਰ ਦਿੱਤਾ ਹੈ, ਜਿਸ ਕਾਰਨ ਬਜਟ ਸੈਸ਼ਨ ਦੇ ਆਉਣ ਵਾਲੇ ਦਿਨਾਂ ਵਿੱਚ ਵੀ ਭਾਰੀ ਹੰਗਾਮੇ ਦੇ ਆਸਾਰ ਹਨ।

## ਓਹ ਛੇ ਸੱਜਣ ਕੌਣ ਨੇ ?

**ਵਾਸ਼ਿੰਗਟਨ** : ਦੋ ਅਮਰੀਕੀ ਕਾਨੂੰਨਦਾਨਾਂ ਦਾ ਕਹਿਣਾ ਹੈ ਕਿ ਅਮਰੀਕੀ ਨਿਆਂ ਵਿਭਾਗ ਵੱਲੋਂ ਯੌਨ ਅਪਰਾਧੀ ਜੈਫਰੀ ਐਪਸਟੀਨ ਵੱਲੋਂ ਨਾਬਾਲਗਾਂ ਨੂੰ ਵੱਡੇ ਲੋਕਾਂ ਅੱਗੇ ਪਰੋਸਣ ਬਾਰੇ ਜਾਰੀ ਕੀਤੇ ਦਸਤਾਵੇਜ਼ਾਂ ਵਿੱਚ ਘੱਟੋ-ਘੱਟ ਛੇ ਜਣਿਆਂ ਦੇ ਨਾਂਅ ਬਿਨਾਂ ਕਿਸੇ ਸਪੱਸ਼ਟ ਕਾਨੂੰਨੀ ਵਜ੍ਹਾ ਦੇ ਲੁਕਾ ਲਏ ਗਏ ਜਾਪਦੇ ਹਨ। ਰਿਪਬਲੀਕਨ ਪ੍ਰਤੀਨਿਧ ਥਾਮਸ ਮੈਸੀ ਤੇ ਡੈਮੋਕਰੇਟ ਪ੍ਰਤੀਨਿਧ ਰੋ ਖੰਨਾ ਨੇ ਕਿਹਾ ਕਿ ਉਨ੍ਹਾਂ ਸੋਮਵਾਰ ਨਿਆਂ ਵਿਭਾਗ ਦੇ ਰੀਡਿੰਗ ਰੂਮ ਵਿੱਚ ਫਾਈਲਾਂ ਨੂੰ ਵਾਚਦਿਆਂ ਅਜਿਹਾ ਮਹਿਸੂਸ ਕੀਤਾ ਹੈ। ਦੋਹਾਂ ਨੇ ਇਹ ਕਹਿੰਦਿਆਂ ਫੌਰੀ ਤੌਰ 'ਤੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਕਿ ਪਹਿਲਾਂ ਉਹ ਚਾਹੁੰਣਗੇ ਕਿ ਨਿਆਂ ਵਿਭਾਗ ਫਾਈਲਾਂ ਵਿੱਚ ਕੀਤੀ ਸੰਭਾਵਤ ਛੇੜਛਾੜ ਨੂੰ ਦਰੁੱਸਤ ਕਰ ਲਵੇ।

ਮੈਸੀ ਨੇ ਕਿਹਾ ਕਿ ਛੇ ਜਣਿਆਂ ਵਿੱਚ ਘੱਟੋ-ਘੱਟ ਇੱਕ ਅਮਰੀਕੀ, ਘੱਟੋ-ਘੱਟ ਇੱਕ ਵਿਦੇਸ਼ੀ ਨਾਗਰਿਕ ਤੇ ਇੱਕ ਵਿਦੇਸ਼ੀ ਸਰਕਾਰ ਦਾ ਕਾਫੀ ਉੱਚਾ ਬੰਦਾ ਹੈ। ਖੰਨਾ ਨੇ ਕਿਹਾ ਕਿ ਇੱਕ ਹੋਰ ਕਾਫੀ ਉੱਘੀ ਸ਼ਖਸੀਅਤ ਹੈ। ਦੋਹਾਂ ਕਾਨੂੰਨਦਾਨਾਂ ਨੇ ਇਸ਼ਾਰਾ ਕੀਤਾ ਕਿ ਜੇ ਇਹ ਨਾਂਅ ਜਨਤਕ ਨਾ ਕੀਤੇ ਗਏ ਤਾਂ ਉਹ ਕਾਂਗਰਸ ਵਿੱਚ ਸੁਣਵਾਈ ਦੌਰਾਨ ਮਾਮਲਾ ਉਠਾ ਸਕਦੇ ਹਨ।

ਐਪਸਟੀਨ ਨਾਲ ਸੰਬੰਧਤ ਤਾਜ਼ਾ ਰਿਕਾਰਡ ਦੀ ਘੋਖ ਲਈ ਕਾਂਗਰਸ ਦੇ ਮੈਂਬਰਾਂ ਨੂੰ ਪਹਿਲੀ ਵਾਰ ਆਗਿਆ ਦਿੱਤੀ ਗਈ। ਇਸ ਤੋਂ ਪਹਿਲਾਂ ਜਾਰੀ ਕੀਤੇ ਗਏ ਦਸਤਾਵੇਜ਼ਾਂ ਦੀ ਇਹ ਕਹਿੰਦਿਆਂ ਵਿਆਪਕ ਨੁਕਤਾਚੀਨੀ ਹੋਈ ਸੀ ਕਿ ਦਸਤਾਵੇਜ਼ਾਂ ਵਿੱਚ ਕਾਫੀ ਛੇੜਛਾੜ ਕੀਤੀ ਗਈ। ਵਿਵਾਦ ਐਪਸਟੀਨ ਫਾਈਲਜ਼ ਟਰਾਂਸਪੇਰੈਂਸੀ ਐਕਟ ਉੱਤੇ ਕੇਂਦਰਤ ਹੈ, ਜਿਹੜਾ ਕਹਿੰਦਾ ਹੈ ਕਿ ਨਿਆਂ ਵਿਭਾਗ ਐਪਸਟੀਨ ਤੇ ਉਸ ਦੇ ਸੰਗੀਆਂ ਨਾਲ ਸੰਬੰਧਤ ਰਿਕਾਰਡ ਜਨਤਕ ਕਰੇ। ਇਹ ਐਕਟ ਸਿਰਫ ਵੱਡੇ ਲੋਕਾਂ ਦੀ ਹਵਸ ਦਾ ਸ਼ਿਕਾਰ ਹੋਣ ਵਾਲਿਆਂ ਜਾਂ ਜਾਂਚ ਦੇ ਘੇਰੇ ਵਿੱਚ ਆਉਣ ਵਾਲਿਆਂ ਦੀ ਪਛਾਣ ਲੁਕੋਣ ਦੀ ਗੱਲ ਕਰਦਾ ਹੈ।



ਥਾਮਸ ਮੈਸੀ ਤੇ ਰੋ ਖੰਨਾ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ।



ਐਪਸਟੀਨ



ਬਿਲ ਗੇਟਸ



ਟਰੰਪ



ਅਨਿਲ ਅੰਬਾਨੀ

ਅਮਰੀਕਾ ਦੀਆਂ ਦੋਹਾਂ ਵੱਡੀਆਂ ਪਾਰਟੀਆਂ ਦੇ ਕਈ ਕਾਨੂੰਨਦਾਨਾਂ ਦਾ ਕਹਿਣਾ ਹੈ ਕਿ ਨਿਆਂ ਵਿਭਾਗ ਕਾਨੂੰਨ ਮੁਤਾਬਕ ਨਹੀਂ ਚੱਲ ਰਿਹਾ। ਡੈਮੋਕਰੇਟ ਜੈਮੀ ਰਸਕਿਨ ਨੇ ਕਿਹਾ ਹੈ ਕਿ ਉਨ੍ਹਾ ਕਈ ਮਿਸਾਲਾਂ ਦੇਖੀਆਂ, ਜਿੱਥੇ ਕਈ ਅਜਿਹੇ ਲੋਕਾਂ ਦੇ ਨਾਂਅ ਲੁਕੋਏ ਗਏ ਹਨ, ਜਿਹੜੇ ਕਿ ਪੀੜਤ ਨਹੀਂ ਸਨ। ਉਨ੍ਹਾ ਐਪਸਟੀਨ ਤੇ ਟਰੰਪ ਦੇ ਰਿਸ਼ਤੇ ਦੀ ਮਿਸਾਲ ਵੀ ਦਿੱਤੀ ਹੈ, ਹਾਲਾਂਕਿ ਟਰੰਪ ਖੰਡਨ ਕਰਦੇ ਆ ਰਹੇ ਹਨ।

ਦਸਤਾਵੇਜ਼ਾਂ ਦਾ ਅਧਿਐਨ ਕਰਨ ਵਾਲੇ ਇੱਕ ਹੋਰ ਡੈਮੋਕਰੇਟ ਜਾਰੇਡ ਮੋਸਕੋਵਿਜ਼ ਨੇ ਕਿਹਾ ਹੈ ਕਿ ਇਸ ਘਿਨਾਉਣੇ ਸਕੈਂਡਲ ਵਿੱਚ ਦੁਨੀਆ ਭਰ ਦੇ ਬਹੁਤ ਲੋਕ ਸ਼ਾਮਲ ਸਨ। ਖੰਨਾ ਨੇ ਕਿਹਾ ਕਿ ਨਿਆਂ ਵਿਭਾਗ ਕੋਲ ਪਹੁੰਚੇ ਕੁਝ ਦਸਤਾਵੇਜ਼ਾਂ ਵਿੱਚ ਕੇਂਦਰੀ ਜਾਂਚ ਏਜੰਸੀ ਐੱਫ ਬੀ ਆਈ ਨੇ ਪਹਿਲਾਂ ਹੀ ਛੇੜਛਾੜ ਕਰ ਦਿੱਤੀ, ਹਾਲਾਂਕਿ ਕਾਨੂੰਨ ਕਹਿੰਦਾ ਹੈ ਕਿ ਦਸਤਾਵੇਜ਼ਾਂ ਦੇਖਣ ਵਾਲਿਆਂ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ। ਉਨ੍ਹਾ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਗਲਤ ਕੰਮ ਕੀਤਾ ਹੈ ਉਨ੍ਹਾਂ ਦੀ ਪੂਰੀ ਪੜਤਾਲ ਹੋਣੀ ਚਾਹੀਦੀ ਹੈ।

ਨਿਆਂ ਵਿਭਾਗ ਨੇ ਕਿਹਾ ਕਿ ਉਸ ਕੋਲ ਐਪਸਟੀਨ ਨਾਲ ਸੰਬੰਧਤ ਲੱਖਾਂ ਫਾਈਲਾਂ ਹਨ ਅਤੇ ਉਸ ਨੇ ਕਈ ਹਜ਼ਾਰ ਉਹ ਫਾਈਲਾਂ ਇਸ ਕਰਕੇ ਜਨਤਕ ਨਹੀਂ ਕੀਤੀਆਂ, ਕਿਉਂਕਿ ਉਹ ਪੀੜਤਾਂ ਤੇ ਵਕੀਲਾਂ ਵਿਚਾਲੇ ਗੱਲਬਾਤ ਬਾਰੇ ਹਨ। ਕੁਝ ਕਾਨੂੰਨਦਾਨਾਂ ਦਾ ਕਹਿਣਾ ਹੈ ਕਿ ਦਸਤਾਵੇਜ਼ ਕਰੋੜਾਂ ਵਿੱਚ ਹਨ ਤੇ ਇਨ੍ਹਾਂ ਨੂੰ ਘੋਖਣ ਵਿੱਚ ਕਈ ਵਰ੍ਹੇ ਲੱਗ ਸਕਦੇ ਹਨ।

ਅਮਰੀਕਾ ਦੇ ਅਟਾਰਨੀ ਜਨਰਲ ਪਾਮ ਬੌਂਡੀ ਨੇ ਗਵਾਹੀ ਲਈ ਇਸ ਹਫਤੇ ਕਾਂਗਰਸ ਦੀ ਨਿਆਂ ਕਮੇਟੀ ਅੱਗੇ ਪੇਸ਼ ਹੋਣਾ, ਜਿੱਥੇ ਮੈਂਬਰ ਉਨ੍ਹਾ ਤੋਂ ਪੁੱਛ ਸਕਦੇ ਹਨ ਕਿ ਨਿਆਂ ਵਿਭਾਗ ਨੇ ਜਾਰੀ ਕਰਨ ਤੋਂ ਪਹਿਲਾਂ ਫਾਈਲਾਂ ਦੀ ਕਿਵੇਂ ਪੁਣ-ਛਾਣ ਕੀਤੀ।

ਐਪਸਟੀਨ ਬਹੁਤ ਵੱਡਾ ਫਾਇਨੈਂਸਰ ਸੀ ਤੇ ਉਸ ਦੇ ਵਿਆਪਕ ਸਿਆਸੀ ਤੇ ਸਮਾਜੀ ਕੁਨੈਕਸ਼ਨ ਸਨ। ਉਸ 'ਤੇ 2019 ਵਿੱਚ ਨਾਬਾਲਗਾਂ ਨੂੰ ਵੱਡੇ ਲੋਕਾਂ ਅੱਗੇ ਪਰੋਸਣ ਦੇ ਦੋਸ਼ ਵਿੱਚ ਮੁਕੱਦਮਾ ਚੱਲਿਆ ਸੀ ਅਤੇ ਇਸ ਦੌਰਾਨ ਨਿਊ ਯਾਰਕ ਦੀ ਜੇਲ੍ਹ ਵਿੱਚ ਉਸ ਦੀ ਮੌਤ ਹੋ ਗਈ ਸੀ। ਮੌਤ ਦਾ ਕਾਰਨ ਖੁਦਕੁਸ਼ੀ ਦੱਸਿਆ ਗਿਆ ਸੀ।

ਅਮਰੀਕੀ ਨਿਆਂ ਵਿਭਾਗ ਵੱਲੋਂ 30 ਜਨਵਰੀ ਨੂੰ ਜਾਰੀ ਕਰੀਬ 30 ਲੱਖ ਸਫਿਆਂ ਦੇ ਦਸਤਾਵੇਜ਼ਾਂ ਤੋਂ ਬਾਅਦ 10 ਦੇਸ਼ਾਂ ਦੇ 15 ਤੋਂ ਵੱਧ ਵੱਡੇ ਅਧਿਕਾਰੀਆਂ ਨੂੰ ਅਹੁਦੇ ਛੱਡਣੇ ਪਏ ਹਨ। 80 ਤੋਂ ਵੱਧ ਤਾਕਤਵਰ ਲੋਕਾਂ ਦੀ ਜਾਂਚ ਚੱਲ ਰਹੀ ਹੈ। ਇਨ੍ਹਾਂ ਫਾਈਲਾਂ ਵਿੱਚ ਆਗੂਆਂ, ਰਾਜਦੂਤਾਂ, ਅਰਬਪਤੀਆਂ ਤੇ ਸ਼ਾਹੀ ਖਾਨਦਾਨਾਂ ਦੇ ਜੀਆਂ ਦੇ ਨਾਂਅ ਸ਼ਾਮਲ ਹਨ। ਈ-ਮੇਲ, ਫਲਾਈਟ ਲੌਗ ਤੇ ਸੰਪਰਕ ਰਿਕਾਰਡ ਵਿੱਚ 700 ਤੋਂ 1000 ਅਸਰਦਾਰ ਲੋਕਾਂ ਦਾ ਜ਼ਿਕਰ ਹੈ, ਜਿਨ੍ਹਾਂ ਵਿੱਚ ਡੋਨਾਲਡ ਟਰੰਪ, ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਤੇ ਉਨ੍ਹਾ ਦੀ ਪਤਨੀ ਹਿਲੇਰੀ ਕਲਿੰਟਨ ਦੇ ਨਾਂਅ ਵੱਖ-ਵੱਖ ਸੰਦਰਭਾਂ ਵਿੱਚ ਸਾਹਮਣੇ ਆਏ ਹਨ। ਫਾਈਲਾਂ ਜਾਰੀ ਹੋਣ ਤੋਂ ਬਾਅਦ ਬਰਤਾਨੀਆ ਦੇ ਸਾਬਕਾ ਰਾਜਦੂਤ ਪੀਟਰ ਮੈਂਡੇਲਸਨ, ਸਲਾਹਕਾਰ ਐਡਮ ਪੇਰੀ ਤੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਚੀਫ ਆਫ ਸਟਾਫ ਮਾਰਗਨ ਮੈਕਸਵੀਨੀ ਨੇ ਅਸਤੀਫਾ ਦਿੱਤਾ। ਸਟਾਰਮਰ 'ਤੇ ਮੈਂਡੇਲਸਨ ਨੂੰ ਅਮਰੀਕਾ ਦਾ ਰਾਜਦੂਤ ਬਣਾਉਣ ਨੂੰ ਲੈ ਕੇ ਅਸਤੀਫੇ ਲਈ ਦਬਾਅ ਪੈ ਰਿਹਾ ਹੈ। ਸਲੋਵਾਕੀਆ ਦੇ ਸਾਬਕਾ ਵਿਦੇਸ਼ ਮੰਤਰੀ ਤੇ ਕੌਮੀ ਸੁਰੱਖਿਆ ਸਲਾਹਕਾਰ ਮੀਰੋਸਲਾਵ ਲਾਈਚਾਕ, ਸਵੀਡਨ ਦੀ ਸੀਨੀਅਰ ਡਿਪਲੋਮੇਟ ਜੋਆਨਾ ਰੁਬਿਨਸਟੀਨ, ਨਾਰਵੇ ਦੀ ਰਾਜਦੂਤ ਮੋਨਾ ਜੂਲ ਅਤੇ ਅਮਰੀਕਾ ਦੀ ਕਿਰਤ ਮੰਤਰੀ ਅਲੈਕਸ ਐਕੋਸਟਾ ਨੂੰ ਅਸਤੀਫਾ ਦੇਣਾ ਪਿਆ। ਮਾਈਕਰੋਸਾਫਟ ਦੇ ਸਹਿ-ਬਾਨੀ ਬਿਲ ਗੇਟਸ ਨੇ ਐਪਸਟੀਨ • ਬਾਕੀ ਸਫਾ 2 'ਤੇ

## 12 ਦੀ ਹੜਤਾਲ ਲਈ ਭਾਰੀ ਉਤਸ਼ਾਹ : ਬਰਾੜ, ਧਾਲੀਵਾਲ

**ਚੰਡੀਗੜ੍ਹ** : ਪੰਜਾਬ ਏਟਕ ਦੇ ਪ੍ਰਧਾਨ ਬੰਤ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਕਿ 12 ਫਰਵਰੀ ਨੂੰ 10 ਕੇਂਦਰੀ ਟਰੇਡ ਯੂਨੀਅਨ ਸੰਗਠਨਾਂ ਅਤੇ ਐੱਸ ਕੇ ਐੱਮ ਵੱਲੋਂ ਸਾਂਝੇ ਤੌਰ 'ਤੇ ਕੀਤੀ ਜਾ ਰਹੀ ਦੇਸ਼ਵਿਆਪੀ ਹੜਤਾਲ ਦੀਆਂ ਪੰਜਾਬ ਵਿਚ ਸਾਂਝੇ ਤੌਰ 'ਤੇ ਅਤੇ ਪੰਜਾਬ ਏਟਕ ਦੀਆਂ ਸਮੁੱਚੀਆਂ ਜਥੇਬੰਦੀਆਂ ਵੱਲੋਂ ਜ਼ੋਰਦਾਰ ਤਰੀਕੇ ਨਾਲ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਮੋਦੀ ਸਰਕਾਰ ਦੀਆਂ ਲੋਕ-ਵਿਰੋਧੀ, ਆਰਥਿਕ ਅਤੇ ਫਿਰਕਾਪ੍ਰਸਤੀ ਨੀਤੀਆਂ ਵਿਰੁੱਧ ਜ਼ਬਰਦਸਤ ਰੋਸ ਪਾਇਆ ਜਾ ਰਿਹਾ ਹੈ, ਜਿਸ ਕਰਕੇ ਹੜਤਾਲ ਲਈ ਟਰੇਡ ਯੂਨੀਅਨਾਂ ਦੇ ਵਰਕਰਾਂ ਅਤੇ ਕਿਸਾਨਾਂ-ਮਜ਼ਦੂਰਾਂ ਵਿਚ ਵੱਡੇ ਪੱਧਰ 'ਤੇ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਤਿਆਰੀ ਕਨਵੈਨਸ਼ਨਾਂ ਅਤੇ ਕਿਸਾਨਾਂ ਨਾਲ ਸਾਂਝੀਆਂ ਮੀਟਿੰਗਾਂ ਕਰ ਲਈਆਂ ਗਈਆਂ ਹਨ। ਪੰਜਾਬ ਰੋਡਵੇਜ਼, ਪੀ ਆਰ ਟੀ ਸੀ, ਬਿਜਲੀ ਬੋਰਡ, ਬੈਂਕ, ਡਾਕ, ਪੱਲੇਦਾਰ ਅਤੇ ਅਨੇਕਾਂ ਸਨਅਤਾਂ ਵਿਚ ਮੁਕੰਮਲ ਹੜਤਾਲ ਹੋਵੇਗੀ। ਇਸ ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਅਤੇ ਕਸਬਿਆਂ ਵਿਚ ਵਿਸ਼ਾਲ ਰੋਸ ਮੁਜ਼ਾਹਰੇ ਲਾਮਬੰਦ ਕੀਤੇ ਜਾ ਰਹੇ ਹਨ। ਸਾਥੀ ਬਰਾੜ ਅਤੇ ਧਾਲੀਵਾਲ ਨੇ ਦੱਸਿਆ ਕਿ ਜਿਹਨਾਂ ਮੁੱਦਿਆਂ ਨੂੰ ਲੈ ਕੇ ਹੜਤਾਲ ਕੀਤੀ ਜਾ ਰਹੀ ਹੈ, ਉਹਨਾਂ ਵਿਚ 29 ਕੇਂਦਰੀ ਕਿਰਤ ਕਾਨੂੰਨ ਖਤਮ ਕਰਕੇ ਬਣਾਏ ਗਏ ਮਜ਼ਦੂਰ ਵਿਰੋਧੀ 4 ਲੇਬਰ ਕੋਡ ਰੱਦ ਕਰਨੇ, ਮਨਰੇਗਾ ਐਕਟ ਨੂੰ ਬਹਾਲ ਕਰਨਾ, ਬਿਜਲੀ ਬਿੱਲ 2025, ਸੀਡ ਬਿੱਲ 2025 ਵਾਪਸ ਕਰਾਉਣਾ, ਕੰਟਰੈਕਟ ਆਊਟ ਸੋਰਸਿੰਗ ਕਾਮੇ ਪੱਕੇ ਕਰਾਉਣੇ, ਘੱਟੋ-ਘੱਟ ਉਜਰਤਾਂ 26000 ਰੁਪਏ ਪ੍ਰਤੀ ਮਹੀਨਾ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਆਂਗਣਵਾੜੀ, ਆਸ਼ਾ ਵਰਕਰ ਅਤੇ ਮਿੱਡ ਡੇ ਮੀਲ ਵਰਕਰਾਂ ਨੂੰ ਵਰਕਰ ਦਾ ਦਰਜਾ ਦੇਣਾ, ਖੇਤ ਮਜ਼ਦੂਰਾਂ ਲਈ ਮਕਾਨ ਅਤੇ ਕਰਜ਼ਾ ਮੁਆਫੀ, ਬੇਰੁਜ਼ਗਾਰੀ ਖਤਮ ਕਰਨਾ, ਮਹਿੰਗਾਈ ਰੋਕਣਾ, ਵਿੱਦਿਆ ਅਤੇ ਸਿਹਤ ਸਹੂਲਤਾਂ ਸਭਨਾਂ ਲਈ ਸਸਤੀਆਂ ਅਤੇ ਮਿਆਰੀ ਉਪਲੱਬਧ ਕਰਾਉਣਾ ਆਦਿ ਸ਼ਾਮਲ ਹਨ। ਪੰਜਾਬ ਦੇ ਸੂਬਾਈ ਆਗੂਆਂ ਨੇ ਸਮੁੱਚੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ 12 ਫਰਵਰੀ ਦੀ ਹੜਤਾਲ ਦੀ ਸਫਲਤਾ ਵਿਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

### ਭਾਬੀ ਕਤਲ ਮਾਮਲੇ 'ਚ ਅੰਮ੍ਰਿਤਪਾਲ ਸਿੰਘ ਮਹਿਰੋਂ ਭਗੌੜਾ ਕਰਾਰ

**ਬਠਿੰਡਾ** : ਸਥਾਨਕ ਅਦਾਲਤ ਨੇ ਸੋਸ਼ਲ ਮੀਡੀਆ 'ਤੇ ਮਕਬੂਲ ਹੋਈ ਕੰਚਨ ਕੁਮਾਰੀ ਉਰਫ ਕਮਲ ਭਾਬੀ ਕਤਲ ਮਾਮਲੇ ਵਿੱਚ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਭਗੌੜਾ ਕਰਾਰ ਦਿੱਤਾ ਹੈ। ਅਦਾਲਤ ਨੇ ਮਹਿਰੋਂ ਨੂੰ ਵਾਰ-ਵਾਰ ਸੰਮਨ ਭੇਜੇ ਸਨ, ਇਸ ਦੇ ਬਾਵਜੂਦ ਉਹ ਪੇਸ਼ ਨਾ ਹੋਇਆ। ਮਹਿਰੋਂ ਕਤਲ ਦੀ ਘਟਨਾ ਤੋਂ ਬਾਅਦ ਦੇਸ਼ ਤੋਂ ਫਰਾਰ ਹੋ ਗਿਆ ਸੀ ਅਤੇ ਮੰਨਿਆ ਜਾ ਰਿਹਾ ਹੈ ਕਿ ਉਹ ਯੂ ਏ ਈ ਵਿੱਚ ਲੁਕਿਆ ਹੋਇਆ ਹੈ। ਉਹ 'ਕੌਮ ਦੇ ਰਾਖੇ' ਨਾਮਕ ਰੈਡੀਕਲ ਗਰੁੱਪ ਦੀ ਅਗਵਾਈ ਕਰਦਾ ਹੈ। ਪੁਲਸ ਮੁਤਾਬਕ, 9 ਅਤੇ 10 ਜੂਨ ਦੀ ਦਰਮਿਆਨੀ ਰਾਤ ਨੂੰ ਇਨ੍ਹਾਂ ਵੱਲੋਂ ਕੰਚਨ ਕੁਮਾਰੀ ਦੀ ਗਲਾ ਘੁੱਟ ਕੇ ਹੱਤਿਆ ਕੀਤੀ ਗਈ ਸੀ।

### ਟਰੰਪ ਅਪਰੈਲ 'ਚ ਚੀਨ ਜਾਣਗੇ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਪਰੈਲ ਵਿੱਚ ਬੀਜਿੰਗ ਜਾਣ ਦੀ ਯੋਜਨਾ ਬਣਾ ਰਹੇ ਹਨ, ਜਿੱਥੇ ਉਹ ਆਪਣੇ ਚੀਨੀ ਹਮਰੁਤਬਾ ਸ਼ੀ ਜਿਨਪਿੰਗ ਨਾਲ ਮੁਲਾਕਾਤ ਕਰਨਗੇ। ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਇਹ ਉਨ੍ਹਾਂ ਦੀ ਪਹਿਲੀ ਚੀਨ ਯਾਤਰਾ ਹੋਵੇਗੀ। ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਟਰੰਪ ਨੇ ਖੁਦ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮੈਂ ਅਪਰੈਲ ਵਿੱਚ ਚੀਨ ਜਾ ਰਿਹਾ ਹਾਂ ਅਤੇ ਸ਼ੀ ਜਿਨਪਿੰਗ ਸਾਲ ਦੇ ਅੰਤ ਤੱਕ ਇੱਥੇ ਆਉਣਗੇ। ਟਰੰਪ ਨੇ 'ਟਰੂਥ ਸੋਸ਼ਲ' 'ਤੇ ਲਿਖਿਆ ਕਿ ਰਾਸ਼ਟਰਪਤੀ ਸ਼ੀ ਨੇ ਉਨ੍ਹਾਂ ਨੂੰ ਅਤੇ ਫਰਸਟ ਲੇਡੀ ਨੂੰ ਚੀਨ ਆਉਣ ਦਾ ਸੱਦਾ ਦਿੱਤਾ ਹੈ। ਉਨ੍ਹਾ ਕਿਹਾ ਕਿ ਦੁਨੀਆ ਦੇ ਦੋ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੇ ਆਗੂਆਂ ਵਿਚਾਲੇ ਚੰਗੇ ਸੰਬੰਧ ਹੋਣਾ ਬਹੁਤ ਜ਼ਰੂਰੀ ਹੈ। ਚੀਨੀ ਮੀਡੀਆ ਮੁਤਾਬਕ ਸ਼ੀ ਜਿਨਪਿੰਗ ਨੇ ਅਮਰੀਕਾ ਨੂੰ ਅਪੀਲ ਕੀਤੀ ਹੈ ਕਿ ਉਹ ਚੀਨ ਵਿਰੁੱਧ ਲਏ ਗਏ ਨਕਾਰਾਤਮਕ ਫੈਸਲਿਆਂ ਨੂੰ ਵਾਪਸ ਲਵੇ ਅਤੇ ਬਰਾਬਰੀ ਤੇ ਸਤਿਕਾਰ ਦੇ ਨਾਲ ਮਿਲ ਕੇ ਕੰਮ ਕਰੇ।

### ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ 31 ਮਾਰਚ 2026 ਨੂੰ ਲੰਘ ਰਹੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਕਾਰਡ 'ਨਵਾਂ ਜ਼ਮਾਨਾ' ਦਫਤਰ ਆ ਕੇ 31 ਮਾਰਚ ਤੋਂ ਪਹਿਲਾਂ-ਪਹਿਲਾਂ ਬਾਅਦ ਦੁਪਹਿਰ ਰੀਨਿਊ ਕਰਵਾਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ।

-ਮੈਨੇਜਰ

## ਮੁੱਠਡਾ ਕਲਾਂ ਦੇ 3 ਨੌਜਵਾਨਾਂ ਦੀ ਮੌਤ



**ਫਗਵਾੜਾ** : ਮੰਗਲਵਾਰ ਇੱਥੋਂ ਨੇੜੇ ਚਾਚੋਕੀ ਕੋਲ ਕਾਰ ਡਿਵਾਈਡਰ ਨਾਲ ਟਕਰਾ ਕੇ ਦੂਜੇ ਪਾਸੇ ਟਿੱਪਰ ਨਾਲ ਟਕਰਾਉਣ ਕਾਰਨ ਮੁੱਠਡਾ ਕਲਾਂ ਦੇ 3 ਨੌਜਵਾਨਾਂ ਦੀ ਮੌਤ ਹੋ ਗਈ। ਕਾਰ ਫਗਵਾੜਾ ਤੋਂ ਗੋਰਾਇਆ ਵੱਲ ਜਾ ਰਹੀ ਸੀ। ਮ੍ਰਿਤਕਾਂ ਦੀ ਪਛਾਣ ਅਰਮਾਨ ਮਹਿਮੀ, ਸਾਹਿਲ ਮੁਹੰਮਦ ਤੇ ਦਲਜੀਤ ਭੱਟੀ ਵਜੋਂ ਹੋਈ ਹੈ।

ਡਰਾਈਵਰ ਵਿਜੇ ਕੁਮਾਰ ਜ਼ਖਮੀ ਹੋ ਗਿਆ। ਅਰਮਾਨ ਬਾਰ੍ਹਵੀਂ ਦਾ ਵਿਦਿਆਰਥੀ ਸੀ ਤੇ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਸਾਹਿਲ ਮੁਹੰਮਦ ਏ ਸੀ ਮਕੈਨਿਕ ਸੀ ਜਦਕਿ ਭੱਟੀ ਸੈਲੂਨ 'ਤੇ ਕੰਮ ਕਰਦਾ ਸੀ।

### ਜਨਰਲ ਨਰਵਣੇ ਦੀ ਕਿਤਾਬ ਆਨਲਾਈਨ ਉਪਲੱਬਧ : ਰਾਹੁਲ

**ਨਵੀਂ ਦਿੱਲੀ** : ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਸਾਬਕਾ ਫ਼ੌਜ ਮੁਖੀ ਐਮ ਐਮ ਨਰਵਣੇ ਦੀ ਦਸੰਬਰ 2023 ਦੀ ਇੱਕ ਸੋਸ਼ਲ ਮੀਡੀਆ ਪੋਸਟ ਦਾ ਹਵਾਲਾ ਦੇ ਕੇ ਪ੍ਰਕਾਸ਼ਕ ਪੇਂਗੁਇਨ ਰੈਂਡਮ ਹਾਊਸ ਇੰਡੀਆ ਦੇ ਦਾਅਵੇ ਨੂੰ ਚੁਣੌਤੀ ਦਿੱਤੀ ਹੈ। ਪੇਂਗੁਇਨ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਨਰਵਣੇ ਦੀਆਂ ਯਾਦਾਂ 'ਤੇ ਆਧਾਰਿਤ ਕਿਤਾਬ ਅਜੇ ਤੱਕ ਪ੍ਰਕਾਸ਼ਿਤ ਨਹੀਂ ਹੋਈ ਹੈ, ਜਦ ਕਿ ਰਾਹੁਲ ਗਾਂਧੀ ਮੁਤਾਬਕ ਨਰਵਣੇ ਨੇ ਖੁਦ 2023 ਵਿੱਚ ਇਸ ਦੇ ਉਪਲੱਬਧ ਹੋਣ ਬਾਰੇ ਪੋਸਟ ਪਾਈ ਸੀ। ਗਾਂਧੀ ਨੇ ਸਾਫ਼ ਕਿਹਾ ਕਿ ਉਹ ਪੇਂਗੁਇਨ ਦੀ ਬਜਾਏ ਸਾਬਕਾ ਫ਼ੌਜ ਮੁਖੀ ਦੀ ਗੱਲ 'ਤੇ ਜ਼ਿਆਦਾ ਵਿਸ਼ਵਾਸ ਕਰਦੇ ਹਨ। ਸੰਸਦ ਭਵਨ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਗਾਂਧੀ ਨੇ ਜਨਰਲ ਨਰਵਣੇ ਦੀ ਸੋਸ਼ਲ ਮੀਡੀਆ ਵਾਲੀ ਪੋਸਟ ਪੜ੍ਹ ਕੇ ਸੁਣਾਈ, ਜਿਸ ਵਿੱਚ ਲਿਖਿਆ ਸੀ 'ਹੈਲੋ ਦੋਸਤੋ। ਮੇਰੀ ਕਿਤਾਬ ਹੁਣ ਉਪਲੱਬਧ ਹੈ। ਬੱਸ ਲਿੰਕ ਦਾ ਪਾਲਣ ਕਰੋ। ਪੜ੍ਹ ਕੇ ਖੁਸ਼ੀ ਹੋਵੇਗੀ। ਜੈ • ਬਾਕੀ ਸਫਾ 2 'ਤੇ

## ਲੋਕ ਸਿਹਤ ਯੋਜਨਾ ਬਾਰੇ ਅਫਵਾਹਾਂ ਤੋਂ ਸਾਵਧਾਨ ਰਹਿਣ : ਮਾਨ



**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਯੋਜਨਾ ਨੂੰ ਲੈ ਕੇ ਪੰਜਾਬ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਅਫਵਾਹਾਂ ਦਰਮਿਆਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਸ਼ਾਮ ਸਮੇਂ ਸੋਸ਼ਲ ਮੀਡੀਆ 'ਤੇ ਸੰਬੋਧਨ ਕਰਦਿਆਂ ਵਿਰੋਧੀਆਂ ਨੂੰ ਮੋੜਵਾਂ ਜਵਾਬ ਦਿੱਤਾ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਵਿਰੋਧੀ ਪਾਰਟੀਆਂ ਵੱਲੋਂ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਗੁੰਮਰਾਹ ਕੀਤਾ ਜਾ ਰਿਹਾ ਹੈ।

ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਲਈ ਵੱਖ-ਵੱਖ ਹਸਪਤਾਲਾਂ ਨਾਲ ਸਮਝੌਤੇ ਕੀਤੇ ਗਏ ਹਨ। ਇਸ ਦੌਰਾਨ ਵੱਖ-ਵੱਖ ਬਿਮਾਰੀਆਂ ਲਈ ਕੀਮਤ ਤੈਅ ਕੀਤੀ ਗਈ ਹੈ ਅਤੇ ਹਸਪਤਾਲਾਂ ਵੱਲੋਂ ਉਸੇ ਕੀਮਤ 'ਤੇ ਲੋਕਾਂ ਦਾ ਇਲਾਜ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 2600 ਦੇ ਕਰੀਬ ਬਿਮਾਰੀਆਂ ਦਾ ਇਲਾਜ ਕੀਤਾ ਜਾਵੇਗਾ। ਇਸ ਦੌਰਾਨ ਲੋਕਾਂ ਦਾ ਹਸਪਤਾਲ ਵਿੱਚ ਦਾਖਲ ਹੋਣ ਤੋਂ ਲੈ ਕੇ ਛੁੱਟੀ ਤੱਕ ਦਾ ਸਾਰਾ ਭੁਗਤਾਨ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਲੋਕਾਂ ਨੂੰ ਵਿਰੋਧੀ ਪਾਰਟੀਆਂ ਦੀਆਂ ਅਫਵਾਹਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਨੂੰ ਪੰਜਾਬ ਸਣੇ ਦੁਨੀਆਂ ਭਰ ਦੇ ਲੋਕ ਪਸੰਦ ਕਰ ਰਹੇ ਹਨ।

### ਡਿਜੀਟਲ ਢੰਗ ਨਾਲ ਚੈੱਕ ਹੋਣਗੇ ਬਾਰ੍ਹਵੀਂ ਦੇ ਪੇਪਰ

**ਚੰਡੀਗੜ੍ਹ** : ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਨੇ 2026 ਦੀਆਂ ਬੋਰਡ ਪ੍ਰੀਖਿਆਵਾਂ ਲਈ ਅਹਿਮ ਬਦਲਾਅ ਕੀਤਾ ਹੈ। ਬੋਰਡ ਵੱਲੋਂ 12ਵੀਂ ਜਮਾਤ ਦੀਆਂ ਉੱਤਰ-ਪੱਤਰੀਆਂ ਦੇ ਮੁਲਾਂਕਣ ਲਈ ਹੁਣ ਆਨ-ਸਕਰੀਨ ਮਾਰਕਿੰਗ ਪ੍ਰਣਾਲੀ ਅਪਣਾਈ ਜਾਵੇਗੀ। ਇਸ ਨਵੇਂ ਸਿਸਟਮ ਤਹਿਤ ਅਧਿਆਪਕ ਕਾਗਜ਼ੀ ਪੈੱਨ ਦੀ ਥਾਂ ਕੰਪਿਊਟਰ ਸਕਰੀਨ 'ਤੇ ਡਿਜੀਟਲ ਢੰਗ ਨਾਲ ਪੇਪਰ ਚੈੱਕ ਕਰਨਗੇ। 10ਵੀਂ ਜਮਾਤ ਲਈ ਪ੍ਰਕਿਰਿਆ ਫਿਲਹਾਲ ਪੁਰਾਣੇ ਤਰੀਕੇ ਨਾਲ ਹੀ ਚੱਲਦੀ ਰਹੇਗੀ। ਜਾਣਕਾਰੀ ਅਨੁਸਾਰ ਸੀ ਬੀ ਐੱਸ ਈ ਦੇ ਪ੍ਰੀਖਿਆ ਕੰਟਰੋਲਰ ਸੰਯਮ ਭਾਰਦਵਾਜ ਨੇ ਪੱਤਰ ਜਾਰੀ ਕਰਦਿਆਂ ਦੱਸਿਆ ਕਿ ਇਸ ਕਦਮ ਦਾ ਮੁੱਖ ਮਕਸਦ ਪ੍ਰੀਖਿਆ ਦੇ ਨਤੀਜਿਆਂ ਵਿੱਚ ਪਾਰਦਰਸ਼ਤਾ ਲਿਆਉਣਾ ਹੈ। ਹੁਣ ਬਾਰ੍ਹਵੀਂ ਜਮਾਤ ਦੀ ਜਾਂਚ ਡਿਜੀਟਲ ਢੰਗ ਨਾਲ ਹੋਵੇਗੀ ਜਿਸ ਨਾਲ ਗਲਤੀਆਂ ਦੀ ਗੁੰਜਾਇਸ਼ ਖ਼ਤਮ ਹੋ ਜਾਵੇਗੀ ਅਤੇ ਨਤੀਜੇ ਵੀ ਜਲਦੀ ਤਿਆਰ ਕੀਤੇ ਜਾ ਸਕਣਗੇ। ਇਸ ਪ੍ਰਣਾਲੀ ਨਾਲ ਅਧਿਆਪਕਾਂ ਨੂੰ ਦੂਰ-ਦੁਰਾਡੇ ਦੇ ਮੁਲਾਂਕਣ ਕੇਂਦਰਾਂ 'ਤੇ ਜਾਣ ਦੀ ਲੋੜ ਨਹੀਂ ਪਵੇਗੀ, ਉਹ ਆਪਣੇ ਸਕੂਲ ਵਿੱਚ ਰਹਿ ਕੇ ਹੀ ਇਹ ਕੰਮ ਕਰ ਸਕਣਗੇ, ਜਿਸ ਨਾਲ ਸਮੇਂ ਅਤੇ ਪੈਸੇ ਦੀ ਬਚਤ ਹੋਵੇਗੀ। ਇਸ ਲਈ ਸਕੂਲਾਂ ਨੂੰ ਪਾਸਵਰਡ ਜਾਰੀ ਕੀਤੇ ਜਾਣਗੇ। ਜ਼ਿਕਰਯੋਗ ਹੈ ਕਿ 12ਵੀਂ ਜਮਾਤ ਦੀਆਂ ਇਹ ਪ੍ਰੀਖਿਆਵਾਂ 17 ਫਰਵਰੀ ਤੋਂ ਸ਼ੁਰੂ ਹੋਣ ਜਾ ਰਹੀਆਂ ਹਨ।

### ਮਨੀਪੁਰ 'ਚ ਕਈ ਘਰਾਂ ਨੂੰ ਅੱਗ ਲਾਉਣ ਤੋਂ ਬਾਅਦ ਕਰਫਿਊ

**ਇੰਫਾਲ** : ਮਨੀਪੁਰ ਦੇ ਉਖਰੂਲ ਜ਼ਿਲ੍ਹੇ ਵਿੱਚ ਬੀਤੀ ਰਾਤ ਸ਼ਰਾਰਤੀ ਅਨਸਰਾਂ ਵੱਲੋਂ ਲਿਟਨ ਅਤੇ ਇਸ ਦੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਕਈ ਘਰਾਂ ਨੂੰ ਅੱਗ ਲਗਾਉਣ ਤੋਂ ਬਾਅਦ ਹਾਲਾਤ ਬੇਹੱਦ ਤਣਾਅਪੂਰਨ ਹੋ ਗਏ, ਜਿਸ ਕਾਰਨ ਪ੍ਰਸ਼ਾਸਨ ਨੇ ਖੇਤਰ ਵਿਚ ਕਰਫਿਊ ਲਾ ਦਿੱਤਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਐਤਵਾਰ ਅਤੇ ਸੋਮਵਾਰ ਦੀ ਦਰਮਿਆਨੀ ਰਾਤ ਨੂੰ ਹੋਈ ਅਗਜ਼ਨੀ ਦੀ ਘਟਨਾ ਵਿੱਚ ਲੱਗਭੱਗ 25 ਤੋਂ 30 ਘਰ ਅਤੇ ਕਈ ਸਰਕਾਰੀ ਰਿਹਾਇਸ਼ਾਂ ਸਾੜ ਦਿੱਤੀਆਂ ਗਈਆਂ। ਹਿੰਸਾ ਨੂੰ ਰੋਕਣ ਲਈ ਪ੍ਰਸ਼ਾਸਨ ਨੇ ਇਲਾਕੇ ਵਿੱਚ ਤੁਰੰਤ ਪ੍ਰਭਾਵ ਨਾਲ ਕਰਫਿਊ ਲਗਾ ਦਿੱਤਾ ਹੈ ਅਤੇ ਵੱਡੀ ਗਿਣਤੀ ਵਿੱਚ ਸੁਰੱਖਿਆ ਬਲ ਤਾਇਨਾਤ ਕਰ ਦਿੱਤੇ ਹਨ। ਇਸ ਹਿੰਸਾ ਦੀ ਸ਼ੁਰੂਆਤ ਸ਼ਨਿਚਰਵਾਰ ਰਾਤ ਨੂੰ ਇੱਕ ਮਾਮੂਲੀ ਝਗੜੇ ਤੋਂ ਹੋਈ ਸੀ, ਜਿਸ ਤੋਂ ਬਾਅਦ ਦੋ ਭਾਈਚਾਰਿਆਂ ਵਿਚਾਲੇ ਤਣਾਅ ਵਧ ਗਿਆ। ਹਾਲਾਤ ਵਿਗੜਦੇ ਦੇਖ ਕੇ ਬਹੁਤ ਸਾਰੇ ਪਰਵਾਰ ਆਪਣਾ ਸਾਮਾਨ ਲੈ ਕੇ ਸੁਰੱਖਿਅਤ ਥਾਵਾਂ ਵੱਲ ਚਲੇ ਗਏ। ਸਥਿਤੀ ਨੂੰ ਕਾਬੂ ਹੇਠ ਰੱਖਣ ਲਈ ਲਿਟਨ ਪੁਲਸ ਸਟੇਸ਼ਨ ਵਿਚ ਇੱਕ ਸਾਂਝਾ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ ਅਤੇ ਸੀਨੀਅਰ ਅਧਿਕਾਰੀ ਖੁਦ ਮੌਕੇ 'ਤੇ ਮੌਜੂਦ ਹਨ।

## ਲਤੀਫ਼ਪੁਰਾ 'ਚ ਤੜਕੇ ਕਬਜ਼ੇ ਹਟਾਏ

**ਜਲੰਧਰ** : ਇੱਥੇ ਲਤੀਫ਼ਪੁਰਾ ਇਲਾਕੇ ਵਿੱਚ ਮੰਗਲਵਾਰ ਤੜਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਸਾਰੇ ਨਾਜਾਇਜ਼ ਕਬਜ਼ੇ ਹਟਾ ਦਿੱਤੇ ਹਨ। ਇਸ ਮੌਕੇ ਵੱਡੀ ਗਿਣਤੀ ਪੁਲਸ ਫੋਰਸ ਨਾਲ ਨਗਰ ਨਿਗਮ ਦੀਆਂ ਜੇ ਸੀ ਬੀ ਮਸ਼ੀਨਾਂ ਨੇ ਸਵੇਰੇ ਕਰੀਬ 4:30 ਵਜੇ ਨਾਜਾਇਜ਼ ਅਸਥਾਈ ਅਤੇ ਪੱਕੀਆਂ ਉਸਾਰੀਆਂ ਨੂੰ ਢਾਹ ਦਿੱਤਾ। ਇਸ ਕਾਰਵਾਈ ਦੌਰਾਨ ਉੱਥੇ ਰਹਿ ਰਹੇ ਲੋਕਾਂ ਨੂੰ ਬਾਹਰ ਕੱਢ ਦਿੱਤਾ ਗਿਆ। ਇਹ ਲੋਕ ਦਸੰਬਰ 2022 ਵਿੱਚ ਘਰ ਢਾਹੇ ਜਾਣ ਤੋਂ ਬਾਅਦ ਉੱਥੇ ਟੈਂਟ ਲਗਾ ਕੇ ਰਹਿ ਰਹੇ ਸਨ। ਜਲੰਧਰ ਇੰਪਰੂਵਮੈਂਟ ਟਰੱਸਟ ਦੀ ਇਸ ਜ਼ਮੀਨ 'ਤੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਇੱਥੇ ਇੱਕ ਨਵੀਂ ਸੜਕ ਬਣਾਉਣ ਦੀ ਯੋਜਨਾ ਸੀ, • ਬਾਕੀ ਸਫਾ 2 'ਤੇ

### ਅੱਜ-ਨਾਮਾ

ਮਿਲੇ ਸੁਨੇਹਾ ਨਹੀਂ ਸੁੱਖ ਦਾ ਫਿਜ਼ਾ ਵਿੱਚੋਂ,
ਆਉਂਦੇ ਅਵਾੜੇ ਕਈ ਜਾਪਦੇ ਬੁਰੇ ਬੇਲੀ।
ਸੁਫਨੇ ਵਿੱਚ ਗੁਲਦਸਤੇ ਨਾ ਕਦੇ ਲੱਭਣ,
ਛਵ੍ਹੀਆਂ ਦਿੱਸਣ, ਗੰਡਾਸੇ ਤੇ ਛੁਰੇ ਬੇਲੀ।
ਦਿੰਦਾ ਕੋਈ ਸੁਧਾਰਕ ਧਰਵਾਸ ਨਹੀਉਂ,
ਭਰੋਸੇ ਜਾਂਦੇ ਸਰਕਾਰੀ ਸਭ ਖੁਰੇ ਬੇਲੀ।
ਪੈਂਦੀ ਸਮਝ ਵਰੋਲੇ ਨਾ ਆਉਂਦਿਆਂ ਤੋਂ,
ਚੱਲਣੀ ਪੱਛੋਂ ਜਾਂ ਵਹਿਣੇ ਈ ਪੁਰੇ ਬੇਲੀ।
ਸੁਰਾਂ ਸੁਣਦੀਆਂ ਜਿਵੇਂ ਹਨ ਫਿਜ਼ਾ ਵਿੱਚੋਂ,
ਕੰਬਣੀ ਆਣ ਕੇ ਛੇੜਦੀਆਂ ਨਿੱਤ ਬੇਲੀ।
ਚਮਨ ਤੇ ਅਮਨ ਪੰਜਾਬ 'ਤੇ ਦਾਅ ਲੱਗਾ,
ਹੁੰਦੀ ਲੱਗਦੀ ਕੋਈ ਬੜੀ ਘਤਿੱਤ ਬੇਲੀ।

-ਤੀਸ ਮਾਰ ਖਾਂ

## ਟਰੰਪ ਵੱਲੋਂ ਕੈਨੇਡਾ ਨੂੰ ਨਵੇਂ ਪੁਲ ਦੇ ਉਦਘਾਟਨ 'ਤੇ ਰੋਕ ਲਾਉਣ ਦੀ ਧਮਕੀ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਕਾਰਨ ਅਮਰੀਕਾ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਖਟਾਸ ਆ ਗਈ ਹੈ। ਟਰੰਪ ਨੇ ਦੋਵਾਂ ਦੇਸ਼ਾਂ ਦਰਮਿਆਨ ਚੱਲ ਰਹੀ ਵਪਾਰਕ ਜੰਗ ਨੂੰ ਇੱਕ ਨਵੇਂ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਟਰੰਪ ਨੇ ਐਲਾਨ ਕੀਤਾ ਕਿ ਉਹ ਡੈਟਰਾਇਟ ਅਤੇ ਵਿੰਡਸਰ ਨੂੰ ਜੋੜਨ ਵਾਲੇ ਨਵੇਂ 4.7 ਬਿਲੀਅਨ ਡਾਲਰ ਦੇ ਗੋਰਡੀ ਹੋਵ ਇੰਟਰਨੈਸ਼ਨਲ ਬ੍ਰਿਜ ਨੂੰ ਉਦੋਂ ਤੱਕ ਨਹੀਂ ਖੁੱਲ੍ਹਣ ਦੇਣਗੇ ਜਦੋਂ ਤੱਕ ਕੈਨੇਡਾ ਅਮਰੀਕਾ ਨੂੰ ਪੂਰਾ ਮੁਆਵਜ਼ਾ ਅਤੇ ਬਣਦਾ ਸਤਿਕਾਰ ਨਹੀਂ ਦਿੰਦਾ। ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਕੈਨੇਡਾ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕੈਨੇਡਾ ਅਮਰੀਕਾ ਨਾਲ ਨਾ-ਇਨਸਾਫ਼ੀ ਕਰ ਰਿਹਾ ਹੈ ਅਤੇ ਉਹ ਇਸ ਪੁਲ ਦੀ ਘੱਟੋ-ਘੱਟ ਅੱਧੀ ਹਿੱਸੇਦਾਰੀ ਦੀ ਮੰਗ ਕਰਨਗੇ। ਇਸ ਵਿਵਾਦ ਦੀ ਜੜ੍ਹ ਕੈਨੇਡਾ ਵੱਲੋਂ ਚੀਨ ਨਾਲ ਕੀਤੇ ਜਾ ਰਹੇ ਵਪਾਰਕ ਸਮਝੌਤੇ ਅਤੇ ਅਮਰੀਕੀ ਵਸਤੂਆਂ 'ਤੇ ਲਗਾਏ ਗਏ ਟੈਕਸ ਹਨ। ਟਰੰਪ ਨੇ ਦੋਸ਼ ਲਾਇਆ ਕਿ ਕੈਨੇਡਾ ਅਮਰੀਕੀ ਸ਼ਰਾਬ ਅਤੇ ਡੇਅਰੀ ਉਤਪਾਦਾਂ ਨੂੰ ਆਪਣੇ ਬਾਜ਼ਾਰਾਂ ਵਿੱਚ ਸਹੀ ਥਾਂ ਨਹੀਂ ਦੇ ਰਿਹਾ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਚੀਨ ਨਾਲ ਵਪਾਰਕ ਸਾਂਝ ਕਾਰਨ ਕੈਨੇਡਾ ਵਿੱਚ ਆਈਸ ਹਾਕੀ ਵਰਗੀਆਂ ਖੇਡਾਂ ਅਤੇ ਸਟੈਨਲੀ ਕੱਪ 'ਤੇ ਵੀ ਖ਼ਤਰਾ ਮੰਡਰਾ ਸਕਦਾ ਹੈ। ਰਾਸ਼ਟਰਪਤੀ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਉਹ ਇਸ ਸੰਪਤੀ ਦੇ ਮਾਲਕਾਨਾ ਹੱਕ ਨੂੰ ਲੈ ਕੇ ਤੁਰੰਤ ਗੱਲਬਾਤ ਸ਼ੁਰੂ ਕਰਨ ਜਾ ਰਹੇ ਹਨ ਕਿਉਂਕਿ ਉਨ੍ਹਾਂ ਮੁਤਾਬਕ ਅਮਰੀਕਾ ਨੇ ਪਹਿਲਾਂ ਹੀ ਕੈਨੇਡਾ ਨੂੰ ਬਹੁਤ ਕੁਝ ਦਿੱਤਾ ਹੈ। ਦੂਜੇ ਪਾਸੇ, ਇਸ ਪੁਲ ਦਾ ਇਤਿਹਾਸ ਕਾਫ਼ੀ ਵੱਖਰਾ ਹੈ। ਸਾਲ 2012 ਵਿੱਚ ਜਦੋਂ ਅਮਰੀਕਾ ਨੇ ਇਸ ਪੁਲ ਲਈ ਫੰਡ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ ਤਾਂ ਕੈਨੇਡਾ ਨੇ ਇਸ ਦੇ ਨਿਰਮਾਣ ਦਾ ਸਾਰਾ ਖ਼ਰਚਾ ਖ਼ੁਦ ਚੁੱਕਣ ਦਾ ਫੈਸਲਾ ਕੀਤਾ ਸੀ। ਇਹ ਪੁਲ ਹੁਣ ਮੁਕੰਮਲ ਹੋਣ ਦੇ ਕਰੀਬ ਹੈ ਅਤੇ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਇਸ ਨੂੰ ਆਮ ਜਨਤਾ ਲਈ ਖੋਲ੍ਹਿਆ ਜਾਣਾ ਹੈ। ਮਿਸ਼ੀਗਨ ਦੀ ਗਵਰਨਰ ਗ੍ਰੈਚਨ ਵਿਟਮਰ ਅਤੇ ਹੋਰ ਲੋਕਤੰਤਰੀ ਆਗੂਆਂ ਨੇ ਟਰੰਪ ਦੇ ਇਸ ਫੈਸਲੇ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪੁਲ ਦੋਵਾਂ ਦੇਸ਼ਾਂ ਦੇ ਕਾਮਿਆਂ ਤੇ ਮਜ਼ਦੂਰਾਂ ਦੀ ਮਿਹਨਤ ਦਾ ਨਤੀਜਾ ਹੈ ਅਤੇ ਇਸ ਨੂੰ ਰੋਕਣਾ ਮਿਸ਼ੀਗਨ ਦੀ ਆਰਥਿਕਤਾ, ਸਪਲਾਈ ਚੇਨ ਅਤੇ ਹਜ਼ਾਰਾਂ ਨੌਕਰੀਆਂ ਲਈ ਘਾਤਕ ਸਿੱਧ ਹੋਵੇਗਾ। ਮਾਹਰਾਂ ਅਨੁਸਾਰ ਇਹ ਪੁਲ ਵਪਾਰਕ ਪੱਖੋਂ ਬਹੁਤ ਅਹਿਮ ਹੈ ਕਿਉਂਕਿ ਇਹ ਟਰੱਕਾਂ ਦੇ ਸਫਰ ਦਾ ਸਮਾਂ ਘਟਾ ਦੇਵੇਗਾ, ਜਿਸ ਨਾਲ ਕਰੋੜਾਂ ਡਾਲਰ ਦੀ ਬੱਚਤ ਹੋਵੇਗੀ। ਹੁਣ ਜਦੋਂ ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ ਪਹਿਲਾਂ ਹੀ ਇਸ ਨੂੰ ਅਧਿਕਾਰਤ ਲਾਂਘਾ ਐਲਾਨ ਚੁੱਕਾ ਹੈ ਤਾਂ ਟਰੰਪ ਦੀ ਇਸ ਧਮਕੀ ਨੇ ਸਰਹੱਦ ਦੇ ਦੋਵੇਂ ਪਾਸੇ ਕਾਰੋਬਾਰੀਆਂ ਅਤੇ ਸਿਆਸਤਦਾਨਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ।



11-FEB-PAGE-1.qxd 2/10/2026 8:23 PM Page 2



## ਮਾਊਂਟ ਲਿਟਰਾ ਸਕੂਲ 'ਚ 'ਨੈਤਿਕ ਸਿੱਖਿਆ' ਵਿਸ਼ੇ 'ਤੇ ਅਧਿਆਪਕ ਸਿਖਲਾਈ ਕੈਂਪ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਸਕੂਲ ਨੇ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਨੂੰ ਉਤਸ਼ਾਹਤ ਕਰਨ ਤੇ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਨ ਲਈ 'ਨੈਤਿਕ ਸਿੱਖਿਆ' ਵਿਸ਼ੇ 'ਤੇ ਇੱਕ ਰੋਜ਼ਾ ਅਧਿਆਪਕ ਸਿਖਲਾਈ ਕੈਂਪ ਲਾਇਆ ਗਿਆ।ਸ੍ਰੀਮਤੀ ਨਿਸ਼ਾ ਰਾਣੀ, ਪ੍ਰਿੰਸੀਪਲ (ਡੀ.ਏ.ਵੀ.ਸੀ.ਸੈ.ਸੈ. ਸ਼ਤਾਬਦੀ ਪਬਲਿਕ ਸਕੂਲ, ਫਿਰੋਜ਼ਪੁਰ ਛਾਉਣੀ) ਤੇ ਸ੍ਰੀ ਬਲਬੀਰ ਸਿੰਘ, ਪ੍ਰਿੰਸੀਪਲ (ਇਨੋਵੇਟਿਵ ਗਲੋਬਲ ਸਕੂਲ ਬਠਿੰਡਾ) ਨੇ ਸਿਖਲਾਈ ਕੈਂਪ ਵਿੱਚ ਵਿਸ਼ੇਸ਼ ਪਰਸਨ ਵਜੋਂ ਹਿੱਸਾ ਲਿਆ।ਪਹੁੰਚਣ 'ਤੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ, ਸ੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ੍ਰੀਮਤੀ ਗੀਤਾ ਪਿੰਗੇ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਦੋਵਾਂ ਮਹਿਮਾਨਾਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਤੇ ਮੁੱਲ-ਅਧਾਰਤ ਸਿੱਖਿਆ, ਨੈਤਿਕਤਾ, ਅਨੁਸ਼ਾਸਨ ਤੇ ਸਕਾਰਾਤਮਕ ਸੋਚ ਦੀ ਮਹੱਤਤਾ ਨੂੰ ਉਜਾਗਰ ਕੀਤਾ।ਮਹਿਮਾਨਾਂ ਨੇ ਦੱਸਿਆ ਕਿ ਸਿੱਖਿਆ ਚਰਿੱਤਰ ਨਿਰਮਾਣ ਤੇ ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।ਕੈਂਪ ਦੇ ਅੰਤ ਵਿੱਚ ਸਕੂਲ ਪ੍ਰਬੰਧਨ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਸਿਖਲਾਈ ਕੈਂਪ ਦਾ ਆਯੋਜਨ ਜਾਰੀ ਰੱਖਣ ਦਾ ਵਾਅਦਾ ਕੀਤਾ।ਇਹ ਸਿਖਲਾਈ ਕੈਂਪ ਸਾਰੇ ਅਧਿਆਪਕਾਂ ਲਈ ਜਾਣਕਾਰੀ ਭਰਪੂਰ ਤੇ ਪ੍ਰੇਰਣਾਦਾਇਕ ਸਾਬਿਤ ਹੋਇਆ।

## ਸੀ ਐੱਚ ਸੀ ਵਿਖੇ ਗਰਭਵਤੀ ਔਰਤਾਂ ਲਈ ਕੈਂਪ ਲਾਇਆ

**ਮਮਦੋਟ (ਜਸਵੀਰ ਸਿੰਘ ਕੰਬੋਜ)**-ਸਿਵਲ ਸਰਜਨ ਫਿਰੋਜ਼ਪੁਰ ਡਾ: ਰਾਜੀਵ ਪਰਾਸ਼ਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਤੇ ਸੀਨੀਅਰ ਮੈਡੀਕਲ ਅਫ਼ਸਰ ਮਮਦੋਟ ਡਾ. ਰੇਖਾ ਭੱਟੀ ਦੀ ਅਗਵਾਈ ਵਿੱਚ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਵਿਖੇ ਪ੍ਰਧਾਨ ਮੰਤਰੀ ਸੁਰੱਖਿਆ ਮਾਤ੍ਰਿਤਵ ਯੋਜਨਾ ਤਹਿਤ ਗਰਭਵਤੀ ਔਰਤਾਂ ਦਾ ਡਾਕਟਰੀ ਚੈੱਕਅਪ ਕਰਨ ਲਈ ਕੈਂਪ ਲਗਾਇਆ ਗਿਆ।ਇਸ ਮੌਕੇ ਔਰਤ ਰੋਗਾਂ ਦੇ ਮਾਹਰ ਡਾ. ਰਮਨਦੀਪ ਕੌਰ ਨੇ ਦੱਸਿਆ ਕਿ ਇਸ ਕੈਂਪ ਦਾ ਮਕਸਦ ਗਰਭਵਤੀ ਔਰਤਾਂ ਦੀ ਸਮੇਂ ਸਿਰ ਦੇਖਭਾਲ ਕਰ ਕੇ ਸੁਰੱਖਿਅਤ ਬੱਚੇ ਦੇ ਜਨਮ ਨੂੰ ਯਕੀਨੀ ਬਣਾਉਣਾ ਹੈ।ਉਨ੍ਹਾਂ ਨੇ ਰੁਟੀਨ ਚੈੱਕਅਪ, ਪੌਸ਼ਟਿਕ ਖੁਰਾਕ ਸਲਾਹ ਮਸ਼ਵਰਾ ਤੇ ਉੱਚ ਖਤਰੇ ਵਾਲੀਆਂ ਗਰਭਵਤੀ ਔਰਤਾਂ ਦੀ ਸਕ੍ਰੀਨਿੰਗ ਕੀਤੀ।ਇਸ ਦੇ ਨਾਲ ਗਰਭਵਤੀ ਔਰਤਾਂ ਦੇ ਟੈਸਟ ਕੀਤੇ ਤੇ ਦਵਾਈਆਂ ਦਿੱਤੀਆਂ ਗਈਆਂ।ਬਲਾਕ ਐਜੂਕੇਟਰ ਅਮਨ ਕੰਬੋਜ ਨੇ ਗਰਭਵਤੀ ਔਰਤਾਂ ਨੂੰ ਚੰਗੀ ਖੁਰਾਕ ਬਾਰੇ ਦੱਸਿਆ ਤੇ ਨਾਲ ਹੀ ਕਿਹਾ ਕਿ ਜੇਕਰ ਤੁਸੀਂ ਕਿਸੇ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ, ਜਿਵੇਂ ਕਿ ਥਕਾਵਟ, ਖੂਨ ਦੀ ਘਾਟ ਤਾਂ ਤੁਰੰਤ ਸਾਡੀ ਸਲਾਹ ਲਵੋ।ਇਸ ਮੌਕੇ ਗਰਭਵਤੀ ਔਰਤਾਂ ਨੂੰ ਫਲ ਫਰੂਟ ਵੀ ਵੰਡੇ ਗਏ।ਇਸ ਮੌਕੇ ਸਟਾਫ ਨਰਸ ਸੋਨੂੰ ਜਸ਼ੋਤਾ ਤੇ ਹੋਰ ਸਟਾਫ ਹਾਜ਼ਰ ਰਿਹਾ।



## ਵਿਧਾਇਕਾ ਮਾਣੂੰਕੇ ਨੇ ਈ ਓ ਨਾਲ ਐੱਨ ਓ ਸੀ ਤੇ ਨਕਸ਼ਿਆਂ ਸੰਬੰਧੀ ਮੀਟਿੰਗ

### ਸ਼ਹਿਰ ਵਾਸੀਆਂ ਨੂੰ ਐੱਨ ਓ ਸੀ ਤੇ ਨਕਸ਼ਿਆਂ ਸੰਬੰਧੀ ਕੋਈ ਦਿੱਕਤ ਨਹੀਂ ਆਵੇਗੀ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਨਗਰ ਕੌਂਸਲ ਵਿਖੇ ਸ਼ਹਿਰ ਵਾਸੀਆਂ ਦੀ ਵੱਡੀ ਸਮੱਸਿਆ ਐੱਨ. ਓ. ਸੀ. ਤੇ ਨਕਸ਼ਿਆਂ ਸੰਬੰਧੀ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਇਕ ਵਿਸ਼ੇਸ਼ ਮੀਟਿੰਗ ਕੀਤੀ।ਮੀਟਿੰਗ 'ਚ ਨਗਰ ਕੌਂਸਲ ਦੇ ਅਧਿਕਾਰੀਆਂ ਕਾਰਜ ਸਾਧਕ ਅਫ਼ਸਰ ਸਮੇਤ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕਰਕੇ ਸ਼ਹਿਰ ਵਾਸੀਆਂ ਲਈ ਕਈ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ ਗਈਆਂ। ਮੀਟਿੰਗ ਦੌਰਾਨ ਵਿਧਾਇਕਾ ਮਾਣੂੰਕੇ ਦੀ ਹਾਜ਼ਰੀ 'ਚ ਕਾਰਜ ਸਾਧਕ ਅਫ਼ਸਰ ਮੋਹਿਤ ਸ਼ਰਮਾ ਨੇ ਐੱਨ. ਓ. ਸੀ. ਸੰਬੰਧੀ ਪੈਦਾ ਭੰਬਲਭੂਸੇ ਨੂੰ ਦੂਰ ਕੀਤਾ। ਉਨ੍ਹਾਂ ਸਪੱਸ਼ਟ ਸ਼ਬਦਾਂ 'ਚ ਜਾਣਕਾਰੀ ਦਿੱਤੀ ਕਿ 1995 ਤੋਂ ਪਹਿਲਾਂ ਦੀਆਂ ਰਜਿਸਟਰੀਆਂ, ਜਿਨ੍ਹਾਂ ਮਕਾਨ ਮਾਲਕਾਂ ਦੀ ਰਜਿਸਟਰੀ ਸਾਲ 1995 ਤੋਂ ਪਹਿਲਾਂ ਦੀ ਹੈ, ਉਨ੍ਹਾਂ ਨੂੰ ਐੱਨ. ਓ. ਸੀ. ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਦੱਸਿਆ ਕਿ ਲਾਲ ਲਕੀਰ ਦੇ ਅੰਦਰ ਆਉਂਦੇ ਕਿਸੇ ਵੀ ਮਕਾਨ ਮਾਲਕ ਨੂੰ ਐੱਨ. ਓ. ਸੀ. ਦੀ ਜ਼ਰੂਰਤ ਨਹੀਂ ਪਵੇਗੀ। ਕਾਰਜ ਸਾਧਕ ਅਫ਼ਸਰ ਮੋਹਿਤ ਸ਼ਰਮਾ ਨੇ ਦੱਸਿਆ ਕਿ ਲੋਕ ਇਨ੍ਹਾਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੇ, ਸਿਰਫ਼ ਉਨ੍ਹਾਂ ਨੂੰ ਹੀ ਐੱਨ. ਓ. ਸੀ. ਦੀ ਲੋੜ ਹੋਵੇਗੀ। ਅਜਿਹੇ ਵਿਅਕਤੀ ਨਗਰ ਕੌਂਸਲ ਦਫ਼ਤਰ ਵਿਖੇ ਬਣਦੀ ਸਰਕਾਰੀ ਫੀਸ ਜਮ੍ਹਾਂ ਕਰਵਾ ਕੇ ਆਪਣੀ ਐੱਨ. ਓ. ਸੀ. ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਮ ਲੋਕਾਂ ਦੀ ਖੱਜਲ-ਖੁਆਰੀ ਘਟਾਉਣ ਲਈ ਨਕਸ਼ਿਆਂ ਨੂੰ ਪਾਸ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ ਤੇ ਸਾਰਾ ਕੰਮ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਿਆ ਜਾਵ। ਇਸ ਮੌਕੇ ਪ੍ਰੋ: ਸੁਖਵਿੰਦਰ ਸਿੰਘ, ਕਾਰਜਕਾਰੀ ਪ੍ਰਧਾਨ ਕੰਵਰਪਾਲ ਸਿੰਘ, ਮੀਤ ਪ੍ਰਧਾਨ ਜਗਜੀਤ ਸਿੰਘ ਜੱਗੀ, ਐੱਮ. ਈ. ਅਸ਼ੋਕ ਕੁਮਾਰ, ਕੌਂਸਲਰ ਸਤੀਸ਼ ਕੁਮਾਰ ਪੱਪੂ, ਰਵਿੰਦਰ ਕੁਮਾਰ ਫੀਨਾ ਸੱਭਰਵਾਲ ਤੇ ਕੌਂਸਲਰ ਅਨਮੋਲ ਗੁਪਤਾ ਆਦਿ ਹਾਜ਼ਰ ਸਨ।

## ਡੀ ਬੀ ਯੂ ਦੇ ਵਫ਼ਦ ਵੱਲੋਂ ਅਲਬਰਟਾ ਦੀ ਮੰਤਰੀ ਨਾਲ ਮੁਲਾਕਾਤ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਦੇ ਵਫ਼ਦ ਨੇ ਚੰਡੀਗੜ੍ਹ ਵਿੱਚ ਆਯੋਜਿਤ ਅਲਬਰਟਾ (ਕੈਨੇਡਾ)-ਭਾਰਤ ਡਿਪਲੋਮੈਟਿਕ ਸਟੇਟ ਵਿਜ਼ਿਟ 2026 ਵਿੱਚ ਸ਼ਾਮਲ ਹੋ ਕੇ ਮੰਤਰੀ ਨਾਲ ਮੁਲਾਕਾਤ ਕੀਤੀ, ਜਿਸ ਨਾਲ ਵਿਸ਼ਵਵਿਆਪੀ ਅਕਾਦਮਿਕ ਸਹਿਯੋਗ ਤੇ ਅੰਤਰਰਾਸ਼ਟਰੀ ਸ਼ਮੂਲੀਅਤ ਪ੍ਰਤੀ ਆਪਣੀ ਵਚਨਬੱਧਤਾ ਪੇਸ਼ ਕੀਤੀ।ਡੀ ਬੀ ਯੂ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਉੱਚ-ਪੱਧਰੀ ਕਾਰਜਕਾਰੀ ਮੀਟਿੰਗ ਤੇ ਰਣਨੀਤਕ ਸੰਵਾਦ ਵਿੱਚ ਹਿੱਸਾ ਲਿਆ, ਜਿੱਥੇ ਉਨ੍ਹਾਂ ਅਲਬਰਟਾ (ਕੈਨੇਡਾ) ਸਰਕਾਰ ਦੇ ਇਮੀਗ੍ਰੇਸ਼ਨ ਤੇ ਬਹੁ-ਸੱਭਿਆਚਾਰਵਾਦ ਮੰਤਰੀ ਰਾਜਨ ਸਾਹਨੀ ਨਾਲ ਗੱਲਬਾਤ ਕੀਤੀ।ਇਸ ਦੌਰਾਨ ਯੂਨੀਵਰਸਿਟੀ ਲੀਡਰਸ਼ਿਪ ਨੇ ਰਸਮੀ ਤੌਰ 'ਤੇ ਡੀ ਬੀ ਯੂ ਵੱਲੋਂ ਇਮੀਗ੍ਰੇਸ਼ਨ ਤੇ ਬਹੁ-ਸੱਭਿਆਚਾਰਵਾਦ ਮੰਤਰੀ ਰਾਜਨ ਸਾਹਨੀ ਨੂੰ ਇੱਕ ਅਧਿਕਾਰਤ ਸਹਿਯੋਗ ਲਈ ਦਸਤਾਵੇਜ਼ ਪੇਸ਼ ਕੀਤਾ।ਦਸਤਾਵੇਜ਼ ਵਿੱਚ ਡੀ ਬੀ ਯੂ ਦੇ ਦ੍ਰਿਸ਼ਟੀਕੋਣ, ਅਕਾਦਮਿਕ ਸ਼ਕਤੀਆਂ ਅਤੇ ਭਾਰਤ ਤੇ ਅਲਬਰਟਾ ਵਿਚਕਾਰ ਸਹਿਯੋਗ ਦੇ ਪ੍ਰਸਤਾਵਿਤ ਖੇਤਰਾਂ ਨੂੰ ਮੁੱਖ ਰਣਨੀਤਕ ਥੰਮ੍ਹਾਂ ਵਿੱਚ ਦਰਸਾਇਆ ਗਿਆ ਹੈ, ਜਿਸ ਵਿੱਚ ਸਿੱਖਿਆ ਤੇ ਅਕਾਦਮਿਕ ਨਵੀਨਤਾ, ਖੋਜ ਤੇ ਗਿਆਨ ਸਿਰਜਣਾ, ਤਕਨਾਲੋਜੀ ਤੇ ਉੱਭਰ ਰਹੇ ਖੇਤਰ, ਊਰਜਾ ਤੇ ਹਾਈਡ੍ਰੋਜਨ, ਖੇਤੀਬਾੜੀ-ਤਕਨੀਕ ਤੇ ਹੁਨਰ ਵਿਕਾਸ ਸ਼ਾਮਲ ਹਨ।

## ਧੂਰਕੋਟ ਰਣਸੀਂਹ 'ਚ ਚੋਰਾਂ ਨੇ ਮੋਬਾਇਲ ਸ਼ਾਪ ਲੁੱਟੀ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਹਲਕੇ ਅੰਦਰ ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਕਾਰਨ ਲੋਕਾਂ ਵਿੱਚ ਭਾਰੀ ਡਰ ਤੇ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ, ਪਰ ਇਹ ਸਮਾਜ ਵਿਰੋਧੀ ਅਨਸਰ ਪੁਲਸ ਦੀ ਪਕੜ ਤੋਂ ਹਮੇਸ਼ਾ ਬਾਹਰ ਰਹਿੰਦੇ ਹਨ।ਪੁਲਸ ਨੂੰ ਲਿਖਤੀ ਦਿੱਤੀ ਦਰਖਾਸਤ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿੰਡ ਧੂਰਕੋਟ ਰਣਸੀਂਹ ਦੇ ਵਸਨੀਕ ਰਣਜੀਤ ਸਿੰਘ ਸੋਨੀ ਪੁੱਤਰ ਕਾਮਰੇਡ ਮਹਿੰਦਰ ਸਿੰਘ ਨੇ ਦੱਸਿਆ ਕਿ ਮੇਰੀ ਇਸ ਪਿੰਡ ਵਿੱਚ ਮੋਬਾਇਲਾਂ ਦੀ ਦੁਕਾਨ ਹੈ।ਪਿਛਲੇ ਦੋ ਢਾਈ ਮਹੀਨਿਆਂ ਵਿੱਚ ਲਗਾਤਾਰ ਦੋ ਵਾਰੀ ਚੋਰੀ ਦੀਆਂ ਵਾਰਦਾਤਾਂ ਹੋਣ ਕਾਰਨ ਮੇਰਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ।ਪਹਿਲੀ ਚੋਰੀ ਸਮੇਂ ਚੋਰਾਂ ਨੇ ਜਿੰਦਰਾ ਤੋੜ ਕੇ ਮੇਰੀ ਦੁਕਾਨ ਵਿੱਚੋਂ ਡੇਢ ਲੱਖ ਦੇ ਮੋਬਾਈਲ ਤੇ ਹੋਰ ਕੀਮਤੀ ਸਾਮਾਨ ਚੋਰੀ ਕੀਤਾ।ਹੁਣ ਬੀਤੀ ਰਾਤ ਚੋਰਾਂ ਨੇ ਛੱਤ ਵਿੱਚ ਪਾੜ ਲਗਾ ਕੇ ਦੁਕਾਨ ਵਿੱਚੋਂ ਇੱਕ ਲੱਖ ਰੁਪਏ ਦੇ ਕਰੀਬ ਸਾਮਾਨ ਚੋਰੀ ਕਰ ਲਿਆ ਹੈ।ਉਨ੍ਹਾਂ ਦੱਸਿਆ ਕਿ ਪੁਲਸ ਨੂੰ ਲਿਖਤੀ ਦਰਖਾਸਤ ਵਿੱਚ ਚੋਰ ਦਾ ਨਾਮ ਦੱਸ ਦਿੱਤਾ ਗਿਆ ਹੈ।ਉਨ੍ਹਾਂ ਅਖੀਰ ਵਿੱਚ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਚੋਰਾਂ 'ਤੇ ਕਾਨੂੰਨੀ ਕਾਰਵਾਈ ਕਰਕੇ ਮੇਰਾ ਕੀਮਤੀ ਸਾਮਾਨ ਵਾਪਸ ਕਰਵਾਇਆ ਜਾਵੇ।

## ਗੰਦੇ ਪਾਣੀ ਤੇ ਸੀਵਰੇਜ ਸਮੱਸਿਆ ਹੱਲ ਹੋਣ 'ਤੇ ਮੁਹੱਲਾ ਵਾਸੀਆਂ ਵੱਲੋਂ ਧਰਨਾ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪਿਛਲੇ ਲੰਮੇ ਸਮੇਂ ਤੋਂ ਗੁਰੂ ਹਰਸਹਾਏ ਵਿੱਚ ਰੇਲਵੇ ਬਸਤੀ ਵਾਰਡ ਨੰਬਰ 14 ਤੇ ਵਾਰਡ ਨੰਬਰ 15 ਵਿੱਚ ਲੋਕਾਂ ਦੇ ਘਰਾਂ ਤੇ ਦੁਕਾਨਾਂ ਦੇ ਬਾਹਰ ਸੀਵਰੇਜ ਦਾ ਗੰਦਾ ਪਾਣੀ ਓਵਰਫਲੋ ਹੋ ਕੇ ਖੜਾ ਹੈ, ਜਿਸ ਤੋਂ ਪ੍ਰੇਸ਼ਾਨ ਹੋ ਕੇ ਵਾਰਡ ਵਾਸੀਆਂ ਵੱਲੋਂ ਕਈ ਵਾਰ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤਾਂ ਦੇ ਕੇ ਸਮੱਸਿਆ ਦਾ ਹੱਲ ਕਰਨ ਲਈ ਬੇਨਤੀ ਕੀਤੀ ਗਈ, ਪ੍ਰੰਤੂ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਨਗਰ ਕੌਂਸਲ ਦੇ ਕਿਸੇ ਵੀ ਅਧਿਕਾਰੀ ਦੇ ਸੰਬੰਧਤ ਵਾਰਡ ਦੇ ਕੌਂਸਲਰ ਵੱਲੋਂ ਇਸ ਸਮੱਸਿਆ ਦਾ ਹੱਲ ਨਹੀਂ ਕਰਵਾਇਆ ਗਿਆ।ਇਸ ਦੇ ਰੋਸ ਵਜੋਂ ਵਾਰਡ ਵਾਸੀਆਂ ਵੱਲੋਂ ਜੋਗਾ ਸਿੰਘ ਤੇ ਸਮਾਜਸੇਵੀ ਸਤਪਾਲ ਨਰੂਲਾ ਆਦਿ ਦੀ ਅਗਵਾਈ ਹੇਠ ਨਗਰ ਕੌਂਸਲ ਦੇ ਦਫ਼ਤਰ ਨੂੰ ਬਾਹਰੋਂ ਤਾਲਾ ਜੜ ਕੇ ਨਗਰ ਕੌਂਸਲ ਦਫਤਰ ਦੇ ਬਾਹਰ ਧਰਨਾ ਦਿੱਤਾ ਗਿਆ।ਨਗਰ ਕੌਂਸਲ ਪੰਜਾਬ ਸਰਕਾਰ ਤੇ ਵਿਧਾਇਕ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਵਾਰਡ ਨੰਬਰ 14 ਤੇ 15 ਦੇ ਸੀਵਰੇਜ ਦੀ ਸਮੱਸਿਆ ਦਾ ਹੱਲ ਨਹੀਂ ਹੁੰਦਾ, ਉਹ ਆਪਣਾ ਧਰਨਾ ਸਮਾਪਤ ਨਹੀਂ ਕਰਨਗੇ।

## ਵਿਧਾਇਕਾ ਨੇ ਐੱਚ ਐੱਮ ਈ ਐੱਲ ਸਕਾਲਰਸ਼ਿਪ ਤੇ ਲੈਪਟਾਪ ਵੰਡੇ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਸਤਰ ਉੱਚਾ ਚੁੱਕਣ ਲਈ ਐੱਚ ਐੱਮ ਈ ਐੱਲ ਗੁਰੂ ਗੋਬਿੰਦ ਸਿੰਘ ਰਿਫ਼ਾਇਨਰੀ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਸੀ ਕੜੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਸਾਬੋ ਵਿੱਚ ਸਾਲਾਨਾ ਸਮਾਗਮ ਦੌਰਾਨ ਸਕਾਲਰਸ਼ਿਪ ਵੰਡ ਸਮਾਰੋਹ ਕੀਤਾ ਗਿਆ।ਇਸ ਮੌਕੇ ਹਲਕਾ ਤਲਵੰਡੀ ਸਾਬੋ ਦੀ ਵਿਧਾਇਕ ਸ੍ਰੀਮਤੀ ਬਲਜਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਧਿਕਾਰੀ ਮਮਤਾ ਖੰਨਾ, ਸਕੂਲ ਆਫ਼ ਐਮੀਨੈਂਸ ਦੇ ਮੁੱਖ ਅਧਿਆਪਕ ਦਵਿੰਦਰ ਕੁਮਾਰ ਗੋਇਲ, ਸਕੂਲ ਪ੍ਰਿੰਸੀਪਲ ਸੁਖਦੀਪ ਕੌਰ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਸਮਾਗਮ ਦੌਰਾਨ ਵਿਧਾਇਕ ਸ੍ਰੀਮਤੀ ਬਲਜਿੰਦਰ ਕੌਰ ਨੇ ਦਸਵੀਂ ਜਮਾਤ ਦੇ ਮੇਧਾਵੀ ਵਿਦਿਆਰਥੀਆਂ ਨੂੰ ਐੱਚ ਐੱਮ ਈ ਐੱਲ ਸਕਾਲਰਸ਼ਿਪ ਤੇ ਟੈਬ ਦੇ ਕੇ ਸਨਮਾਨਤ ਕੀਤਾ, ਤਾਂ ਜੋ ਉਹ ਡਿਜੀਟਲ ਮਾਧਿਅਮ ਰਾਹੀਂ ਆਪਣੀ ਪੜ੍ਹਾਈ ਨੂੰ ਹੋਰ ਮਜ਼ਬੂਤ ਬਣਾ ਸਕਣ।ਇਸ ਤੋਂ ਇਲਾਵਾ ਬਾਰ੍ਹਵੀਂ ਜਮਾਤ ਦੇ ਛੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇ ਨਾਲ ਲੈਪਟਾਪ ਭੇਟ ਕੀਤੇ ਗਏ, ਜਿਸ ਨਾਲ ਉਹ ਆਪਣੀ ਉੱਚ ਸਿੱਖਿਆ ਲਈ ਹੋਰ ਸਸ਼ਕਤ ਹੋ ਸਕਣ।ਇਸ ਮੌਕੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ ਗਈ।ਸਾਲਾਨਾ ਸਮਾਗਮ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਸੰਸਕ੍ਰਿਤਕ ਪ੍ਰੋਗਰਾਮਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਜ਼ਿਲ੍ਹਾ ਸਿੱਖਿਆ ਅਧਿਕਾਰੀ ਮਮਤਾ ਖੰਨਾ ਤੇ ਪ੍ਰਿੰਸੀਪਲ ਸੁਖਦੀਪ ਕੌਰ ਨੇ ਐੱਚ ਐੱਮ ਈ ਐੱਲ ਦੀ ਇਸ ਪਹਿਲ ਦੀ ਸਰਾਹਣਾ ਕਰਦੇ ਹੋਏ ਵਿਦਿਆਰਥੀਆਂ ਨੂੰ ਲਗਾਤਾਰ ਮਿਹਨਤ ਕਰਨ ਤੇ ਪ੍ਰਾਪਤ ਸਾਧਨਾਂ ਦਾ ਸਹੀ ਉਪਯੋਗ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਇਹ ਉਪਰਾਲਾ ਐੱਚ ਐੱਮ ਈ ਐੱਲ ਦੀ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਵਚਨਬੱਧਤਾ ਤੇ ਖੇਤਰ ਵਿੱਚ ਸਿੱਖਿਆ ਨੂੰ ਉਤਸ਼ਾਹਤ ਕਰਨ ਦੇ ਯਤਨਾਂ ਨੂੰ ਦਰਸਾਉਂਦਾ ਹੈ।

## ਹਕੂਮਤਾਂ ਦੀਆਂ ਮਾਰੂ ਨੀਤੀਆਂ ਕਾਰਨ ਦਿਵਿਆਂਗ ਰੋਜ਼ੀ-ਰੋਟੀ ਤੋਂ ਹੋਏ ਮੁਥਾਜ : ਅਵਿਨਾਸ਼ ਸ਼ਰਮਾ

### *ਮੰਗਾਂ ਦੀ ਪੂਰਤੀ ਲਈ ਇਕਜੁੱਟ ਹੋਣ ਦਾ ਸੱਦਾ*

**ਮਾਨਸਾ (ਆਤਮਾ ਸਿੰਘ ਪਮਾਰ)**-ਫਿਜੀਕਲੀ ਹੈਂਡੀਕੈਪਡ ਐਸੋਸੀਏਸ਼ਨ ਦੇ ਪ੍ਰਧਾਨ ਜ਼ਿਲ੍ਹਾ ਅਵਿਨਾਸ਼ ਸ਼ਰਮਾ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਦਿਵਿਆਂਗ ਵਿਅਕਤੀਆਂ ਨੂੰ ਰੋਜ਼ਗਾਰ ਤੇ ਹੋਰ ਬੁਨਿਆਦੀ ਸਹੂਲਤਾਂ ਦੇਣ ਸਬੰਧੀ ਕੀਤੇ ਵਾਅਦੇ ਪੂਰੇ ਕਰਨ ਤੋਂ ਪੂਰੀ ਤਰ੍ਹਾਂ ਮੁੱਕਰ ਗਈ ਹੈ, ਇਸੇ ਕਾਰਨ ਸੂਬੇ ਦੇ ਦਿਵਿਆਂਗ ਰੋਜ਼ੀ-ਰੋਟੀ ਤੋਂ ਵੀ ਮੁਥਾਜ ਹੋ ਗਏ ਹਨ।ਉਨ੍ਹਾਂ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਹੀ ਨਹੀਂ, ਸੱਤਾ ਦੀਆਂ ਦਾਅਵੇਦਾਰ ਪ੍ਰਮੁੱਖ ਪਾਰਟੀਆਂ ਦੇ ਲੀਡਰ ਵੀ ਸਿਆਸੀ ਜੁਮਲੇਬਾਜ਼ੀ ਤੋਂ ਉੱਪਰ ਉੱਠ ਕੇ ਸੰਕਟ ਨਾਲ ਜੂਝ ਰਹੇ ਦਿਵਿਆਂਗਾਂ ਨਾਲ ਖੜਨ ਤੋਂ ਪਾਸਾ ਵੱਟ ਗਏ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ 'ਤੇ ਇਹ ਉਮੀਦ ਨਹੀਂ ਸੀ ਕਿ ਉਹ ਕੁਦਰਤ ਵੱਲੋਂ ਮਾਰੇ ਦਿਵਿਆਂਗਾਂ ਨਾਲ ਵੀ ਝੂਠੇ ਵਾਅਦੇ ਕਰ ਸਕਦੀ ਹੈ।ਦਿਵਿਆਂਗ ਆਗੂ ਨੇ ਕਿਹਾ ਕਿ ਉਹ ਪਿੰਡ ਪਿੰਡ ਜਾ ਕੇ ਅਪੰਗ ਵਿਅਕਤੀਆਂ ਨੂੰ ਜਾਗਰੂਕ ਕਰਨ ਲਈ ਜਲਸੇ, ਰੈਲੀਆਂ ਤੇ ਮੀਟਿੰਗਾਂ ਕਰਕੇ ਪੰਜਾਬ ਸਰਕਾਰ ਖਿਲਾਫ਼ ਲਾਮਬੰਦ ਕਰਨਗੇ।ਇਸ ਸਬੰਧੀ ਪੰਜ ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਜਾਵੇਗਾ, ਜਿਸ ਦੇ ਸਬੰਧ ਵਿੱਚ 11 ਫਰਵਰੀ ਨੂੰ ਮੁੱਖ ਅਹੁਦੇਦਾਰਾਂ ਦੀ ਮੀਟਿੰਗ ਵੀ ਸੱਦੀ ਗਈ ਹੈ। ਮੀਟਿੰਗ ਦੌਰਾਨ ਸ਼ੱਕੀ ਤੇ ਜਾਇਜ਼ ਮੰਗਾਂ ਦੀ ਪੂਰਤੀ ਲਈ ਵੱਡਾ ਸੰਘਰਸ਼ ਵਿੱਢਣ ਦਾ ਫੈਸਲਾ ਵੀ ਲਿਆ ਜਾ ਸਕਦਾ ਹੈ।ਉਨ੍ਹਾ ਕਿਹਾ ਕਿ ਮੰਗਾਂ ਸਬੰਧੀ ਕਈ ਵਾਰ ਪ੍ਰਸ਼ਾਸਨਕ ਅਧਿਕਾਰੀਆਂ ਤੋਂ ਇਲਾਵਾ ਰਾਜਸੀ ਆਗੂਆਂ ਨੂੰ ਵੀ ਦੱਸਿਆ ਜਾ ਚੁੱਕਾ ਹੈ, ਪ੍ਰੰਤੂ ਕਿਸੇ ਨੇ ਵੀ ਇਨ੍ਹਾਂ ਲਾਚਾਰ ਲੋਕਾਂ ਦੀ ਬਾਂਹ ਫੜਨ ਦਾ ਜੋਖ਼ਮ ਉਠਾਉਣ ਦਾ ਯਤਨ ਨਹੀਂ ਕੀਤਾ।

## ਤੀਰਥ ਯਾਤਰਾ ਬੱਸ ਨੂੰ ਵਿਧਾਇਕ ਨੇ ਹਰੀ ਝੰਡੀ ਦੇ ਕੇ ਕੀਤਾ ਰਵਾਨਾ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਤੀਰਥ ਯਾਤਰਾ ਸਕੀਮ ਤਹਿਤ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਲਈ ਬੱਸ ਰਵਾਨਾ ਹੋਈ।ਪਿੰਡ ਕੁਲਾਰਾ ਤੋਂ ਹਲਕਾ ਕੋਆਰਡੀਨੇਟਰ ਬਲਜੀਤ ਸਿੰਘ ਸਹੋਤਾ ਦੀ ਦੇਖ-ਰੇਖ ਹੇਠ ਚੱਲੀ ਇਸ ਬੱਸ ਨੂੰ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਬੱਸ ਰਵਾਨਾ ਕਰਨ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਹਲਕਾ ਸ਼ੁਤਰਾਣਾ ਦੇ ਪਿੰਡ ਕੁਲਾਰਾਂ ਤੋਂ ਬੂਥ ਨੰਬਰ 1 ਵਿੱਚੋਂ ਪਹਿਲੀ ਤੀਰਥ ਯਾਤਰਾ ਬੱਸ ਨੂੰ ਰਵਾਨਾ ਕੀਤਾ ਗਿਆ।ਇਹ ਤੀਰਥ ਯਾਤਰਾ ਤਿੰਨ ਦਿਨਾਂ ਦੌਰਾਨ ਸ਼ਰਧਾਲੂਆਂ ਨੂੰ ਵੱਖ-ਵੱਖ ਧਾਰਮਿਕ ਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬਜ਼ੁਰਗਾਂ ਤੇ ਹੋਰ ਲੋੜਵੰਦਾਂ ਨੂੰ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾਉਣ ਲਈ ਕੀਤੇ ਜਾ ਰਹੇ ਇਸ ਉਪਰਾਲੇ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ।ਇਸ ਦੌਰਾਨ ਤੀਰਥ ਯਾਤਰਾ ਦੇ ਹਲਕਾ ਕੋਆਰਡੀਨੇਟਰ ਬਲਜੀਤ ਸਿੰਘ ਸਹੋਤਾ ਨੇ ਦੱਸਿਆ ਕਿ ਬੂਥ ਪੱਧਰ ਤੋਂ ਸ਼ੁਰੂ ਹੋਈ ਇਹ ਯਾਤਰਾ ਹਲਕੇ ਦੇ ਸਾਰੇ ਪਿੰਡਾਂ ਵਿੱਚੋਂ ਸੰਗਤ ਨੂੰ ਲੈ ਕੇ ਧਾਰਮਿਕ ਸਥਾਨਾਂ ਉੱਤੇ ਜਾਏਗੀ।

## ਪ੍ਰਸ਼ਾਸਨਕ ਜੱਜ ਵੱਲੋਂ ਕੇਂਦਰੀ ਜੇਲ੍ਹ ਪਟਿਆਲਾ, ਨਾਭਾ ਤੇ ਕੋਰਟਾਂ ਦਾ ਨਿਰੀਖਣ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ੍ਰੀ ਐੱਚ. ਐੱਸ. ਗਰੇਵਾਲ ਪ੍ਰਸ਼ਾਸਨਕ ਜੱਜ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੋਮਵਾਰ ਕੇਂਦਰੀ ਜੇਲ੍ਹ ਪਟਿਆਲਾ ਤੇ ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਅਤੇ ਪਟਿਆਲਾ ਦੀਆਂ ਕੋਰਟਾਂ ਦਾ ਨਿਰੀਖਣ ਕੀਤਾ।ਉਨ੍ਹਾਂ ਵੱਲੋਂ ਏ.ਡੀ.ਆਰ. ਸੈਂਟਰ ਤੇ ਮੀਡੀਏਸ਼ਨ ਸੈਂਟਰ ਦਾ ਵੀ ਨਿਰੀਖਣ ਕੀਤਾ ਗਿਆ।ਇਸ ਨਿਰੀਖਣ ਦੌਰਾਨ ਸ਼੍ਰੀ ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਪਟਿਆਲਾ ਵੀ ਮੌਜੂਦ ਰਹੇ।ਜੇਲ੍ਹਾਂ ਦੇ ਨਿਰੀਖਣ ਦੌਰਾਨ ਮਾਣਯੋਗ ਜੱਜ ਸਾਹਿਬ ਨੇ ਜੇਲ੍ਹ ਅਧਿਕਾਰੀਆਂ ਤੇ ਕੈਦੀਆਂ ਨਾਲ ਗੱਲਬਾਤ ਕੀਤੀ ਤੇ ਕੈਦੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਜਾਇਜ਼ਾ ਲਿਆ।ਉਨ੍ਹਾ ਕਾਨੂੰਨੀ ਸਹਾਇਤਾ ਤੱਕ ਪਹੁੰਚ, ਕੇਸਾਂ ਦਾ ਸਮੇਂ ਸਿਰ ਨਿਪਟਾਰਾ ਤੇ ਕੈਦੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ।ਇਸ ਤੋਂ ਇਲਾਵਾ ਮਾਣਯੋਗ ਜੱਜ ਨੇ ਅਦਾਲਤਾਂ ਦੇ ਕੰਮਕਾਜ ਦਾ ਨਿਰੀਖਣ ਕੀਤਾ।ਉਨ੍ਹਾ ਵੱਲੋਂ ਨਿਆਂਇਕ ਅਧਿਕਾਰੀਆਂ ਤੇ ਸਟਾਫ ਨਾਲ ਗੱਲਬਾਤ ਕੀਤੀ ਗਈ।ਅਦਾਲਤੀ ਕੰਮਕਾਜ, ਬੁਨਿਆਦੀ ਢਾਂਚੇ ਤੇ ਸੇਵਾ ਪ੍ਰਦਾਨ ਕਰਨ ਵਿੱਚ ਹੋਰ ਸੁਧਾਰ ਲਈ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਗਏ।ਉਨ੍ਹਾ ਏ ਡੀ ਆਰ ਸੈਂਟਰ ਤੇ ਮੀਡੀਏਸ਼ਨ ਅਤੇ ਕੰਸੀਲੇਸ਼ਨ ਸੈਂਟਰ ਦਾ ਵੀ ਨਿਰੀਖਣ ਕੀਤਾ।ਉਨ੍ਹਾ ਵਿਚੋਲਗੀ ਤੇ ਸੁਲ੍ਹਾ ਰਾਹੀਂ ਵਿਵਾਦਾਂ ਦੇ ਸੁਖਾਵੇਂ ਢੰਗ ਨਾਲ ਨਿਪਟਾਰੇ ਨੂੰ ਉਤਸ਼ਾਹਤ ਕਰਨ 'ਤੇ ਜ਼ੋਰ ਦਿੱਤਾ ਗਿਆ, ਜਿਸ ਨਾਲ ਕੇਸਾਂ ਦੇ ਲੰਬਿਤ ਮਾਮਲਿਆਂ ਨੂੰ ਘਟਾਇਆ ਜਾ ਸਕੇ ਤੇ ਮੁਕੱਦਮੇਬਾਜ਼ਾਂ ਨੂੰ ਜਲਦੀ ਨਿਆਂ ਦੇਣਾ ਯਕੀਨੀ ਬਣਾਇਆ ਜਾ ਸਕੇ।

## ਪੰਜ ਕਰੋੜ 46 ਲੱਖ ਦੀ ਲਾਗਤ ਨਾਲ ਨਵਾਂ ਪੁਲ਼ ਮਨਜ਼ੂਰ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਮੰਡੀ ਰੋੜਾਂਵਾਲੀ ਨੂੰ ਜਾਣ ਵਾਲੀ ਚੰਦਬਾਨ ਡਰੇਨ, ਜਿਸ ਨੂੰ ਜਲਾਲਾਬਾਦ ਮੌਜਮ ਡਰੇਨ ਕਿਹਾ ਜਾਂਦਾ ਹੈ।ਮੌਜਮ ਡਰੇਨ ਜਿਸ ਦੀ ਚੱਕ ਖੇੜੇਵਾਲੀ ਤੋਂ ਪਾਲੀ ਵਾਲਾ ਦੀ ਕਨੈਕਟੀ ਨਹੀਂ ਸੀ ਤੇ ਚੱਕ ਖੇੜੇ ਵਾਲੇ ਤੋਂ ਪਾਲੀ ਵਾਲਾ ਪਹੁੰਚਣ ਲਈ ਲਗਭਗ 9 ਕਿਲੋਮੀਟਰ ਘੁੰਮ ਕੇ ਜਾਣਾ ਪੈਂਦਾ ਸੀ।ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੰਚਾਈ ਮੰਤਰੀ ਸ਼੍ਰੀ ਬਰਿੰਦਰ ਗੋਇਲ ਦੀ ਅਗਵਾਈ ਹੇਠ ਜਲਾਲਾਬਾਦ ਵਿਖੇ ਇਨ੍ਹਾਂ ਪਿੰਡਾਂ ਨੂੰ ਜੋੜਨ ਲਈ 5 ਕਰੋੜ 46 ਲੱਖ ਦੀ ਲਾਗਤ ਨਾਲ ਨਵਾਂ ਪੁਲ ਮਨਜ਼ੂਰ ਕੀਤਾ ਹੈ।ਇਹ ਪ੍ਰਗਟਾਵਾ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਸੰਬੋਧਨ ਕਰਨ ਮੌਕੇ ਕੀਤਾ! ਉਨ੍ਹਾਂ ਦੱਸਿਆ ਕਿ ਦਾਣਾ ਮੰਡੀ ਜੈਮਲਵਾਲਾ ਜੋ ਕਿ ਚੱਕ ਖੇੜੇ ਵਾਲੇ ਪਿੰਡ ਨੂੰ ਲੱਗਦੀ ਸੀ ਤੇ ਪਿੰਡ ਦੇ ਲੋਕਾਂ ਨੂੰ ਆਪਣੀ ਫਸਲ ਲੈ ਕੇ ਜਾਣ ਲਈ ਵੀ ਘੁੰਮ ਕੇ ਜਾਣਾ ਪੈਂਦਾ ਸੀ ਤੇ ਇਸ ਪੁੱਲ ਦੇ ਬਣਨ ਨਾਲ ਇਨਾ ਪਿੰਡਾਂ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ।ਉਨ੍ਹਾਂ ਅੱਗੇ ਦੱਸਿਆ ਕਿ ਫਿਰੋਜ਼ਪੁਰ ਫ਼ਾਜ਼ਿਲਕਾ ਮੇਨ ਰੋਡ 86 ਕਰੋੜ 86 ਲੱਖ ਦੀ ਲਾਗਤ ਨਾਲ ਬਣੇਗਾ ਤੇ ਇਸ ਦਾ ਵਰਕ ਆਡਰ ਜਲਦੀ ਹੀ ਕੱਟਿਆ ਜਾ ਰਿਹਾ ਹੈ ਤੇ ਇਹ ਰੋਡ 25 ਫਰਵਰੀ ਤੱਕ ਬਣਨੀ ਸ਼ੁਰੂ ਹੋ ਜਾਵੇਗੀ।ਉਨ੍ਹਾਂ ਇਹ ਵੀ ਦੱਸਿਆ ਕਿ ਜਲਾਲਾਬਾਦ ਸਿਵਲ ਹਸਪਤਾਲ ਵਿਖੇ ਵੈਂਟੀਲੈਟਰ ਵਰਗੀਆਂ ਮਸ਼ੀਨਾਂ ਲੱਗ ਗਈਆਂ ਹਨ ਤੇ ਹੋਰ ਵੀ ਲੈਪੋਥਰੈਪੀ ਆਦਿ ਮਸ਼ੀਨਾਂ ਜਲਦੀ ਹੀ ਹਸਪਤਾਲ ਵਿਖੇ ਲੱਗ ਜਾਣਗੀਆਂ ਇਹ ਮਸ਼ੀਨਾਂ ਲੱਗਣ ਨਾਲ ਹਸਪਤਾਲ ਦੀ ਨੁਹਾਰ ਬਦਲ ਜਾਵੇਗੀ! ਉਹਨਾਂ ਕਿਹਾ ਕਿ ਜਲਾਲਾਬਾਦ ਬਾਈਪਾਸ ਦਾ ਟੈਂਡਰ ਲੱਗ ਗਿਆ ਤੇ ਜਲਦੀ ਹੀ ਇਹ ਬਾਈਪਾਸ ਬਣ ਕੇ ਤਿਆਰ ਹੋਵੇਗਾ ਤੇ ਇਸ ਬਾਈਪਾਸ ਦਾ ਨਾਮ ਸ਼ਹੀਦ ਊਧਮ ਸਿੰਘ ਮਾਰਗ ਦੇ ਨਾਂ ਤੇ ਰੱਖਿਆ ਜਾਵੇਗਾ।ਇਸ ਬਾਈਪਾਸ ਬਣਨ ਨਾਲ ਜਲਾਲਾਬਾਦ ਹਲਕੇ ਦੀ ਨੁਹਾਰ ਬਦਲੇਗੀ।

## ਇਨਕਲਾਬੀ ਕੇਂਦਰ ਪੰਜਾਬ ਦੀ ਮੀਟਿੰਗ 'ਚ ਭਾਰਤ-ਅਮਰੀਕਾ ਸਮਝੌਤੇ 'ਤੇ ਚਰਚਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਇਨਕਲਾਬੀ ਕੇਂਦਰ ਪੰਜਾਬ ਦੀ ਮੀਟਿੰਗ ਹੋਈ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਭੱਠਾ ਮਜ਼ਦੂਰ ਯੂਨੀਅਨ, ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ, ਟੈਕਨੀਕਲ ਸਰਵਿਸ ਯੂਨੀਅਨ ਦੇ ਵਰਕਰ ਸ਼ਾਮਲ ਹੋਏ।ਮੀਟਿੰਗ ਵਿੱਚ ਅਮਰੀਕਾ-ਭਾਰਤ ਵਿਚਕਾਰ ਹੋਏ ਵਪਾਰ ਸਮਝੌਤੇ 'ਤੇ ਦੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ।ਸਮਝੌਤੇ ਬਾਰੇ ਵਿਚਾਰ ਪੇਸ਼ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਆਗੂ ਮੁਖਤਿਆਰ ਸਿੰਘ ਪੂਹਲਾ ਨੇ ਕਿਹਾ ਕਿ ਇਹ ਸਮਝੌਤਾ ਇਕਪਾਸੜ ਹੈ, ਕਿਉਂਕਿ ਅਮਰੀਕਾ ਦੀਆਂ ਵਸਤਾਂ 'ਤੇ ਭਾਰਤ ਵੱਲੋਂ ਜ਼ੀਰੋ ਟੈਕਸ ਲਾਇਆ ਜਾਂਦਾ ਹੈ, ਜਦੋਂਕਿ ਅਮਰੀਕਾ ਭਾਰਤੀ ਵਸਤਾਂ ਉੱਪਰ 18 ਪ੍ਰਤੀਸ਼ਤ ਟੈਕਸ ਲਾਵੇਗਾ।ਇਹ ਸਮਝੌਤਾ ਭਾਰਤੀ ਖੇਤੀਬਾੜੀ ਲਈ ਖਾਸ ਤੌਰ 'ਤੇ ਵਿਸ਼ੇਸ਼ ਖਤਰੇ ਖੜਾ ਕਰਦਾ ਹੈ।ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਮੋਦੀ ਹਕੂਮਤ ਨੇ ਇਹ ਸਮਝੌਤਾ ਕਰਕੇ ਅਮਰੀਕੀ ਸਾਮਰਾਜ ਦੀ ਅਧੀਨਗੀ ਕਬੂਲ ਕੀਤੀ ਹੈ ਤੇ ਦੇਸ਼ ਦੇ ਸਵੈਮਾਨ 'ਤੇ ਸੱਟ ਮਾਰੀ ਹੈ।ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਜਗਜੀਤ ਲਹਿਰਾ ਤੇ ਹਰਮੇਸ਼ ਕੁਮਾਰ ਰਾਮਪੁਰਾ ਨੇ ਦੱਸਿਆ ਕਿ ਇਨਕਲਾਬੀ ਕੇਂਦਰ ਇਸ ਸਮਝੌਤੇ ਬਾਰੇ ਲੋਕਾਂ ਨੂੰ ਜਾਗਰਿਤ ਕਰੇਗਾ ਤੇ ਲੋਕਾਂ ਨੂੰ ਇਸ ਦਾ ਵਿਰੋਧ ਕਰਨ ਲਈ ਪ੍ਰੇਰੇਗਾ। ਮੀਟਿੰਗ ਅੰਦਰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ 'ਚ ਕਿਸਾਨਾਂ ਆਗੂਆਂ ਦੀ ਰਿਹਾਈ ਲਈ ਚੱਲ ਰਹੇ ਸੰਘਰਸ਼ ਉੱਪਰ ਜਬਰ ਦੀ ਨਿਖੇਧੀ ਕੀਤੀ ਗਈ।ਇਸ ਤੋਂ ਇਲਾਵਾ ਇਲਾਕੇ ਦੇ ਪਿੰਡ ਲਹਿਰਾ ਸੌਂਧਾ ਦੇ ਇੱਕ ਮਜ਼ਦੂਰ ਪਰਵਾਰ ਦੇ ਨੌਜਵਾਨ ਪੁੱਤਰ ਦੀ ਮਾਮੂਲੀ ਦੋਸ਼ ਅਧੀਨ ਹੱਤਿਆ ਕਰ ਦਿੱਤੀ ਗਈ, ਇਨਕਲਾਬੀ ਕੇਂਦਰ ਨੇ ਇਸੇ ਮੰਦਭਾਗੀ ਘਟਨਾ ਉੱਪਰ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਅਜਿਹੇ ਵਰਤਾਰੇ ਵਾਲੇ ਲੋਕਾਂ ਨੂੰ ਚੇਤਨ ਕਰਨ ਉੱਤੇ ਜ਼ੋਰ ਦਿੱਤਾ।

## ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਹੱਕਾਂ ਦੀ ਮਜ਼ਬੂਤ ਆਵਾਜ਼ : ਯੂਥ ਆਗੂ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਯੂਥ ਅਕਾਲੀ ਆਗੂ ਪਵਨਦੀਪ ਸਿੰਘ ਬਰਾੜ ਚੰਨੂਵਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਉਹ ਇਕੱਲੀ ਪਾਰਟੀ ਹੈ, ਜੋ ਸਦਾ ਹੀ ਪੰਥਕ ਸੋਚ, ਪੰਜਾਬੀਅਤ ਤੇ ਪੰਜਾਬ ਦੇ ਹੱਕਾਂ ਦੀ ਰੱਖਿਆ ਲਈ ਮੈਦਾਨ ਵਿੱਚ ਡੱਟ ਕੇ ਖੜੀ ਰਹੀ ਹੈ।ਉਨ੍ਹਾਂ ਆਖਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਦੂਰਦਰਸ਼ੀ ਅਗਵਾਈ ਹੇਠ ਅਕਾਲੀ ਦਲ ਨੇ ਨਾ ਸਿਰਫ਼ ਪਾਰਟੀ ਨੂੰ ਮਜ਼ਬੂਤ ਕੀਤਾ ਹੈ, ਸਗੋਂ ਨੌਜਵਾਨਾਂ ਨੂੰ ਰਾਜਨੀਤੀ ਨਾਲ ਜੋੜ ਕੇ ਉਨ੍ਹਾਂ ਨੂੰ ਅੱਗੇ ਵਧਣ ਦੇ ਮੌਕੇ ਵੀ ਪ੍ਰਦਾਨ ਕੀਤੇ ਹਨ।ਪਵਨਦੀਪ ਸਿੰਘ ਬਰਾੜ ਚੰਨੂਵਾਲਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਇੱਕ ਦੂਰਅੰਦੇਸ਼ ਨੇਤਾ ਹਨ, ਜਿਨ੍ਹਾਂ ਆਪਣੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਵਿਕਾਸ ਦੇ ਅਨੇਕਾਂ ਮੀਲ ਪੱਥਰ ਸਥਾਪਤ ਕੀਤੇ।ਉਨ੍ਹਾਂ ਕਿਹਾ ਕਿ ਅੱਜ ਜਦੋਂ ਪੰਜਾਬ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਤਾਂ ਲੋਕਾਂ ਦੀ ਨਿਗਾਹ ਮੁੜ ਸ਼੍ਰੋਮਣੀ ਅਕਾਲੀ ਦਲ ਵੱਲ ਹੈ, ਕਿਉਂਕਿ ਅਕਾਲੀ ਦਲ ਹੀ ਪੰਜਾਬ ਨੂੰ ਮੁੜ ਤਰੱਕੀ ਦੇ ਰਾਹ 'ਤੇ ਲਿਆ ਸਕਦਾ ਹੈ।ਉਨ੍ਹਾਂ ਆਖਿਆ ਕਿ ਸੁਖਬੀਰ ਸਿੰਘ ਬਾਦਲ ਨੇ ਹਮੇਸ਼ਾ ਨੌਜਵਾਨਾਂ ਨੂੰ ਸੰਗਠਨ ਦੀ ਰੀੜ੍ਹ ਦੀ ਹੱਡੀ ਮੰਨਿਆ ਹੈ ਅਤੇ ਯੂਥ ਅਕਾਲੀ ਦਲ ਨੂੰ ਮਜ਼ਬੂਤ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਹਨ।ਨੌਜਵਾਨਾਂ ਨੂੰ ਰੋਜ਼ਗਾਰ, ਸਿੱਖਿਆ ਤੇ ਖੇਡਾਂ ਦੇ ਮੌਕੇ ਦੇਣਾ ਅਕਾਲੀ ਦਲ ਦੀ ਪ੍ਰਾਥਮਿਕਤਾ ਰਹੀ ਹੈ।ਇਸ ਮੌਕੇ ਯੂਥ ਅਕਾਲੀ ਆਗੂ ਅਵਤਾਰ ਸਿੰਘ ਬਾਘਾ ਪੁਰਾਣਾ ਤੇ ਸ਼ਿਵਰਾਜ ਬਰਾੜ ਬਾਘਾ ਪੁਰਾਣਾ ਨੇ ਵੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਪਾਰਟੀ ਪ੍ਰਧਾਨ ਨੇ ਹਮੇਸ਼ਾ ਸੂਬੇ ਦੇ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕੀਤਾ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਹੀ ਪੰਜਾਬ ਦੀ ਮਿੱਟੀ ਨਾਲ ਜੁੜੀ ਹੋਈ ਪਾਰਟੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਲੋਕ ਵੱਡੀ ਗਿਣਤੀ ਵਿੱਚ ਅਕਾਲੀ ਦਲ ਨਾਲ ਜੁੜਨਗੇ।ਅੰਤ ਵਿੱਚ ਯੂਥ ਆਗੂਆਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਇਕੱਠੇ ਹੋ ਕੇ ਪੰਜਾਬ ਦੀ ਚੜ੍ਹਦੀ ਕਲਾ ਲਈ ਕੰਮ ਕਰਨ।

## ਯੂਨੀਵਰਸਿਟੀ ਕਾਲਜ ਦਾ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸਮਾਪਤ



**ਧੂਰੀ (ਮਨੋਹਰ ਸਿੰਘ ਸੱਗੂ)**-ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਦੇ ਕੌਮੀ ਸੇਵਾ ਯੋਜਨਾ (ਐੱਨ.ਐੱਸ.ਐੱਸ.) ਯੂਨਿਟਾਂ ਵੱਲੋਂ ਡਾ. ਹਰਵਿੰਦਰ ਸਿੰਘ ਮੰਡ ਦੀ ਅਗਵਾਈ ਵਿੱਚ ਚੱਲ ਰਹੇ ਸੱਤ ਰੋਜ਼ਾ ਕੈਂਪ ਸਮਾਪਤ ਹੋ ਗਿਆ।ਕੈਂਪ ਦੇ ਅੰਤਲੇ ਪੜਾਅ ਵਿੱਚ ਸਮਾਜ ਸੇਵੀ ਤੇ ਉਦਯੋਗਪਤੀ ਮੱਖਣ ਲਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਵਲੰਟੀਅਰਾਂ ਨੂੰ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਇਹ ਦੋਵੇਂ ਹਮੇਸ਼ਾ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੇ ਹਨ।ਵਿਦਿਆਰਥੀਆਂ ਨੂੰ ਹਮੇਸ਼ਾ ਆਪਣਾ ਮੰਤਵ ਉਲੀਕ ਕੇ ਜੀਵਨ ਜਿਊਣਾ ਚਾਹੀਦਾ ਹੈ ਤੇ ਇਸ ਨੂੰ ਹਾਸਲ ਕਰਨ ਲਈ ਮਿਹਨਤ ਕਰਨੀ ਜ਼ਰੂਰੀ ਹੈ।ਐੱਨ.ਐੱਸ.ਐੱਸ. ਰੈਗੂਲਰ ਤੇ ਸੈੱਲਫ਼ ਫਾਈਨਾਂਸ ਯੂਨਿਟਾਂ ਦੇ ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ ਤੇ ਡਾ. ਊਸ਼ਾ ਰਾਣੀ ਨੇ ਸੱਤ ਰੋਜ਼ਾ ਕੈਂਪ ਦੀ ਸਾਰੀ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਰਾਈਸੀਲਾ ਗਰੁੱਪ ਆਫ਼ ਕੰਪਨੀਜ਼ ਧੂਰੀ ਦੇ ਐੱਮ ਡੀ ਡਾ: ਏ ਆਰ ਸ਼ਰਮਾ ਵੱਲੋਂ ਦੋ ਪੀਪੇ ਰਾਈਸ ਬਰਾਨ ਆਇਲ ਦੇ ਕੈਂਪ ਨੂੰ ਪਹਿਲੇ ਦਿਨ ਦਾਨ ਦੇ ਰੂਪ ਵਿੱਚ ਦਿੱਤੇ ਗਏ।ਅੰਤ ਵਿੱਚ ਲੜਕਿਆਂ ਵਿੱਚੋਂ ਦਿਨੇਸ਼ ਕੁਮਾਰ ਤੇ ਅਵਤਾਰ ਸਿੰਘ, ਲੜਕੀਆਂ ਵਿੱਚੋਂ ਖ਼ੁਸ਼ੀ ਤੇ ਅੰਜਲੀ ਨੂੰ ਸਰਵੋਤਮ ਵਲੰਟੀਅਰ ਤੇ ਗਰੁੱਪਾਂ ਵਿੱਚੋਂ ਬੇਨੜਾ ਗਰੁੱਪ ਨੂੰ ਸਰਵੋਤਮ ਗਰੁੱਪ ਐਲਾਨ ਕੇ ਉਨ੍ਹਾਂ ਨੂੰ ਮੁੱਖ ਮਹਿਮਾਨ ਤੇ ਪ੍ਰਿੰਸੀਪਲ ਵੱਲੋਂ ਸਨਮਾਨ ਚਿੰਨ੍ਹ ਦਿੱਤਾ ਗਿਆ।ਬਾਕੀ ਵਲੰਟੀਅਰਾਂ ਦੀ ਵੀ ਹੌਸਲਾ ਅਫ਼ਜ਼ਾਈ ਕੀਤੀ।ਸਮਾਪਤੀ ਸਮਾਰੋਹ ਸਮੇਂ ਵਲੰਟੀਅਰਾਂ ਨੇ ਵੱਖ ਵੱਖ ਪੇਸ਼ਕਾਰੀ ਦਿੱਤੀ।ਇਸ ਮੌਕੇ ਡਾ. ਰਾਕੇਸ਼ ਕੁਮਾਰ, ਡਾ. ਕਰਮਜੀਤ ਸਿੰਘ, ਡਾ. ਗਗਨਦੀਪ ਸਿੰਘ, ਡਾ. ਮਨਜੋਤ ਕੌਰ, ਪ੍ਰੋ: ਕਰਮਦੀਪ ਕੌਰ, ਪ੍ਰੋ. ਗੁਰਦੀਪ ਸਿੰਘ, ਪ੍ਰੋ. ਪ੍ਰਭਜੋਤ ਕੌਰ, ਪ੍ਰੋ. ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

## ਡਾ. ਦੇਵ ਰਾਜ ਡੀ ਏ ਵੀ ਸਕੂਲ 'ਚ ਅਧਿਆਪਕਾਂ ਦੇ ਖੇਡ ਮੁਕਾਬਲੇ




**ਲਹਿਰਾਗਾਗਾ (ਪਵਨ ਸ਼ਰਮਾ)**-ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ (ਰਜਿ.) ਲਹਿਰਾਗਾਗਾ ਦੇ ਪ੍ਰਬੰਧਾਂ ਹੇਠ ਚਲਾਏ ਜਾ ਰਹੇ ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ ਖਾਈ/ਲਹਿਰਾਗਾਗਾ ਵਿੱਚ 'ਹੌਸਲੇ ਦੀ ਉਡਾਨ' ਸਾਲਾਨਾ ਖੇਡ ਦਿਵਸ ਦੇ ਅਖੀਰਲੇ ਦਿਨ ਅਧਿਆਪਕਾਂ ਦੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ।ਇਸ ਸਮੇਂ ਸੰਬੋਧਨ ਕਰਦਿਆਂ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਪ੍ਰਵੀਨ ਖੋਖਰ, ਪ੍ਰਧਾਨ ਲਕਸ਼ਮੀ ਕਾਂਤ ਖੋਖਰ, ਐਡਵੋਕੇਟ ਅਨਿਰੁੱਧ ਕੌਸ਼ਲ, ਮੈਡਮ ਬਿਮਲਾ ਦੇਵੀ ਤੇ ਪ੍ਰਿੰਸੀਪਲ ਦੇਵ ਪਰਾਸ਼ਰ ਨੇ ਕਿਹਾ ਕਿ ਅਜੋਕੇ ਤਨਾਅ ਭਰੇ ਵਾਤਾਵਰਣ ਵਿੱਚ ਅਧਿਆਪਕਾਂ ਦਾ ਮਾਨਸਿਕ ਤੌਰ 'ਤੇ ਤਰੋ-ਤਾਜ਼ਾ ਹੋਣਾ ਜ਼ਰੂਰੀ ਹੈ ਤਾਂ ਜੋ ਉਹ ਸੁਚੱਜੇ ਢੰਗ ਨਾਲ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਪ੍ਰਦਾਨ ਕਰ ਸਕਣ।ਉਨ੍ਹਾਂ ਆਖਿਆ ਕਿ ਜਿੱਥੇ ਵਿਦਿਆਰਥੀਆਂ ਦਾ ਤੰਦਰੁਸਤ ਹੋਣਾ ਜ਼ਰੂਰੀ ਹੈ, ਉੱਥੇ ਅਧਿਆਪਕਾਂ ਦਾ ਵੀ ਸਿਹਤ ਪੱਖੋਂ ਤੰਦਰੁਸਤ ਹੋਣਾ ਅਤਿ ਜ਼ਰੂਰੀ ਹੈ।ਇਸੇ ਪ੍ਰਸੰਗ ਵਿੱਚ ਸਕੂਲੀ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਦੇ ਵੀ ਖੇਡ ਮੁਕਾਬਲੇ ਕਰਵਾਏ ਗਏ।ਇਸ ਸਮੇਂ ਅਧਿਆਪਕਾਂ (ਲੇਡੀਜ਼) ਦੇ ਸ਼ਾਟਪੁੱਟ ਮੁਕਾਬਲੇ ਵਿੱਚ ਮੈਡਮ ਸੰਦੀਪ ਕੌਰ ਨੇ ਪਹਿਲਾ, ਮੈਡਮ ਨੇਹਾ ਰਾਣੀ ਨੇ ਦੂਸਰਾ ਤੇ ਮੈਡਮ ਕੋਮਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਡਿਸਕਸ ਥ੍ਰੋ 'ਚ ਮੈਡਮ ਰਾਜਿੰਦਰ ਕੌਰ ਨੇ ਪਹਿਲਾ, ਮੈਡਮ ਰਚਨਾ ਨੇ ਦੂਸਰਾ ਤੇ ਮੈਡਮ ਪ੍ਰਿਆ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸੇ ਹੀ ਵਰਗ ਦੇ ਜੈਵਲਿਨ ਥ੍ਰੋ ਮੁਕਾਬਲੇ 'ਚ ਮੈਡਮ ਬਨੀਤਾ ਰਾਣੀ ਤੇ ਮੈਡਮ ਮੰਗਲਾ ਸ਼ਰਮਾ ਨੇ ਪਹਿਲਾ, ਮੈਡਮ ਲਵਪ੍ਰੀਤ ਕੌਰ ਨੇ ਦੂਸਰਾ, ਮੈਡਮ ਮਨੀਸ਼ਾ ਸ਼ਰਮਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸ਼ਾਟਪੁੱਟ (ਜੈਂਟਸ) ਦੇ ਮੁਕਾਬਲੇ 'ਚ ਮਾ. ਦਵਿੰਦਰ ਸਿੰਘ ਨੇ ਪਹਿਲਾ ਸਥਾਨ, ਮਾ. ਸ਼ਫੀਕ ਨੇ ਦੂਸਰਾ ਤੇ ਮਾ. ਲਵਲੀ ਬਾਂਸਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸੇ ਵਰਗ ਦੇ ਜੈਵਲਿਨ ਥ੍ਰੋ ਮੁਕਾਬਲੇ 'ਚ ਮਾ. ਕਰਨ ਨੇ ਪਹਿਲਾ, ਮਾ. ਰਿੰਕੂ ਨੇ ਦੂਸਰਾ ਤੇ ਮਾ. ਰੋਹਿਤ ਸ਼ਰਮਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਸੀਨੀਅਰ ਅਧਿਆਪਕ ਮੈਡਮ ਬਨੀਤਾ ਰਾਣੀ, ਮੈਡਮ ਮੰਗਲਾ ਸ਼ਰਮਾ, ਮੈਡਮ ਮਨਪ੍ਰੀਤ ਕੌਰ, ਮੈਡਮ ਸੰਦੀਪ ਕੌਰ, ਮੈਡਮ ਗੁਰਪ੍ਰੀਤ ਕੌਰ, ਮਾ. ਮਨਪ੍ਰੀਤ ਸਿੰਘ ਨੇ ਸਕੂਲ ਮੈਨੇਜਮੈਂਟ ਤੇ ਪ੍ਰਿੰਸੀਪਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਧਿਆਪਕਾਂ ਦੇ ਖੇਡ ਮੁਕਾਬਲੇ ਕਰਵਾ ਕੇ ਇੱਕ ਮਿਸਾਲ ਪੇਸ਼ ਕੀਤੀ ਹੈ।

## ਸਫਾ 1 ਦੇ ਬਾਕੀ...

### ਉਹ ਛੇ ਸੱਜਣ...

ਨਾਲ ਸੰਬੰਧਾਂ 'ਤੇ ਅਫਸੋਸ ਜ਼ਾਹਰ ਕਰਦਿਆਂ ਫਾਊਂਡੇਸ਼ਨ ਦੇ ਬੋਰਡ ਤੋਂ ਅਸਤੀਫਾ ਦਿੱਤਾ। ਐਪਸਟੀਨ ਨੇ ਇੱਕ ਈ-ਮੇਲ ਵਿੱਚ ਲਿਖਿਆ ਸੀ ਕਿ ਬਿਲ ਗੇਟਸ ਨਾਲ ਉਸ ਦਾ ਰਿਸ਼ਤਾ ਰੂਸੀ ਕੁੜੀਆਂ ਨਾਲ ਯੌਨ ਸੰਬੰਧ ਨਾਲ ਹੋਣ ਵਾਲੀ ਬਿਮਾਰੀ ਨਾਲ ਨਿਬੜਨ ਲਈ ਡਰੱਗਜ਼ ਦਿਵਾਉਣ ਤੋਂ ਲੈ ਕੇ ਵਿਆਹੁਤਾ ਮਹਿਲਾਵਾਂ ਨਾਲ ਨਾਜਾਇਜ਼ ਸੰਬੰਧਾਂ ਵਿੱਚ ਮਦਦ ਕਰਨ ਦਾ ਸੀ। ਇਜ਼ਰਾਈਲ ਦੇ ਸਾਬਕਾ ਪ੍ਰਧਾਨ ਮੰਤਰੀ ਏਹੁਦ ਬਰਾਕ ਦਾ ਨਿਊ ਯਾਰਕ ਵਿੱਚ ਐਪਸਟੀਨ ਦੇ ਅਪਾਰਟਮੈਂਟ ਵਿੱਚ ਠਹਿਰਨ ਦਾ ਜ਼ਿਕਰ ਆਉਣ 'ਤੇ ਉਨ੍ਹਾ ਨੂੰ ਸਫਾਈ ਦੇਣੀ ਪਈ। ਐਪਸਟੀਨ ਫਾਈਲਾਂ ਵਿੱਚ ਟਰੰਪ ਦਾ ਨਾਂਅ 38 ਹਜ਼ਾਰ ਤੋਂ ਵੱਧ ਵਾਰ ਦਰਜ ਹੈ। ਭਾਰਤ ਦੇ ਵੱਡੇ ਸਨਅਤਕਾਰ ਅਨਿਲ ਅੰਬਾਨੀ ਤੇ ਐਪਸਟੀਨ ਵਿਚਾਲੇ 2017-19 ਦੌਰਾਨ ਕਾਰੋਬਾਰ, ਵਿਸ਼ਵ ਮਾਮਲਿਆਂ ਤੇ ਮਹਿਲਾਵਾਂ ਨੂੰ ਚਰਚਾ ਦਾ ਵੀ ਜ਼ਿਕਰ ਹੈ। 2005 ਵਿੱਚ ਫਲੋਰੀਡਾ ਦੀ 14 ਸਾਲ ਦੀ ਕੁੜੀ ਦੀ ਮਾਂ ਨੇ ਸ਼ਿਕਾਇਤ ਕੀਤੀ ਸੀ ਕਿ ਐਪਸਟੀਨ ਨੇ ਮਸਾਜ਼ ਦੇ ਬਹਾਨੇ ਯੌਨ ਸ਼ੋਸ਼ਣ ਕੀਤਾ। ਜਾਂਚ ਵਿੱਚ 30 ਨਾਬਾਲਗ ਕੁੜੀਆਂ ਦੇ ਨਾਂਅ ਸਾਹਮਣੇ ਆਏ। ਕਾਂਗਰਸ ਨੇ ਐਪਸਟੀਨ ਫਾਈਲਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂਅ ਹੋਣ ਦਾ ਦਾਅਵਾ ਕੀਤਾ ਸੀ, ਜਿਸ ਦੀ ਵਿਦੇਸ਼ ਮੰਤਰਾਲੇ ਨੇ ਸਖਤੀ ਨਾਲ ਤਰਦੀਦ ਕੀਤੀ। ਕਾਂਗਰਸ ਆਗੂ ਪਵਨ ਖੇੜਾ ਨੇ ਕਿਹਾ ਸੀ ਕਿ ਐਪਸਟੀਨ ਫਾਈਲਾਂ ਵਿੱਚ ਨਰਿੰਦਰ ਮੋਦੀ ਦਾ ਨਾਂਅ ਆ ਗਿਆ ਹੈ। ਐਪਸਟੀਨ ਨੇ 9 ਜੁਲਾਈ 2017 ਦੀ ਈ-ਮੇਲ ਵਿੱਚ ਲਿਖਿਆ ਸੀ, 'ਭਾਰਤੀ ਪੀ ਐੱਮ ਮੋਦੀ ਨੇ ਸਲਾਹ ਲਈ ਤੇ ਅਮਰੀਕੀ ਰਾਸ਼ਟਰਪਤੀ ਦੇ ਫਾਇਦੇ ਲਈ ਇਜ਼ਰਾਈਲ ਵਿੱਚ ਡਾਂਸ ਕੀਤਾ ਅਤੇ ਗਾਇਆ। ਉਹ ਕੁਝ ਹਫਤੇ ਪਹਿਲਾਂ ਮਿਲੇ ਸੀ। ਇਹ ਕੰਮ ਕਰ ਗਿਆ।' ਖੇੜਾ ਨੇ ਕਿਹਾ ਕਿ ਐਪਸਟੀਨ ਦਾ ਸਾਫ ਕਹਿਣਾ ਹੈ ਕਿ ਮੋਦੀ ਨੇ ਉਸ ਤੋਂ ਸਲਾਹ ਲਈ। ਮੋਦੀ ਨੇ 4 ਤੋਂ 6 ਜੁਲਾਈ ਤੱਕ ਇਜ਼ਰਾਈਲ ਦਾ ਦੌਰਾ ਕੀਤਾ ਸੀ ਤੇ ਇਸ ਦੇ ਤਿੰਨ ਦਿਨ ਬਾਅਦ ਐਪਸਟੀਨ ਨੇ ਮੇਲ ਲਿਖੀ। ਇਜ਼ਰਾਈਲ ਦੌਰੇ ਤੋਂ ਠੀਕ ਪਹਿਲਾਂ 25-26 ਜੂਨ 2017 ਨੂੰ ਮੋਦੀ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਮਿਲੇ ਸਨ। ਐਪਸਟੀਨ ਦੀ ਮੇਲ ਦੀਆਂ ਕੜੀਆਂ ਜੋੜੀਏ ਤਾਂ ਸਮਝ ਆਉਂਦਾ ਹੈ ਕਿ ਮੋਦੀ ਜੂਨ ਨੂੰ ਅਮਰੀਕਾ ਗਏ ਤੇ ਉੱਥੇ ਐਪਸਟੀਨ ਦੀ ਸਲਾਹ ਲਈ। ਸਾਫ ਹੈ ਕਿ ਮੋਦੀ ਦਾ ਐਪਸਟੀਨ ਨਾਲ ਡੂੰਘਾ ਰਿਸ਼ਤਾ ਸੀ। ਇਹ ਭਾਰਤ ਲਈ ਸ਼ਰਮਨਾਕ ਹੈ। ਇਹ ਮਾਮਲਾ ਭਾਰਤੀ ਆਨ-ਬਾਨ ਦਾ ਹੈ, ਜਿਸ ਲਈ ਪ੍ਰਧਾਨ ਮੰਤਰੀ ਨੂੰ ਜਵਾਬ ਦੇਣਾ ਚਾਹੀਦਾ ਹੈ। ਵਿਦੇਸ਼ ਮੰਤਰਾਲੇ ਨੇ ਖੇੜਾ ਦੇ ਬਿਆਨ ਤੋਂ ਬਾਅਦ ਕਿਹਾ ਸੀ ਕਿ ਪ੍ਰਧਾਨ ਮੰਤਰੀ ਇਜ਼ਰਾਈਲ ਦੇ ਸਰਕਾਰੀ ਦੌਰੇ 'ਤੇ ਗਏ ਸਨ, ਪਰ ਈ-ਮੇਲ ਵਿੱਚ ਕਹੀਆਂ ਬਾਕੀ ਗੱਲਾਂ ਇੱਕ ਦੋਸ਼ੀ ਅਪਰਾਧੀ ਦੀ ਬਕਵਾਸ ਤੋਂ ਬਿਨਾਂ ਕੁਝ ਨਹੀਂ।

### ਜਨਰਲ ਨਰਵਣੇ ਦੀ...

ਹਿੰਦ।' ਰਾਹੁਲ ਗਾਂਧੀ ਨੇ ਸਵਾਲ ਚੁੱਕਿਆ ਕਿ ਜਾਂ ਤਾਂ ਜਨਰਲ ਨਰਵਣੇ ਝੂਠ ਬੋਲ ਰਹੇ ਹਨ ਜਾਂ ਫਿਰ ਪੇਂਗੁਇਨ, ਕਿਉਂਕਿ ਦੋਵੇਂ ਗੱਲਾਂ ਇੱਕੋ ਸਮੇਂ ਸੱਚ ਨਹੀਂ ਹੋ ਸਕਦੀਆਂ। ਉਨ੍ਹਾਂ ਕਿਹਾ, 'ਮੈਂ ਸਾਬਕਾ ਫ਼ੌਜ ਮੁਖੀ 'ਤੇ ਵਿਸ਼ਵਾਸ ਕਰਦਾ ਹਾਂ, ਮੈਨੂੰ ਨਹੀਂ ਲੱਗਦਾ ਕਿ ਉਹ ਝੂਠ ਬੋਲਣਗੇ।' ਰਾਹੁਲ ਗਾਂਧੀ ਨੇ ਅੱਗੇ ਕਿਹਾ ਕਿ ਪੇਂਗੁਇਨ ਭਾਵੇਂ ਕਿਤਾਬ ਨਾ ਛਪਣ ਦੀ ਗੱਲ ਕਹਿ ਰਿਹਾ ਹੈ, ਪਰ ਇਹ ਕਿਤਾਬ ਐਮਾਜ਼ਾਨ 'ਤੇ ਉਪਲੱਬਧ ਹੈ ਅਤੇ ਜਨਰਲ ਨਰਵਣੇ ਨੇ ਖੁਦ 2023 ਵਿੱਚ ਇਸ ਨੂੰ ਖਰੀਦਣ ਲਈ ਟਵੀਟ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਨਰਵਣੇ ਨੇ ਕਿਤਾਬ ਵਿੱਚ ਅਜਿਹੀਆਂ ਗੱਲਾਂ ਕਹੀਆਂ ਹਨ ਜੋ ਮੋਦੀ ਸਰਕਾਰ ਲਈ 'ਅਸੁਵਿਧਾਜਨਕ' ਹਨ, ਜਿਸ ਕਾਰਨ ਇਹ ਸਾਰਾ ਵਿਵਾਦ ਖੜ੍ਹਾ ਹੋ ਰਿਹਾ ਹੈ। ਹੁਣ ਫੈਸਲਾ ਲੋਕਾਂ ਨੇ ਕਰਨਾ ਹੈ ਕਿ ਉਹ ਕਿਸ ਦੀ ਗੱਲ ਨੂੰ ਸੱਚ ਮੰਨਦੇ ਹਨ।

### ਲਤੀਫ਼ਪੁਰਾ 'ਚ ਤੜਕੇ ...

ਜੋ ਕਬਜ਼ਿਆਂ ਕਾਰਨ ਕਾਫ਼ੀ ਸਮੇਂ ਤੋਂ ਲਟਕ ਰਹੀ ਸੀ। ਹਾਲਾਂਕਿ ਪ੍ਰਸ਼ਾਸਨ ਨੇ ਕਬਜ਼ਾਧਾਰੀਆਂ ਨੂੰ ਦੂਜੀ ਥਾਂ 'ਤੇ ਜ਼ਮੀਨ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ, ਪਰ ਉਨ੍ਹਾਂ ਨੇ ਉੱਥੋਂ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਇਹ ਮਾਮਲਾ ਅਦਾਲਤ ਵਿੱਚ ਪਹੁੰਚ ਗਿਆ ਸੀ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਸਾਲ ਜੁਲਾਈ ਵਿੱਚ ਇਸ ਜਗ੍ਹਾ ਨੂੰ ਖਾਲੀ ਕਰਵਾਉਣ ਦੇ ਹੁਕਮ ਦਿੱਤੇ ਸਨ। ਪ੍ਰਸ਼ਾਸਨ ਦੀ ਇਸ ਕਾਰਵਾਈ ਨਾਲ ਮਾਡਲ ਟਾਊਨ, ਸ਼ਿਵ ਵਿਹਾਰ, ਗੁਰੂ ਤੇਗ ਬਹਾਦਰ ਨਗਰ ਅਤੇ ਜਲੰਧਰ ਹਾਈਟਸ ਵਰਗੇ ਇਲਾਕਿਆਂ ਦੇ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਤੋਂ ਇਲਾਵਾ ਪੀ ਪੀ ਆਰ ਮਾਰਕੀਟ ਅਤੇ ਕਿਊਰੋ ਮਾਲ ਵਰਗੇ ਵਪਾਰਕ ਕੇਂਦਰਾਂ ਵੱਲ ਜਾਣ ਵਾਲੀ ਆਵਾਜਾਈ ਵੀ ਹੁਣ ਸੁਖਾਲੀ ਹੋਣ ਦੀ ਉਮੀਦ ਹੈ। ਇਸੇ ਦੌਰਾਨ ਕਬਜ਼ੇ ਹਟਾਉਣ ਵਿਰੁੱਧ ਮਹਿਲਾਵਾਂ ਪਾਣੀ ਦੀ ਟੈਂਕੀ ਉੱਪਰ ਚੜ੍ਹ ਗਈਆਂ ਹਨ।

## ਪਤੀ ਵੱਲੋਂ ਪਤਨੀ ਦਾ ਕਤਲ



ਮ੍ਰਿਤਕਾ ਦੀ ਪਤੀ ਨਾਲ ਫਾਈਲ ਫੋਟੋ।

**ਲਹਿਰਾਗਾਗਾ (ਗੀਤਵਾਲ)**-ਇੱਥੋਂ ਨੇੜਲੇ ਪਿੰਡ ਖੰਡੇਬਾਦ ਵਿੱਚ ਕੁਲਦੀਪ ਸਿੰਘ ਨੇ ਆਪਣੀ ਪਤਨੀ ਹਰਕੀਤਨ ਕੌਰ ਉਰਫ ਗੀਤੂ (32) ਦਾ ਗੰਡਾਸੇ ਨਾਲ ਕਤਲ ਕਰ ਦਿੱਤਾ।ਮ੍ਰਿਤਕਾ ਤਿੰਨ ਨਾਬਾਲਗ ਬੱਚਿਆਂ ਦੀ ਮਾਂ ਸੀ।ਕੁਲਦੀਪ ਸਿੰਘ ਨੇ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ਉਪਰ ਅੱਪਲੋਡ ਕਰ ਦਿੱਤੀ, ਜਿਸ ਨਾਲ ਇਲਾਕੇ ਵਿਚ ਸੋਗਮਈ ਮਾਹੌਲ ਬਣ ਗਿਆ। ਮੁਲਜ਼ਮ ਖੁਦ ਥਾਣਾ ਲਹਿਰਾਗਾਗਾ ਪਹੁੰਚ ਗਿਆ ਅਤੇ ਆਪਣੇ ਅਪਰਾਧ ਨੂੰ ਕਬੂਲ ਕਰ ਲਿਆ।ਡੀ ਐੱਸ ਪੀ ਲਹਿਰਾ ਰਣਬੀਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।ਹੱਤਿਆ ਦੇ ਪਿੱਛੇ ਦੇ ਸਹੀ ਕਾਰਨ ਅਜੇ ਅਧਿਕਾਰਤ ਤੌਰ 'ਤੇ ਸਾਹਮਣੇ ਨਹੀਂ ਆਏ। ਸੂਤਰਾਂ ਅਨੁਸਾਰ ਇਹ ਪਰਵਾਰਕ ਝਗੜੇ ਨਾਲ ਜੁੜਿਆ ਕਾਰਨ ਵੀ ਹੋ ਸਕਦਾ ਹੈ।

## ਪੰਜਾਬ ਨੰਬਰਦਾਰ ਯੂਨੀਅਨ ਸਮਰਾ ਦੀ ਤਹਿਸੀਲ ਪੱਧਰੀ ਮੀਟਿੰਗ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਨੰਬਰਦਾਰ ਯੂਨੀਅਨ ਸਮਰਾ ਦੀ ਤਹਿਸੀਲ ਪੱਧਰੀ ਮੀਟਿੰਗ ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ, ਮਹਿਲ ਕਲਾਂ ਵਿਖੇ ਹੋਈ।ਨੰਬਰਦਾਰ ਕਲੱਟਰ ਸਿੰਘ ਪੰਡੋਰੀ, ਬਲਵੀਰ ਸਿੰਘ ਮਹਿਲ ਖੁਰਦ, ਸੁਖਵਿੰਦਰ ਸਿੰਘ ਠੁੱਲੀਵਾਲ ਨੇ ਕਿਹਾ ਕਿ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕਜੁੱਟ ਹੋ ਕੇ ਚੱਲ ਰਹੇ ਸੰਘਰਸ਼ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ।ਆਗੂਆਂ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਧਾਨ ਹਰਦਰਸ਼ਨ ਸਿੰਘ ਕੋਟ ਦੁੱਨਾ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਮੀਟਿੰਗ 26 ਫਰਵਰੀ ਨੂੰ ਬਰਨਾਲਾ ਵਿਖੇ ਹੋਵੇਗੀ, ਜਿਸ ਵਿੱਚ ਆਪ ਸਰਕਾਰ ਵੱਲੋਂ ਕੀਤੀ ਵਾਅਦਾਖ਼ਿਲਾਫ਼ੀ ਦੇ ਮਸਲੇ 'ਤੇ ਅਗਲੀ ਰੂਪ-ਰੇਖਾ ਤਹਿ ਕਰਕੇ ਵੱਡੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।ਉਨ੍ਹਾਂ ਸਾਰੇ ਅਹੁਦੇਦਾਰਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।ਆਗੂਆਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਆਪ ਸਰਕਾਰ ਵੱਲੋਂ ਕੀਤੇ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੇ ਗਏ, ਸਗੋਂ ਪਹਿਲਾਂ ਮਿਲਦਾ 1500 ਰੁਪਏ ਮਹੀਨਾ ਮਾਣਭੱਤਾ ਵੀ ਅਜੇ ਪੰਜ ਮਹੀਨਿਆਂ ਤੋਂ ਬਕਾਇਆ ਖੜਾ ਹੈ।

## ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦਾ ਅਜਲਾਸ, ਅਗਲੀ ਮੀਟਿੰਗ 5 ਮਾਰਚ ਨੂੰ ਕਰਨ ਦਾ ਫੈਸਲਾ



**ਧੂਰੀ (ਮਨੋਹਰ ਸਿੰਘ ਸੱਗੂ)**-ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ (ਰਜਿ:) ਧੂਰੀ ਦਾ ਜਨਰਲ ਅਜਲਾਸ ਸਥਾਨਕ ਬਾਰੂਮੱਲ ਧਰਮਸ਼ਾਲਾ ਵਿਖੇ ਜਸਦੇਵ ਸਿੰਘ, ਜਸਪਾਲ ਭੱਟੀ ਤੇ ਹਰਦੀਪ ਸਿੰਘ ਦੀ ਸਾਂਝੀ ਅਗਵਾਈ ਹੇਠ ਹੋਇਆ, ਜਿਸ ਵਿੱਚ ਵੱਡੀ ਗਿਣਤੀ 'ਚ ਸੀਨੀਅਰ ਸਿਟੀਜਨ ਸਾਥੀਆਂ ਨੇ ਭਾਗ ਲਿਆ।ਅਜਲਾਸ ਦੌਰਾਨ 'ਬਜ਼ੁਰਗ ਸਾਡਾ ਮਾਣ, ਆਓ ਰਲ ਮਿਲ ਕਰੀਏ ਉਨ੍ਹਾਂ ਦਾ ਸਨਮਾਨ' ਤੇ ਸੀਨੀਅਰ ਸਿਟੀਜਨਾਂ ਨੂੰ ਦਰਪੇਸ਼ ਮੁਸ਼ਕਲਾਂ ਤੇ ਸਰਕਾਰ ਵੱਲੋਂ ਮਿਲ ਰਹੀਆਂ ਸਹੂਲਤਾਂ ਤੋਂ ਇਲਾਵਾ ਪੈਨਸ਼ਨਰਾਂ ਦੇ ਮਸਲੇ ਤੇ ਮੰਗਾਂ ਬਾਰੇ ਖੁੱਲ੍ਹੀ ਵਿਚਾਰ ਚਰਚਾ ਹੋਈ।ਵਿਚਾਰ ਚਰਚਾ ਦੌਰਾਨ ਪਿਛਲੇ ਦਿਨੀਂ ਜਥੇਬੰਦੀ ਦੇ ਕੁੱਝ ਮੈਂਬਰਾਂ ਵੱਲੋਂ ਵੱਖਰੇ ਤੌਰ 'ਤੇ ਅਣਅਧਿਕਾਰਤ ਤੇ ਜ਼ਿੰਮੇਵਾਰ ਅਹੁਦੇਦਾਰਾਂ ਨੂੰ ਵਿਸ਼ਵਾਸ 'ਚ ਲਏ ਵਗੈਰ ਕੀਤੀ ਗਈ ਮੀਟਿੰਗ ਨੂੰ ਅਜਲਾਸ 'ਚ ਸ਼ਾਮਲ ਹਾਜ਼ਰੀਨ ਵੱਲੋਂ ਗੈਰ-ਕਾਨੂੰਨੀ ਕਰਾਰ ਦਿੰਦਿਆਂ ਸਰਬ ਸੰਮਤੀ ਨਾਲ ਉਨ੍ਹਾਂ ਵੱਲੋਂ 13 ਫਰਵਰੀ ਨੂੰ ਰੱਖੀ ਗਈ ਮੀਟਿੰਗ ਨੂੰ ਰੱਦ ਕਰਦਿਆਂ ਜਥੇਬੰਦੀ ਦੀ ਅਗਲੀ ਮੀਟਿੰਗ 5 ਮਾਰਚ ਨੂੰ ਕਰਨ ਦਾ ਫੈਸਲਾ ਕੀਤਾ ਗਿਆ।ਇਸ ਮੌਕੇ ਫਰਵਰੀ ਮਹੀਨੇ ਜਨਮੇ ਜਥੇਬੰਦੀ ਦੇ ਮੈਂਬਰਾਂ ਦਾ ਜਨਮ ਦਿਨ ਮਨਾਉਂਦਿਆਂ ਉਨ੍ਹਾਂ ਦੀ ਤੰਦਰੁਸਤੀ ਤੇ ਲੰਮੀ ਉਮਰ ਦੀ ਕਾਮਨਾ ਕੀਤੀ।

## ਡਾਕਟਰ ਓਬਰਾਏ ਨੇ ਪੀੜਤ ਮਰੀਜ਼ਾਂ ਦੀ ਫੜੀ ਬਾਂਹ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾ. ਐਸ.ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸ਼੍ਰੀ ਮੁਕਤਸਰ ਸਾਹਿਬ ਵਿਖੇ 14 ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਖਰੀਦਣ ਲਈ 16750 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਮਰੀਜ਼ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਹਨ, ਇਨ੍ਹਾਂ ਕੋਲ ਡਾਕਟਰ ਦੀ ਪਰਚੀ ਤਾਂ ਹੈ, ਪਰ ਦਵਾਈਆਂ ਖਰੀਦਣ ਲਈ ਪੈਸੇ ਨਹੀਂ ਹਨ ਤੇ ਬਿਮਾਰੀਆਂ ਕਾਰਨ ਕੰਮ ਕਰਨ ਤੋਂ ਵੀ ਅਸਮਰੱਥ ਹਨ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਨ੍ਹਾਂ ਮਰੀਜ਼ਾਂ ਦੇ ਹਾਲਾਤ ਨੂੰ ਦੇਖਦੇ ਹੋਏ ਇਨ੍ਹਾਂ ਦੀ ਦਵਾਈਆਂ ਦੀ ਪਰਚੀ ਮੁਤਾਬਕ ਟਰੱਸਟ ਦੀਆਂ ਹਦਾਇਤਾਂ ਅਨੁਸਾਰ ਡਾ ਓਬਰਾਏ ਨੂੰ ਬੇਨਤੀ ਪੱਤਰ ਭੇਜੇ ਗਏ ਸਨ ਤਾਂ ਉਨ੍ਹਾਂ ਵੱਲੋਂ ਤਰੁੰਤ ਪ੍ਰਵਾਨ ਕਰਨ ਉਪਰੰਤ ਟਰੱਸਟ ਦੀ ਸ਼੍ਰੀ ਮੁਕਤਸਰ ਸਾਹਿਬ ਟੀਮ ਰਾਹੀਂ ਇਨ੍ਹਾਂ ਨੂੰ ਸਹਾਇਤਾ ਰਾਸ਼ੀ ਦਿੱਤੀ ਗਈ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਮਰੀਜ਼ਾਂ ਵੱਲੋਂ ਡਾ ਓਬਰਾਏ ਦਾ ਧੰਨਵਾਦ ਕੀਤਾ ਗਿਆ ਤੇ ਕਿਹਾ ਕਿ ਇਸ ਉਪਰਾਲੇ ਨਾਲ ਸਾਨੂੰ ਤੰਦਰੁਸਤ ਜੀਵਨ ਬਤੀਤ ਕਰਨ ਦੀ ਉਮੀਦ ਬੱਝੀ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

11 Feb Page 3.qxd 2/10/2026 8:32 PM Page 1



## ਬਾਜਵਾ ਵੱਲੋਂ ਦਿੱਤੇ ਬਿਆਨ ਦੇ ਵਿਰੋਧ 'ਚ 'ਆਪ' ਵੱਲੋਂ ਰੋਸ ਪ੍ਰਦਰਸ਼ਨ





**ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ):** ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਹਾਲ ਹੀ ਵਿੱਚ ਦਿੱਤੇ ਗਏ ਬਿਆਨ ਨੂੰ ਲੈ ਕੇ ਰਾਜਨੀਤਿਕ ਮਾਹੌਲ ਗਰਮਾ ਗਿਆ ਹੈ।ਇਸ ਬਿਆਨ ਦੀ ਨਿਖੇਧੀ ਕਰਦਿਆਂ ਆਮ ਆਦਮੀ ਪਾਰਟੀ (ਆਪ) ਦੇ ਆਗੂ ਅਤੇ ਕਾਦੀਆਂ ਤੋਂ ਇੰਚਾਰਜ ਜਗਰੂਪ ਸਿੰਘ ਸੇਖਵਾਂ ਅਤੇ ਵਰਕਰਾਂ ਵੱਲੋਂ ਕਾਦੀਆਂ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ।ਪ੍ਰਦਰਸ਼ਨ ਦੌਰਾਨ ਵਰਕਰਾਂ ਨੇ ਪ੍ਰਤਾਪ ਸਿੰਘ ਬਾਜਵਾ ਦੇ ਘਰ ਦਾ ਘਿਰਾਓ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਮੌਕੇ ਤੇ ਮੌਜੂਦ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਪੁਲਸ ਬਲ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ।ਜਾਣਕਾਰੀ ਅਨੁਸਾਰ ਆਮ ਆਦਮੀ ਪਾਰਟੀ ਦੇ ਵਰਕਰ ਸਵੇਰੇ ਤੋਂ ਹੀ ਇਕੱਠੇ ਹੋਣ ਲੱਗ ਪਏ ਸਨ।ਵਰਕਰਾਂ ਦਾ ਕਹਿਣਾ ਸੀ ਕਿ ਬਾਜਵਾ ਵੱਲੋਂ ਦਿੱਤਾ ਗਿਆ ਬਿਆਨ ਨਾ ਸਿਰਫ਼ ਗਲਤ ਹੈ, ਸਗੋਂ ਇਸ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।ਇਸ ਮੌਕੇ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਆਗੂ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਜਨਤਾ ਵੱਲੋਂ ਚੁਣੇ ਗਏ ਨੇਤਾਵਾਂ ਨੂੰ ਆਪਣੇ ਬਿਆਨਾਂ ਵਿੱਚ ਸੰਜਮ ਰੱਖਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੂੰ ਇਸ ਤਰ੍ਹਾਂ ਦੇ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਰਾਜਨੀਤਿਕ ਮਾਹੌਲ ਖ਼ਰਾਬ ਹੁੰਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲੋਕ ਹਿੱਤਾਂ ਦੀ ਰਾਜਨੀਤੀ ਕਰਦੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਗਲਤ ਬਿਆਨਬਾਜ਼ੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਪ੍ਰਦਰਸ਼ਨ ਦੌਰਾਨ ਕੁਝ ਸਮੇਂ ਲਈ ਮਾਹੌਲ ਤਣਾਅਪੂਰਨ ਬਣ ਗਿਆ ਜਦੋਂ ਵਰਕਰਾਂ ਨੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਨੇ ਸ਼ਾਂਤੀਪੂਰਨ ਢੰਗ ਨਾਲ ਹਾਲਾਤ ਨੂੰ ਕਾਬੂ ਵਿੱਚ ਰੱਖਿਆ। ਪ੍ਰਸ਼ਾਸਨ ਵੱਲੋਂ ਵਰਕਰਾਂ ਨੂੰ ਸਮਝਾ ਕੇ ਵਾਪਸ ਭੇਜਿਆ ਗਿਆ, ਜਿਸ ਨਾਲ ਕੋਈ ਵੱਡੀ ਅਣਚਾਹੀ ਘਟਨਾ ਨਹੀਂ ਵਾਪਰੀ।ਇਸ ਮੌਕੇ ਜਗਰੂਪ ਸਿੰਘ ਸੇਖਵਾਂ, ਅਮਰਪਾਲ ਸਿੰਘ, ਡਾ. ਕਾਲੀਆ, ਗੁਰਮੇਜ ਸਿੰਘ, ਬਬੀਤਾ ਖੋਸਲਾ ਸਮੇਤ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਮੌਜੂਦ ਸਨ।ਪਾਰਟੀ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੀ ਬਿਆਨਬਾਜ਼ੀ ਜਾਰੀ ਰਹੀ ਤਾਂ ਉਹ ਲੋਕਤੰਤਰੀ ਢੰਗ ਨਾਲ ਆਪਣੇ ਵਿਰੋਧ ਨੂੰ ਹੋਰ ਤੇਜ਼ ਕਰਨਗੇ।

## ਐੱਫਟੀਏ ਸਮਝੌਤਾ ਰੱਦ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ



**ਮਜੀਠਾ (ਸੋਇਮ ਆਨੰਦ)-** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸਰਕਲ ਮਜੀਠਾ ਦੇ ਕਿਸਾਨ ਆਗੂਆਂ ਦੀ ਭਰਵੀਂ ਰੋਸ ਰੈਲੀ ਸਰਕਲ ਪ੍ਰਧਾਨ ਜਸਪਾਲ ਸਿੰਘ ਨਾਗ ਨਵੇਂ ਦੀ ਅਗਵਾਈ ਹੇਠ ਹੋਈ ਜਿਸ ਵਿਚ ਸਰਕਲ ਤੋਂ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਭਾਗ ਲਿਆ। ਰੈਲੀ ਵਿਚ ਵੱਖ-ਵੱਖ ਆਗੂਆਂ ਨੇ ਬੋਲਦਿਆਂ ਭਾਰਤ ਦਾ ਅਮਰੀਕਾ ਨਾਲ ਐੱਫ. ਟੀ. ਏ. ਦੇ ਤਹਿਤ ਕੀਤੇ ਗਏ ਸਮਝੌਤੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ।ਆਗੂਆਂ ਕਿਹਾ ਕਿ ਇਹ ਸਮਝੌਤਾ ਲਾਗੂ ਹੋਣ ਨਾਲ ਭਾਰਤੀ ਕਿਸਾਨਾਂ ਦਾ ਭਾਰੀ ਨੁਕਸਾਨ ਹੋਵੇਗਾ। ਇਸ ਲਈ ਸਮਝੌਤਾ ਤੁਰੰਤ ਰੱਦ ਹੋਣਾ ਚਾਹੀਦਾ ਹੈ।ਬੁਲਾਰਿਆਂ ਨੇ ਕਿਹਾ ਕਿ ਦੇਸ਼ ਦਾ ਕਿਸਾਨ ਪਹਿਲਾਂ ਹੀ ਤੰਗੀ ਵਿੱਚੋਂ ਗੁਜ਼ਰ ਰਿਹਾ ਹੈ। ਕਿਸਾਨਾਂ ਨੂੰ ਫਸਲਾਂ ਦੀ ਲਾਗਤ ਮੁਤਾਬਕ ਮੁੱਲ ਨਹੀਂ ਮਿਲ ਰਿਹਾ। ਕਿਸਾਨਾਂ ਸਿਰ ਕਰਜ਼ੇ ਦੀ ਪੰਡ ਵੱਡੀ ਹੁੰਦੀ ਜਾ ਰਹੀ ਹੈ ਜਿਸ ਕਰਕੇ ਤੰਗ ਹੋ ਕੇ ਕਿਸਾਨ ਖ਼ੁਦਕਸ਼ੀਆਂ ਕਰਨ ਲਈ ਮਜਬੂਰ ਹਨ।ਇਸ ਮੌਕੇ ਆਗੂਆਂ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਕਿਸਾਨਾਂ ਦੇ ਹਿੱਤਾਂ ਵਾਲੇ ਫੈਸਲੇ ਲਏ ਜਾਣ ਜਿਸ ਨਾਲ ਕਿਸਾਨ ਖ਼ੁਸ਼ਹਾਲ ਹੋਵੇਗਾ ਅਤੇ ਫਿਰ ਦੇਸ਼ ਵੀ ਖ਼ੁਸ਼ਹਾਲ ਹੋਵੇਗਾ।ਇਕੱਠੇ ਹੋਏ ਕਿਸਾਨਾਂ ਨੇ ਪਿੰਡ ਨਾਗ ਕਲਾਂ ਦੇ ਬੱਸ ਅੱਡੇ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪੁਤਲੇ ਸਾੜੇ ਗਏ।

ਇਸ ਦੌਰਾਨ ਆਗੂਆਂ ਚਿਤਾਵਨੀ ਦਿੱਤੀ ਕਿ ਸਮਝੌਤਾ ਰੱਦ ਹੋਣ ਤੱਕ ਕਿਸਾਨੀ ਸੰਘਰਸ਼ ਜਾਰੀ ਰਹੇਗਾ।ਇਸ ਮੌਕੇ ਕਿਸਾਨ ਆਗੂਆਂ ਵਿਚ ਅਮਰੀਕ ਸਿੰਘ ਸੰਗਤਪੁਰਾ, ਮੁਖਵੰਤ ਸਿੰਘ ਸੋਹੀਆਂ ਕਲਾਂ, ਮਜੀਠਾ ਸਰਕਲ ਪ੍ਰਧਾਨ ਜਸਪਾਲ ਸਿੰਘ ਨਾਗ ਨਵੇਂ, ਜਸਬੀਰ ਸਿੰਘ ਨਾਗ ਕਲਾਂ, ਕੁਲਦੀਪ ਸਿੰਘ ਨਾਗ ਕਲਾਂ, ਨਰਿੰਦਰ ਸਿੰਘ, ਰਣਜੀਤ ਸਿੰਘ, ਸੁਖਵੰਤ ਸਿੰਘ, ਪ੍ਰਭ ਸਿੰਘ ਸ਼ਾਹ, ਗੋਪਾਲ ਸਿੰਘ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।

## ਬਾਜੇਚੱਕ, ਬੱਬਰੀ ਨੰਗਲ ਤੇ ਤਲਵੰਡੀ ਵਿਰਕ 'ਚ ਸੜਕਾਂ ਦਾ ਕੰਮ ਸ਼ੁਰੂ



**ਗੁਰਦਾਸਪੁਰ, (ਦਿਨੇਸ਼ ਕੁਮਾਰ)-** ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਲਗਾਤਾਰ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ।ਪਿੰਡਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ।ਇਸੇ ਲੜੀ ਤਹਿਤ ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਨੇ 94 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਬਾਜੇਚੱਕ, ਬੱਬਰੀ ਨੰਗਲ ਅਤੇ ਤਲਵੰਡੀ ਵਿਰਕ ਵਿਖੇ ਸੜਕ ਬਣਾਉਣ ਦਾ ਨੀਂਹ ਪੱਥਰ ਰੱਖ ਕੇ ਕੰਮ ਸ਼ੁਰੂ ਕਰਵਾਇਆ।ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁੱਚਾ ਸਿੰਘ ਮੁਲਤਾਨੀ ਸਮੇਤ ਪਿੰਡਾਂ ਦੇ ਪੰਚ ਸਰਪੰਚ ਮੌਜੂਦ ਸਨ।ਇਸ ਮੌਕੇ ਰਮਨ ਬਹਿਲ ਨੇ ਦੱਸਿਆ ਕਿ ਪਿੰਡ ਬਾਜੇਚੱਕ ਵਿਖੇ 27 ਲੱਖ ਰੁਪਏ, ਬੱਬਰੀ ਨੰਗਲ ਵਿਖੇ 27 ਲੱਖ ਰੁਪਏ ਅਤੇ ਪਿੰਡ ਤਲਵੰਡੀ ਵਿਰਕ ਵਿਖੇ 40 ਲੱਖ ਰੁਪਏ ਦੀ ਲਾਗਤ ਨਾਲ ਸੜਕ ਨਿਰਮਾਣ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡਾਂ ਵਿਖੇ ਮੁੱਢਲੀਆਂ ਸਹੂਲਤਾਂ ਦੀ ਪੂਰਤੀ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਸੋਚ ਹੈ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਵੱਧ ਤੋਂ ਵੱਧ ਵਿਕਾਸ ਪ੍ਰੋਜੈਕਟ ਉਲੀਕੇ ਜਾਣ ਤਾਂ ਜੋ ਪਿੰਡਾਂ ਤੇ ਸ਼ਹਿਰ ਵਿਕਾਸ ਦੀਆਂ ਲੀਹਾਂ ਤੋਂ ਵਾਂਝੇ ਨਾ ਰਹਿਣ।ਉਨ੍ਹਾਂ ਕਿਹਾ ਕਿ ਪਿੰਡਾਂ ਅੰਦਰ ਸੜਕਾਂ, ਗਲੀਆਂ, ਨਾਲੀਆਂ ਆਦਿ ਹਰ ਪੱਖੋਂ ਸਹੂਲਤਾਂ ਦੀ ਪੂਰਤੀ ਨਾਲ ਲੈਸ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਉਹ ਦਿਨ ਰਾਤ ਲੋਕ ਭਲਾਈ ਕਾਰਜਾਂ ਵਿਚ ਲੱਗੇ ਹੋਏ ਹਨ ਤਾਂ ਜੋ ਲੋਕਾਂ ਨੂੰ ਸਰਕਾਰ ਦੀਆਂ ਸਕੀਮਾਂ ਤੇ ਯੋਜਨਾਵਾਂ ਦਾ ਲਾਹਾ ਮੁਹੱਈਆ ਕਰਵਾਇਆ ਜਾ ਸਕੇ।

## ਚਾਹਲ ਖੁਰਦ ਵਿਖੇ ਸੀਵਰੇਜ ਪਾਉਣ ਤੇ ਗਲੀਆਂ ਬਣਾਉਣ ਦੇ ਕਾਰਜ ਆਰੰਭ



**ਸ੍ਰੀ ਹਰਗੋਬਿੰਦਪੁਰ ਸਾਹਿਬ (ਡਾ. ਮਲਵਿੰਦਰ ਸਿੰਘ)-** ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵੱਲੋਂ ਹਲਕੇ ਅੰਦਰ ਨਿਰੰਤਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜਿਸ ਦੇ ਚੱਲਦਿਆਂ ਪਿੰਡ ਚਾਹਲ ਖੁਰਦ ਵਿਖੇ ਸੀਵਰੇਜ ਪਾਉਣ ਅਤੇ ਗਲੀਆਂ ਬਣਾਉਣ ਦੀ ਸ਼ੁਰੂਆਤ ਕੀਤੀ ਗਈ।ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਦੇ ਭਰਾ ਅਮਰੀਕ ਸਿੰਘ ਕਿਸ਼ਨਕੋਟ ਨੇ ਦੱਸਿਆ ਕਿ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਸੁਖਦੇਵ ਸਿੰਘ ਰੋਮੀ ਸਮੇਤ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਪਿੰਡਾਂ ਦੇ ਵਿਕਾਸ ਕਾਰਜ ਲਈ ਕਈ ਸਫਲ ਉਪਰਾਲੇ ਕੀਤੇ ਹਨ, ਜਿਸ ਦੇ ਚੱਲਦਿਆਂ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਨਿਰਮਾਣ ਕਾਰਜਾਂ ਸਮੇਤ ਵੱਖ-ਵੱਖ ਵਿਕਾਸ ਕੰਮ ਕਰਵਾਏ ਗਏ ਹਨ।ਉਨ੍ਹਾਂ ਕਿਹਾ ਕਿ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਦੀ ਅਗਵਾਈ ਹੇਠ ਇਤਿਹਾਸਕ ਅਤੇ ਧਾਰਮਿਕ ਹਲਕੇ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਸਰਬਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ ।ਪਿੰਡਾਂ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਗਏ ਹਨ।ਪਿੰਡਾਂ ਵਿੱਚ ਸ਼ਾਨਦਾਰ ਪਾਰਕਾਂ ਦੀ ਉਸਾਰੀ ਕੀਤੀ ਗਈ ਹੈ।ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ।

## ਭਲਕ ਦੀ ਹੜਤਾਲ 'ਚ ਬਿਜਲੀ ਕਾਮੇ ਕਰਨਗੇ ਭਰਵੀਂ ਸ਼ਮੂਲੀਅਤ : ਉਦੀਪੁਰ



**ਪਠਾਨਕੋਟ (ਬਲਵਿੰਦਰ ਸਿੰਘ ਬਿੱਲਾ)-** ਕੇਂਦਰ ਦੀਆਂ ਟਰੇਡ ਯੂਨੀਅਨਾਂ ਅਤੇ ਫੈਡਰੇਸ਼ਨਾਂ ਵੱਲੋਂ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਦੇਸ਼ ਭਰ ਵਿੱਚ ਕੀਤੀ ਜਾ ਰਹੀ ਹੜਤਾਲ ਵਿੱਚ ਬਿਜਲੀ ਮੁਲਾਜ਼ਮ ਵਧ ਚੜ੍ਹ ਕੇ ਸ਼ਾਮਲ ਹੋਣਗੇ। ਇਹ ਜਾਣਕਾਰੀ ਦਿੰਦਿਆਂ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਗੁਰਦਾਸਪੁਰ ਦੇ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਲਗਾਤਾਰ ਲੋਕ ਵਿਰੋਧੀ ਕਾਨੂੰਨ ਪਾਸ ਕਰ ਰਹੀ ਹੈ। ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਬਿਜਲੀ ਸੋਧ ਬਿੱਲ -2025 ਲੋਕਾਂ ਦੇ ਵਿਰੋਧ ਦੇ ਬਾਵਜੂਦ ਕੇਂਦਰ ਸਰਕਾਰ ਸਦਨ ਵਿੱਚ ਪੇਸ਼ ਕਰਨ ਜਾ ਰਹੀ ਹੈ। ਪੰਜਾਬ ਸਰਕਾਰ ਨੇ ਵੀ ਬਿਜਲੀ ਸੋਧ ਬਿੱਲ ਦਾ ਵਿਰੋਧ ਨਾ ਕਰਕੇ ਕੇਂਦਰ ਸਰਕਾਰ ਨਾਲ ਸਹਿਮਤ ਜਤਾਈ ਹੈ। ਬਿਜਲੀ ਨੂੰ ਆਮ ਲੋਕਾਂ ਦੇ ਭਲੇ ਦੀ ਬਜਾਏ ਮੁਨਾਫਾ ਕਮਾਉਣ ਲਈ ਵਰਤਿਆ ਜਾ ਰਿਹਾ ਹੈ। ਹੁਣ ਪੰਜਾਬ ਸਰਕਾਰ ਵੱਲੋਂ ਪਹਿਲਾਂ ਪੈਸੇ ਦਿਓ ਫਿਰ ਬਿਜਲੀ ਮਿਲੇਗੀ ਦਾ ਫ਼ਰਮਾਨ ਜਾਰੀ ਕਰ ਦਿੱਤਾ ਗਿਆ ਹੈ ਜਿਹੜਾ ਕਿ ਹੌਲੀ ਹੌਲੀ ਘਰੇਲੂ ਖਪਤਕਾਰਾਂ 'ਤੇ ਲਾਗੂ ਹੋ ਜਾਵੇਗਾ। ਇਸ ਲਈ ਸਾਨੂੰ ਸਾਰਿਆਂ ਨੂੰ ਸਾਂਝੇ ਸਿਰੜੀ ਸੰਘਰਸ਼ਾਂ ਰਾਹੀਂ ਜਥੇਬੰਦ ਹੋ ਕੇ ਇਸ ਬਿੱਲ ਨੂੰ ਪਾਸ ਹੋਣ ਤੋਂ ਰੋਕਣਾ ਸਮੇਂ ਦੀ ਲੋੜ ਹੈ। ਦੂਸਰੇ ਪਾਸੇ ਕੇਂਦਰ ਸਰਕਾਰ ਨੇ ਲੇਬਰ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਜਿਸ ਨਾਲ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾਂ 'ਤੇ ਅਸਰ ਪਵੇਗਾ। ਕਿਰਤੀ ਜਮਾਤ ਨੂੰ ਚੁਣੌਤੀਆਂ ਦਾਂ ਸਾਹਮਣਾ ਕਰਨਾ ਪਵੇਗਾ, ਇਸ ਲਈ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ, ਮੁਲਾਜ਼ਮਾਂ ਕਿਸਾਨਾਂ 'ਤੇ ਕੀਤੇ ਜਾ ਰਹੇ ਮਾਰੂ ਹਮਲਿਆਂ ਦਾ ਜਵਾਬ ਦੇਣ ਲਈ 12 ਫਰਵਰੀ ਦੀ ਹੜਤਾਲ 'ਚ ਪੂਰੀ ਸ਼ਕਤੀ ਨਾਲ ਸ਼ਾਮਲ ਹੋਣਾ ਚਾਹੀਦਾ ਹੈ। ਬਿਜਲੀ ਮੁਲਾਜ਼ਮ ਜਥੇਬੰਦੀਆਂ ਕਿਸਾਨ ਜਥੇਬੰਦੀਆਂ ਨਾਲ ਸਾਂਝੀਆਂ ਮੀਟਿੰਗਾਂ ਕਰਕੇ ਹੜਤਾਲ ਨੂੰ ਸਫਲ ਕਰਨ ਲਈ ਤਿਆਰੀ ਕਰ ਰਹੀਆਂ ਹਨ। ਸਾਥੀ ਉਦੀਪੁਰ ਨੇ ਸ਼ਾਂਤਮਈ ਸੰਘਰਸ਼ ਕਰ ਰਹੇ ਲੋਕਾਂ ਨੂੰ ਜਬਰੀ ਦਬਾਉਣ ਦੀ ਸਖ਼ਤ ਨਿੰਦਾ ਕੀਤੀ ਹੈ।

## ਪੀਐੱਸਈਬੀ ਵਿਦਿਆਰਥੀਆਂ ਨੂੰ ਤਰੁੱਟੀ ਸੋਧਣ ਦਾ ਇੱਕ ਹੋਰ ਮੌਕਾ ਦੇਵੇ : ਪ੍ਰਿੰ. ਤਰਸਿੱਕਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-** ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਹਰ ਸਾਲ ਵਿਦਿਆਰਥੀਆਂ ਦੇ ਉਹਨਾਂ ਦੇ ਨਾਂਅ, ਜਨਮ ਤਰੀਕ, ਮਾਤਾ-ਪਿਤਾ ਦੇ ਨਾਂਅ 'ਚ ਕਿਸੇ ਨਾ ਕਿਸੇ ਕਾਰਨ ਕੋਈ ਤਰੁੱਟੀ ਰਹਿ ਜਾਂਦੀ ਹੈ ਜਾਂ ਗਲਤ ਨਾਂਅ ਭਰਿਆ ਜਾਂਦਾ ਹੈ, ਉਸਨੂੰ ਸੋਧ ਕਰਨ ਦਾ ਮੌਕਾ ਜ਼ਰੂਰ ਦਿੰਦੀ ਹੈ। ਬੇਸ਼ੱਕ ਪਹਿਲਾਂ ਵੀ ਇੱਕ ਦੋ ਮੌਕੇ ਦਿੱਤੇ ਗਏ ਹਨ ਲੇਕਿਨ ਫਿਰ ਵੀ ਅਜੇ ਕੁਝ ਕੁ ਵਿਦਿਆਰਥੀਆਂ ਦੀਆਂ ਤਰੁੱਟੀਆਂ ਰਹਿ ਗਈਆਂ ਹਨ। ਇਹਦੇ ਸੰਬੰਧ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਨੇ ਆਪਣੀਆਂ ਦੁੱਖ ਤਕਲੀਫਾਂ ਦੀ ਕਹਾਣੀ ਸਮਾਜ ਸੇਵੀ ਸੰਸਥਾ ਕ੍ਰਾਂਤੀਕਾਰੀ ਤਰਕਸ਼ੀਲ ਲੋਕ ਚੇਤਨਾ ਲਹਿਰ ਦੇ ਪ੍ਰਧਾਨ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਨੂੰ ਦੱਸਦਿਆਂ ਕਿਹਾ ਕਿ ਸਾਡੇ ਨਾਂਅ ਵਿੱਚ ਕਿਸੇ ਨਾ ਕਿਸੇ ਕਾਰਨ ਤਰੁੱਟੀਆਂ ਰਹਿ ਗਈਆਂ ਹਨ ਜਿਸ ਕਾਰਨ ਅਸੀਂ ਕਾਫੀ ਪਰੇਸ਼ਾਨ ਹਾਂ। ਪ੍ਰਿੰਸੀਪਲ ਤਰਸਿੱਕਾ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕਰਦਿਆਂ ਕਿਹਾ ਕਿ ਪੇਪਰਾਂ ਤੋਂ ਪਹਿਲਾਂ ਪਹਿਲਾਂ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਇੱਕ ਹੋਰ ਮੌਕਾ ਤਰੁੱਟੀਆਂ ਨੂੰ ਸੋਧਣ ਦਾ ਦਿੱਤਾ ਜਾਵੇ ਤਾਂ ਕਿ ਵਿਦਿਆਰਥੀ ਆਪਣੇ ਨਾਂਅ, ਜਨਮ ਤਰੀਕ, ਮਾਂ ਬਾਪ ਦਾ ਨਾਂਅ ਜਾਂ ਕੋਈ ਹੋਰ ਸਪੈਲਿੰਗਾਂ ਨੂੰ ਠੀਕ ਕਰਵਾ ਸਕਣ। ਇਹ ਪੰਜਾਬ ਸਰਕਾਰ ਦਾ ਬਹੁਤ ਚੰਗਾ ਕੰਮ ਹੋਵੇਗਾ ਤਾਂ ਕਿ ਵਿਦਿਆਰਥੀਆਂ ਨੂੰ ਦੁਬਿਧਾ ਵਿੱਚੋਂ ਕੱਢਿਆ ਜਾ ਸਕੇ।

## ਹਿੰਦੂ ਕੰਨਿਆ ਮਹਾ-ਵਿਦਿਆਲਾ ਧਾਰੀਵਾਲ ਵਿਖੇ ਕੈਂਸਰ ਦਿਵਸ ਮਨਾਇਆ




**ਧਾਰੀਵਾਲ (ਮਨਦੀਪ ਵਿੱਕੀ)-** ਸਥਾਨਕ ਹਿੰਦੂ ਕੰਨਿਆ ਮਹਾ ਵਿਦਿਆਲਿਆ ਕਾਲਜ ਧਾਰੀਵਾਲ ਦੇ ਐੱਨ ਐੱਸ ਐੱਸ ਯੂਨਿਟ ਅਤੇ ਰੈੱਡ ਰਿਬਨ ਕਲੱਬ ਵੱਲੋਂ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ. ਅਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਦੀ ਅਗਵਾਈ ਹੇਠ ਕਾਲਜ ਵਿਖੇ ਕੈਂਸਰ ਦਿਵਸ ਮਨਾਇਆ ਗਿਆ। ਇਸ ਦੌਰਾਨ ਕਾਲਜ ਦੀਆਂ ਵਿਦਿਆਰਥਣਾਂ ਅਸਮੀਤ ਕੌਰ ਅਤੇ ਪਲਵੀ ਅੱਤਰੀ ਵੱਲੋਂ ਕੈਂਸਰ ਦੀ ਬਿਮਾਰੀ ਬਾਰੇ ਜਾਗਰੂਕਤਾ ਭਰਪੂਰ ਵਿਚਾਰ ਸਾਂਝੇ ਕੀਤੇ ਗਏ। ਉਨ੍ਹਾਂ ਨੇ ਕੈਂਸਰ ਦੀ ਬਿਮਾਰੀ ਨਾਲ ਸਬੰਧਿਤ ਲੱਛਣਾਂ ਅਤੇ ਇਸਦੀ ਰੋਕਥਾਮ ਸਬੰਧੀ ਜਾਣਕਾਰੀ ਵਿਦਿਆਰਥੀਆਂ ਨਾਲ ਸਾਂਝੀ ਕੀਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਕੈਂਸਰ ਦੀ ਬਿਮਾਰੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਸਰ ਦਿਵਸ ਨੂੰ ਮਨਾਉਣ ਦਾ ਮੁੱਖ ਮਕਸਦ ਲੋਕਾਂ ਨੂੰ ਇਸ ਬਿਮਾਰੀ ਸਬੰਧੀ ਜਾਗਰੂਕ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸਾਨੂੰ ਇਸ ਬਿਮਾਰੀ ਤੋਂ ਡਰਨਾ ਨਹੀਂ ਚਾਹੀਦਾ ਸਗੋਂ ਸਹੀ ਮੌਕੇ 'ਤੇ ਇਸ ਦੇ ਲੱਛਣਾਂ ਦੀ ਪਹਿਚਾਣ ਕਰਕੇ ਇਲਾਜ ਕਰਾਉਣਾ ਚਾਹੀਦਾ ਹੈ। ਇਸ ਬਿਮਾਰੀ ਨਾਲ ਜੂਝ ਰਹੇ ਵਿਅਕਤੀ ਨਾਲ ਪੂਰੀ ਹਮਦਰਦੀ ਰੱਖਣੀ ਚਾਹੀਦੀ ਹੈ। ਇਸ ਮੌਕੇ ਕਾਲਜ ਵਿਦਿਆਰਥਣਾਂ ਅਤੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

## ਰੋਜ਼ਗਾਰ ਦੇ ਬਿਹਤਰ ਮੌਕੇ ਹੀ ਨਸ਼ਿਆਂ 'ਤੇ ਲਗਾਮ ਲਗਾ ਸਕਦੇ : ਰਾਜਪਾਲ ਗੁਲਾਬ ਚੰਦ



**ਪੱਟੀ, (ਬਲਦੇਵ ਸਿੰਘ ਸੰਧੂ)-** ਰੋਜ਼ਗਾਰ ਦੇ ਬਿਹਤਰ ਮੌਕੇ ਹੀ ਨਸ਼ਿਆਂ 'ਤੇ ਲਗਾਮ ਲਗਾ ਸਕਦੇ ਹਨ।ਇਹ ਪ੍ਰਗਟਾਵਾ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪਿੰਡ ਸੇਰੋਂ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਮੁਲਾਕਾਤ ਦੌਰਾਨ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਰਾਜਪਾਲ ਕਟਾਰੀਆ ਨੇ ਕਿਹਾ ਕਿ ਗੁਆਂਢੀ ਮੁਲਕ ਵੱਲੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਰਾਹੀਂ ਸੂਬੇ ਦਾ ਮਾਹੌਲ ਖ਼ਰਾਬ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ, ਜਿਸ ਦਾ ਮੂੰਹ ਤੋੜ ਜਵਾਬ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨੂੰ ਸਿਰਫ਼ ਸਰਕਾਰੀ ਯਤਨਾਂ ਨਾਲ ਖਤਮ ਨਹੀਂ ਕੀਤਾ ਜਾ ਸਕਦਾ, ਇਸ ਲਈ ਸਮਾਜ ਦੇ ਹਰ ਵਰਗ, ਮਾਪਿਆਂ, ਅਧਿਆਪਕਾਂ, ਨੌਜਵਾਨਾਂ, ਆਮ ਲੋਕਾਂ ਅਤੇ ਪ੍ਰਸ਼ਾਸਨ ਨੂੰ ਮਿਲ ਕੇ ਸਰਗਰਮ ਭੂਮਿਕਾ ਨਿਭਾਉਣੀ ਪਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਵਿਰੁੱਧ ਜਨਤਕ ਜਾਗਰੂਕਤਾ ਵੱਧ ਰਹੀ ਹੈ ਅਤੇ ਇਹ ਹੁਣ ਇਕ ਲੋਕ ਲਹਿਰ ਦਾ ਰੂਪ ਧਾਰਨ ਕਰਨ ਲੱਗ ਪਈ ਹੈ।ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਅਤੇ ਖਾਲੀਪਣ ਨਸ਼ੇ ਦੀ ਲਤ ਦੇ ਮੂਲ ਕਾਰਨ ਹਨ।ਜੇਕਰ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਰਚਨਾਤਮਕ ਗਤੀਵਿਧੀਆਂ ਨਾਲ ਜੋੜਿਆ ਜਾਵੇ ਤਾਂ ਉਹ ਇਸ ਬੁਰਾਈ ਤੋਂ ਬਚ ਸਕਦੇ ਹਨ।ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਪੰਜਾਬ ਵੀਰਾਂ, ਸੰਤਾਂ ਅਤੇ ਸ਼ਹੀਦਾਂ ਦੀ ਧਰਤੀ ਹੈ, ਜਿਸ ਨੇ ਆਜ਼ਾਦੀ ਸੰਗਰਾਮ, ਦੇਸ਼ ਦੀ ਰੱਖਿਆ ਅਤੇ ਅਨਾਜ ਉਤਪਾਦਨ ਵਿਚ ਮੋਹਰੀ ਭੂਮਿਕਾ ਨਿਭਾਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਸ ਦੀ ਪੁਰਾਣੀ ਸ਼ਾਨ ਅਤੇ ਲੀਡਰਸ਼ਿਪ ਭੂਮਿਕਾ ਨੂੰ ਬਹਾਲ ਕਰਨ ਲਈ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਇਕ ਫੈਸਲਾਕੁੰਨ ਲੜਾਈ ਲੜਨੀ ਪਵੇਗੀ।ਰਾਜਪਾਲ ਨੇ ਮਾਵਾਂ ਨੂੰ ਬੱਚਿਆਂ ਦੇ ਜੀਵਨ ਵਿਚ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀ ਦੱਸਦਿਆਂ ਕਿਹਾ ਕਿ ਇਕ ਮਾਂ ਦੀ ਭੂਮਿਕਾ ਉਨ੍ਹਾਂ ਨੂੰ ਬੁਰੀ ਸੰਗਤ ਅਤੇ ਨਸ਼ੇ ਤੋਂ ਬਚਾਉਣ ਵਿਚ ਸਭ ਤੋਂ ਮਹੱਤਵਪੂਰਨ ਹੁੰਦੀ ਹੈ।ਉਨ੍ਹਾਂ ਕਿਹਾ ਕਿ ਵਿਲੇਜ ਡਿਫੈਂਸ ਕਮੇਟੀਆਂ ਦੀ ਭੂਮਿਕਾ ਨਸ਼ਾ ਵਿਰੋਧੀ ਮੁਹਿੰਮ ਵਿਚ ਬਹੁਤ ਮਹੱਤਵਪੂਰਨ ਹੈ ਅਤੇ ਉਹ ਤਕੜੇ ਹੋ ਕੇ ਆਪਣੇ ਪਿੰਡਾਂ ਦੀ ਨਿਗਰਾਨੀ ਕਰਨ।ਇਸ ਦੌਰਾਨ ਉਨ੍ਹਾਂ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਤੋਂ ਇਸ ਮੁਹਿੰਮ ਨੂੰ ਹੋਰ ਬਿਹਤਰ ਢੰਗ ਨਾਲ ਚਲਾਉਣ ਲਈ ਸੁਝਾਅ ਵੀ ਲਏ।ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਜਲਦ ਹੀ ਪੰਜਾਬ ਰੰਗਲਾ ਅਤੇ ਖੁਸ਼ਹਾਲ ਬਣੇਗਾ।ਇਸ ਮੌਕੇ ਰਾਜਪਾਲ ਪੰਜਾਬ ਦੇ ਸਕੱਤਰ ਵਿਵੇਕ ਪ੍ਰਤਾਪ ਸਿੰਘ, ਡੀ. ਆਈ. ਜੀ. ਸਨੇਹਦੀਪ ਸ਼ਰਮਾ, ਡਿਪਟੀ ਕਮਿਸ਼ਨਰ ਰਾਹੁਲ, ਐੱਸ. ਐੱਸ. ਪੀ. ਸੁਰਿੰਦਰ ਲਾਂਬਾ ਤੇ ਹੋਰ ਸ਼ਖਸੀਅਤਾਂ ਮੌਜੂਦ ਸਨ।

**● ਪਿੰਡ ਸੇਰੋਂ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਕੀਤੀ ਮੀਟਿੰਗ**

## ਖਾਲਸਾ ਕਾਲਜ ਆਫ ਲਾਅ ਵਿਖੇ ਲੇਖ ਪ੍ਰਤੀਯੋਗਤਾ ਕਰਵਾਈ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਖਾਲਸਾ ਕਾਲਜ ਆਫ਼ ਲਾਅ ਵਿਖੇ ਕਲਚਰਲ ਕਲੱਬ ਵੱਲੋਂ ਵਿਦਿਆਰਥੀਆਂ ਲਈ ਲੇਖ ਪ੍ਰਤੀਯੋਗਤਾ ਕਰਵਾਈ ਗਈ।ਕਾਲਜ ਡਾਇਰੈਕਟਰ-ਕਮ-ਪ੍ਰਿੰਸੀਪਲ ਪ੍ਰੋ. (ਡਾ.) ਜਸਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਈ ਗਈ ਉਕਤ ਪ੍ਰਤੀਯੋਗਤਾ 'ਚ ਬੀ. ਏ. ਐੱਲ. ਐੱਲ. ਬੀ. (ਪੰਜ ਸਾਲਾ ਕੋਰਸ), ਬੀ.ਕਾਮ. ਐੱਲ. ਐੱਲ. ਬੀ. (ਪੰਜ ਸਾਲਾ ਕੋਰਸ) ਅਤੇ ਐੱਲ. ਐੱਲ. ਬੀ. (ਤਿੰਨ ਸਾਲਾ ਕੋਰਸ) ਵੱਖ-ਵੱਖ ਸਮੈਸਟਰ ਦੇ ਵਿਦਿਆਰਥੀਆਂ ਨੇ ਭਾਗ ਲਿਆ ਜਿਸ 'ਚ ਕ੍ਰਮਵਾਰ ਅਰਪਨਜੀਤ ਕੌਰ, ਸ਼ਾਇਨਪ੍ਰੀਤ ਕੌਰ ਅਤੇ ਅੰਤਰਦੀਪ ਕੌਰ ਨੇ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਸਬੰਧੀ ਪ੍ਰੋ. (ਡਾ.) ਜਸਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਪ੍ਰਤੀਯੋਗਤਾ ਦਾ ਆਯੋਜਨ ਕਲਚਰਲ ਕਲੱਬ ਦੇ ਇੰਚਾਰਜ ਡਾ. ਹਰਪ੍ਰੀਤ ਕੌਰ ਵੱਲੋਂ ਕੀਤਾ ਗਿਆ ਅਤੇ ਪ੍ਰੋ. ਮਨਸੀਰਤ ਕੌਰ ਅਤੇ ਪ੍ਰੋ. ਪ੍ਰੇਰਨਾ ਸਿੰਘ ਨੇ ਜੱਜ ਵਜੋਂ ਭੂਮਿਕਾ ਨਿਭਾਈ।ਉਨ੍ਹਾਂ ਕਿਹਾ ਕਿ ਪ੍ਰਤੀਯੋਗਤਾ 'ਚ ਪਹਿਲਾ ਸਥਾਨ ਅਰਪਨਜੀਤ ਕੌਰ ਬੀ. ਏ. ਐੱਲ. ਐੱਲ. ਬੀ. (ਪੰਜ ਸਾਲਾ ਕੋਰਸ) ਅਠਵਾਂ ਸਮੈਸਟਰ, ਸ਼ਾਇਨਪ੍ਰੀਤ ਕੌਰ ਬੀ.ਕਾਮ.ਐੱਲ.ਐੱਲ.ਬੀ. (ਪੰਜ ਸਾਲਾ ਕੋਰਸ) ਚੌਥਾ ਸਮੈਸਟਰ ਨੇ ਦੂਸਰਾ ਸਥਾਨ ਅਤੇ ਅੰਤਰਦੀਪ ਕੌਰ ਬੀ. ਏ. ਐੱਲ. ਐੱਲ. ਬੀ. (ਪੰਜ ਸਾਲਾ ਕੋਰਸ) ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਪ੍ਰੋ. (ਡਾ.) ਜਸਪਾਲ ਸਿੰਘ ਨੇ ਕਾਰਜਕਾਰੀ ਪ੍ਰਿੰ. ਡਾ. ਗੁਨੀਸ਼ਾ ਸਲੂਜਾ ਨਾਲ ਮਿਲ ਕੇ ਜੇਤੂ ਵਿਦਿਆਥੀਆਂ ਨੂੰ ਸਰਟੀਫ਼ਿਕੇਟ ਅਤੇ ਮੋਮੈਂਟੋ ਨਾਲ ਸਨਮਾਨਿਤ ਕੀਤਾ ਗਿਆ ਅਤੇ ਬਾਕੀ ਵਿਦਿਆਥੀਆਂ ਨੂੰ ਪਾਰਟੀਸਿਪੇਸ਼ਨ ਸਰਟੀਫਿਕੇਟ ਪ੍ਰਦਾਨ ਕੀਤੇ।ਇਸ ਮੌਕੇ ਪ੍ਰੋ. (ਡਾ.) ਜਸਪਾਲ ਸਿੰਘ ਨੇ ਜੇਤੂਆਂ ਨੂੰ ਇਨਾਮ ਤਕਸੀਮ ਕਰਨ ਉਪਰੰਤ ਵਧਾਈ ਦਿੰਦਿਆਂ ਭਵਿੱਖ 'ਚ ਹੋਰ ਪ੍ਰਤੀਯੋਗਤਾਵਾਂ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਉਜਵਲ ਭਵਿੱਖ ਲਈ ਹੋਰ ਵੀ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਅਤੇ ਕਾਲਜ ਦੀਆਂ ਹੋਰ ਗਤੀਵਿਧੀਆਂ 'ਚ ਭਾਗ ਲੈ ਕੇ ਆਪਣਾ ਅਤੇ ਆਪਣੇ ਕਾਲਜ ਦਾ ਨਾਂਅ ਰੌਸ਼ਨ ਕਰਨ ਲਈ ਉਤਸ਼ਾਹਿਤ ਕੀਤਾ।

## ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਰੋਜ਼ਗਾਰ ਕੈਂਪ ਅੱਜ

**ਬਟਾਲਾ, (ਡਾ. ਮਲਵਿੰਦਰ ਸਿੰਘ)-** ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵੱਲੋਂ ਅੱਜ 11 ਫਰਵਰੀ ਦਿਨ ਬੁੱਧਵਾਰ ਨੂੰ ਇੱਕ ਰੋਜ਼ਗਾਰ ਕੈਂਪ ਦਾ ਲਗਾਇਆ ਜਾ ਰਿਹਾ ਹੈ। ਇਹ ਕੈਂਪ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਡੀ.ਸੀ ਦਫਤਰ ਕੰਪਲੈਕਸ ਗੁਰਦਾਸਪੁਰ ਦੇ ਕਮਰਾ ਨੰ: 217 ਬਲਾਕ-ਬੀ ਵਿੱਚ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ ਦੇ 2:30 ਵਜੇ ਤੱਕ ਲੱਗੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਸ਼ੋਤਮ ਸਿੰਘ, ਜ਼ਿਲ੍ਹਾ ਰੋਜ਼ਗਾਰ ਅਫਸਰ ਨੇ ਦੱਸਿਆਂ ਕਿ ਇਸ ਕੈਂਪ ਵਿਚ ਜ਼ਿਲ੍ਹਾ ਸੇਵਾ ਕੇਂਦਰ ਗੁਰਦਾਸਪੁਰ ਵਲੋਂ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿਚ ਕੰਪਿਊਟਰ ਅਪਰੇਟਰ ਰੱਖੇ ਜਾਣੇ ਹਨ, ਜਿਸ ਦੀ ਲਾਜ਼ਮੀ ਯੋਗਤਾ ਬਾਰ੍ਹਵੀਂ ਹੈ।ਮਾਰੂਤੀ ਸਜ਼ੂਕੀ ਬਟਾਲਾ ਅਤੇ ਗੁਰਦਾਸਪੁਰ ਲਈ ਵੱਖ-ਵੱਖ ਆਸਾਮੀਆਂ ਮੈਨੇਜਰ, ਇਲੈਕਟ੍ਰੀਸ਼ਨ, ਗੰਨਮੈਨ, ਸਕਿਊਰਿਟੀ ਗਾਰਡ, ਮਕੈਨਿਕ, ਸਪੇਅਰ ਪਾਰਟ ਮਕੈਨਿਕ, ਸਰਵਿਸ ਐਡਵਾਇਜਰ ਟੈਕਨੀਕਲ ਐਡਵਾਇਜਰ ਅਤ ਵਾਸ਼ਰਮੈਨ ਆਦਿ ਦੀ ਭਰਤੀ ਕੀਤੀ ਜਾਵੇਗੀ ਜਿਸ ਲਈ ਯੋਗਤਾ ਬਾਰਵੀਂ, ਗ੍ਰਜੂਏਸ਼ਨ, ਆਈਟੀਆਈ, ਡਿਪਲੋਮਾ ਮਕੈਨਿਕਲ ਯੋਗਤਾ ਲੋੜੀਂਦੀ ਹੈ ।ਇਸੇ ਤਰ੍ਹਾਂ ਐਕਸਿਸ ਬੈਂਕ ਵੱਲੋਂ ਅਸਿਸਟੈਂਟ ਮੈਨੇਜਰ ਦੀ ਭਰਤੀ ਕੀਤੀ ਜਾਵੇਗੀ, ਜਿਸ ਦੀ ਲੋੜੀਂਦੀ ਯੋਗਤਾ ਗ੍ਰੈਜੂਏਸ਼ਨ ਹੋਵੇਗੀ।ਸ੍ਰੀਰਾਮ ਫਾਇਨਾਂਸ ਵੱਲੋਂ ਸੇਲਜ਼ ਮੈਨੇਜਰ ਵਾਸਤੇ ਅਪਲਾਈ ਕਰਨ ਲਈ ਯੋਗਤਾ ਗ੍ਰੈਜੂਏਸ਼ਨ ਹੋਵੇਗੀ।ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਕਿ ਵਧ ਚੜ੍ਹ ਕੇ ਰੋਜ਼ਗਾਰ ਕੈਂਪ ਵਿੱਚ ਹਿੱਸਾ ਲੈਣ ਅਤੇ ਆਪਣਾ ਰੋਜ਼ਗਾਰ ਸੁਨਿਸ਼ਚਿਤ ਕਰਨ ਲਈ ਆਪਣੇ ਸਾਰੇ ਅਸਲੀ ਦਸਤਾਵੇਜ਼ (ਸਰਟੀਫਿਕੇਟ, ਆਧਾਰ ਕਾਰਡ, ਰੈਜ਼ਿਊਮ ਆਦਿ) ਨਾਲ ਸਮੇਂ ਸਿਰ ਪਹੁੰਚਣ।

## ਨੌਵੀਂ ਵੱਲੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ

**ਬਟਾਲਾ (ਡਾ. ਮਲਵਿੰਦਰ ਸਿੰਘ)-** ਬੀਤੇ ਦਿਨ ਬਟਾਲਾ ਦੇ ਡੀ .ਆਰ. ਹੈਰੀਟੇਜ ਪਬਲਿਕ ਸਕੂਲ ਵਿਖੇ ਨੌਵੀਂ ਜਮਾਤ ਵੱਲੋਂ ਦਸਵੀਂ ਜਮਾਤ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ ਜਿਸ ਵਿੱਚ ਸਕੂਲ ਦੀ ਪ੍ਰਿੰਸੀਪਲ ਹਰਪ੍ਰੀਤ ਕੌਰ ਅਤੇ ਸਮੂਹ ਅਧਿਆਪਕ, ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀ ਸ਼ਾਮਿਲ ਸਨ ।ਇਸ ਮੌਕੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪ੍ਰਕਾਰ ਦੀਆਂ ਭੰਗੜੇ ਤੇ ਡਾਂਸ ਦੀਆਂ ਆਈਟਮਾਂ ਪੇਸ਼ ਕੀਤੀਆਂ ਗਈਆਂ। ਦਸਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪ੍ਰਕਾਰ ਦੀਆਂ ਭੰਗੜੇ ਤੇ ਡਾਂਸ ਦੀਆਂ ਆਈਟਮਾਂ ਪੇਸ਼ ਕੀਤੀਆਂ ਗਈਆਂ।ਦਸਵੀਂ ਜਮਾਤ ਦੇ ਵਿਦਿਆਰਥੀਆਂ ਕੋਲੋਂ ਵੱਖ-ਵੱਖ ਪ੍ਰਕਾਰ ਦੀਆਂ ਖੇਡਾਂ ਵੀ ਖਿਡਵਾਈਆਂ ਗਈਆਂ।ਇਸ ਤੋਂ ਬਾਅਦ ਬੱਚਿਆਂ ਦੀ ਮਾਡਲਿੰਗ ਵੀ ਕਰਵਾਈ ਗਈ ਜਿਸ ਵਿੱਚ ਦਸਵੀਂ ਜਮਾਤ ਦਾ ਸਿਮਰਜੀਤ ਸਿੰਘ ਮਿਸਟਰ ਡੀ. ਆਰ. ਹੈਰੀਟੇਜ ਅਤੇ ਸਹਿਜ ਪ੍ਰੀਤ ਕੌਰ ਮਿਸ ਡੀ. ਆਰ. ਹੈਰੀਟੇਜ ਚੁਣਿਆ ਗਿਆ। ਮਿਸ ਵਰਸ ਟਾਈਲ ਰੋਜਨ ਕੁਮਾਰੀ, ਮਿਸ ਚਾਰਮਿੰਗ ਦ੍ਰਿਸ਼ਟੀ, ਮਿਸ ਆਗਿਆਕਾਰੀ ਸਹਾਨੀ, ਮਿਸ ਵੈੱਲ ਮੈਨਰਡ ਅਲੀਸ਼ਾ ਨੂੰ ਚੁਣਿਆ ਗਿਆ।ਪ੍ਰਿੰਸੀਪਲ ਹਰਪ੍ਰੀਤ ਕੌਰ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਮਿਹਨਤ ਨਾਲ ਤਿਆਰੀ ਕਰਕੇ ਇਮਤਿਹਾਨ ਦੇਣ ਲਈ ਉਤਸ਼ਾਹਿਤ ਕੀਤਾ ।ਪ੍ਰਿੰਸੀਪਲ ਨੇ ਵਿਦਿਆਰਥੀਆਂ ਦੇ ਉੱਜਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

## ਰਾਜਪਾਲ ਪੰਜਾਬ ਦੀ ਯੁੱਧ ਨਸ਼ਿਆਂ ਵਿਰੁੱਧ ਰੈਲੀ 'ਚ ਸੈਂਕੜੇ ਵਿਦਿਆਰਥੀ ਸ਼ਾਮਲ



**ਝਬਾਲ (ਹਰਜਿੰਦਰ ਸਿੰਘ ਸੋਨੀ)-** ਸਮਾਜਿਕ ਭਲਾਈ ਅਤੇ ਨਸ਼ਾ ਮੁਕਤ ਪੰਜਾਬ ਦੇ ਸੰਕਲਪ ਨੂੰ ਦੁਹਰਾਉਂਦੇ ਹੋਏ ਅੰਮ੍ਰਿਤਸਰ ਇੰਸਟੀਚਿਊਟਸ (ਅੰਮ੍ਰਿਤਸਰ ਕਾਲਜ ਆਫ਼ ਪੈਰਾਮੈਡੀਕਲ ਸਾਇੰਸਜ਼ ਅਤੇ ਅੰਮ੍ਰਿਤਸਰ ਕਾਲਜ ਆਫ਼ ਨਰਸਿੰਗ) ਖੈਰਦੀ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਮਾਨਯੋਗ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਹੇਠ ਕੱਢੀ ਗਈ ਯੁੱਧ ਨਸ਼ਿਆਂ ਵਿਰੁੱਧ ਰੈਲੀ ਵਿੱਚ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ।ਇਸ ਮੌਕੇ ਰਾਜਪਾਲ ਦਾ ਸਵਾਗਤ ਮੈਨੇਜਿੰਗ ਡਾਇਰੈਕਟਰ ਡਾ. ਨਿਪੁੰਨ ਪਾਸੀ ਅਤੇ ਪ੍ਰਿੰਸੀਪਲ ਡਾ. ਸੰਦੀਪ ਸਿੰਘ ਵੱਲੋਂ ਕੀਤਾ ਗਿਆ। ਇਸ ਨੋਬਲ ਕਾਰਜ ਲਈ ਸੰਸਥਾ ਦੇ 300 ਤੋਂ ਵੱਧ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਅਤੇ ਸਮਾਜ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ।

ਡਾ. ਸੰਦੀਪ ਸਿੰਘ ਨੇ ਇਸ ਮੌਕੇ ਕਿਹਾ ਕਿ ਸਾਡਾ ਉਦੇਸ਼ ਸਿਰਫ਼ ਮੈਡੀਕਲ ਸਿੱਖਿਆ ਦੇਣਾ ਹੀ ਨਹੀਂ, ਸਗੋਂ ਨੌਜਵਾਨਾਂ ਨੂੰ ਸਮਾਜਿਕ ਜ਼ਿੰਮੇਵਾਰੀ ਲਈ ਤਿਆਰ ਕਰਨਾ ਵੀ ਹੈ।ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਇੰਸਟੀਚਿਊਟਸ ਪੰਜਾਬ ਸਰਕਾਰ ਦੀ ਇਸ ਮੁਹਿੰਮ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।ਇਸ ਸਮੇਂ ਰੈਲੀ ਦੌਰਾਨ ਵਿਦਿਆਰਥੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ਨਸ਼ਾ ਮੁਕਤ ਸਮਾਜ ਦਾ ਹੋਕਾ ਦਿੱਤਾ।

## ਗੰਦੀ ਨਾਲੇ 'ਤੇ ਬਣੇ ਪੁਲ ਦੀ ਚੌੜਾਈ ਘੱਟ ਹੋਣ ਕਾਰਨ ਹਾਦਸੇ ਵਾਪਰਨ ਦਾ ਡਰ




**ਗੁਰਦਾਸਪੁਰ, (ਜਨਕ ਮਹਾਜਨ)-** ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਪੁਰਾਣਾ ਸ਼ਾਲਾ ਤੇ ਦਊਵਾਲ ਨਾਕੇ ਵਿਚਕਾਰ ਪੈਂਦੇ ਪਿੰਡ ਜਗਤਪੁਰ ਨੇੜੇ ਸੜਕ ਵਿੱਚੋਂ ਲੰਘਦੇ ਗੰਦੀ ਨਾਲੇ 'ਤੇ ਪੁਲ ਦੀ ਰੇਲਿੰਗ ਟੁੱਟਣ ਅਤੇ ਪੁਲ ਦੀ ਖਸਤਾ ਹਾਲਤ ਨੂੰ ਲੈ ਕੇ ਲੋਕਾਂ ਦਾ ਸਬੰਧਿਤ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਪੁਲ ਉਤੋਂ ਭਾਰੀ ਵਾਹਨ ਲੰਘਣ ਵੇਲੇ ਪੁੱਲ ਕੰਬਣ ਲੱਗ ਜਾਂਦਾ ਹੈ ਅਤੇ ਇਸ ਦੇ ਦੋਵੇਂ ਪਾਸੇ ਕੰਢੇ ਨੂੰ ਖੋਰ ਲੱਗ ਚੁੱਕੀ ਹੈ ਜਿਸ ਨਾਲ ਕੋਈ ਵੀ ਵਹੀਕਲ ਕੰਡੇ 'ਤੇ ਫਿਸਲ ਕੇ ਨਾਲੇ ਵਿਚ ਡਿੱਗ ਸਕਦਾ ਹੈ। ਪੁਲ ਦੀ ਚੌੜਾਈ ਵੀ ਘੱਟ ਹੋਣ 'ਤੇ ਹਨੇਰ-ਸਵੇਰੇ ਕਈ ਵਹੀਕਲ ਨਾਲੇ ਦੀ ਰੇਲਿੰਗ ਤੋੜ ਕੇ ਨਾਲੇ ਵਿਚ ਡਿੱਗ ਚੁੱਕੇ ਹਨ। ਪੁਲ ਦੀ ਚੌੜਾਈ ਘੱਟ ਹੋਣ ਕਾਰਨ ਦੋ ਵੱਡੇ ਵਾਹਨਾਂ ਦਾ ਪੁੱਲ ਉਤੋਂ ਲੰਘਣਾ ਔਖਾ ਹੋ ਜਾਂਦਾ ਹੈ ਤੇ ਵਾਹਨ ਆਪਸ ਵਿਚ ਫਸ ਜਾਂਦੇ ਹਨ। ਲੋਕਾਂ ਦਾ ਕਹਿਣਾ ਕਿ ਪੁਲ ਦੇ ਬਣਨ ਵੇਲੇ ਇਸ ਸੜਕ 'ਤੇ ਆਵਾਜਾਈ ਬਹੁਤ ਘੱਟ ਸੀ ਜਦਕਿ ਇਸ ਸੜਕ 'ਤੇ ਹੁਣ ਆਵਾਜਾਈ ਅੱਗੇ ਨਾਲੋਂ ਬਹੁਤ ਜ਼ਿਆਦਾ ਵੱਧ ਚੁੱਕੀ ਹੈ। ਜ਼ਿਕਰਯੋਗ ਹੈ ਕਿ ਇਸ ਪੁਲ ਰਾਹੀਂ ਦਿਲੀ, ਚੰਡੀਗੜ੍ਹ, ਅੰਬਾਲਾ, ਹੁਸ਼ਿਆਰਪੁਰ, ਜਲੰਧਰ ਆਦਿ ਤੋਂ ਛੋਟੇ, ਵੱਡੇ ਵਾਹਨ ਜੰਮੂ, ਊਧਮਪੁਰ, ਸ੍ਰੀਨਗਰ ਆਦਿ ਸ਼ਹਿਰਾਂ ਨੂੰ ਦਿਨ ਰਾਤ ਵੱਡੀ ਗਿਣਤੀ ਵਿਚ ਗੁਜ਼ਰਦੇ ਹਨ ਜਿਸ ਨਾਲ ਇਸ ਸੜਕ 'ਤੇ ਟਰੈਫ਼ਿਕ ਦਾ ਬਹੁਤ ਜ਼ੋਰ ਹੈ ਪਰ ਸੜਕ ਦੀ ਚੌੜਾਈ ਪਹਿਲੇ ਜਿੰਨੀ ਹੀ ਹੈ। ਇਲਾਕਾ ਵਾਸੀਆਂ ਦੀ ਮੰਗ ਹੈ ਕਿ ਇਸ ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੇ ਇਸ ਪੁਲ ਦੀ ਹਾਲਤ ਸੁਧਾਰਨ ਦੇ ਨਾਲ-ਨਾਲ ਇਸ ਨੂੰ ਚੌੜਾ ਕਰਕੇ ਇਸ ਦੀ ਟੁੱਟੀ ਰੇਲਿੰਗ ਦੀ ਮੁਰੰਮਤ ਕਰਵਾਈ ਕਰਵਾਈ ਤਾਂ ਜੋ ਪੁੱਲ 'ਤੇ ਕੋਈ ਵੀ ਹਾਦਸਾ ਨਾ ਵਾਪਰ ਸਕੇ।

## ਪ੍ਰਧਾਨ ਮੰਤਰੀ ਮੋਦੀ ਨੂੰ ਅੰਮ੍ਰਿਤਸਰ-ਨਾਂਦੇੜ ਉਡਾਣ ਜਲਦ ਸ਼ੁਰੂ ਕਰਵਾਉਣ ਦੀ ਅਪੀਲ


**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ, ਅੰਮ੍ਰਿਤਸਰ ਵਿਕਾਸ ਮੰਚ, ਗੁਰੂ ਰਾਮ ਦਾਸ ਫਾਊਂਡੇਸ਼ਨ (ਯੂਐੱਸਏ) ਅਤੇ ਸੇਵਾ ਟਰੱਸਟ ਯੂ.ਕੇ. ਨੇ ਸਾਂਝੇ ਤੌਰ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਅੰਮ੍ਰਿਤਸਰ ਅਤੇ ਨਾਂਦੇੜ ਦਰਮਿਆਨ ਸਿੱਧੀ ਉਡਾਣ ਜਲਦ ਸ਼ੁਰੂ ਕਰਨ ਲਈ ਦਖ਼ਲ ਦੇਣ ਦੀ ਮੰਗ ਕੀਤੀ ਹੈ।ਇਸ ਸਾਂਝੇ ਪੱਤਰ ਨੂੰ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ, ਕੈਨੇਡਾ ਤੋਂ ਮੰਚ ਦੇ ਓਵਰਸੀਜ਼ ਸਕੱਤਰ ਅਨੰਤਦੀਪ ਸਿੰਘ ਢਿੱਲੋਂ, ਅਮਰੀਕਾ ਤੋਂ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ, ਗੁਰੂ ਰਾਮਦਾਸ ਫਾਊਂਡੇਸ਼ਨ (ਅਮਰੀਕਾ) ਦੇ ਡਾਇਰੈਕਟਰ ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸਵਿੰਦਰ ਸਿੰਘ ਅਤੇ ਸੇਵਾ ਟਰੱਸਟ ਯੂਕੇ ਅਤੇ ਇੰਡੀਆ ਦੇ ਚੇਅਰਮੈਨ ਚਰਨ ਕੰਵਲ ਸਿੰਘ ਸੇਖੋਂ ਐਮਬੀਈ ਵੱਲੋਂ ਪੰਜਾਬ ਅਤੇ ਵਿਸ਼ਵ ਭਰ ਵਿੱਚ ਵੱਸਦੇ ਸਿੱਖ ਅਤੇ ਪੰਜਾਬੀ ਭਾਈਚਾਰੇ ਦੀ ਸਾਂਝੀ ਆਵਾਜ਼ ਦੀ ਤਰਜਮਾਨੀ ਕਰਦੇ ਹੋਏ ਜਾਰੀ ਕੀਤਾ ਗਿਆ ਹੈ।ਪੱਤਰ ਵਿੱਚ ਇਨ੍ਹਾਂ ਸੰਸਥਾਵਾਂ ਨੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਹਵਾਈ ਸੰਪਰਕ ਵਿੱਚ ਹੋਏ ਮਹੱਤਵਪੂਰਨ ਸੁਧਾਰਾਂ ਲਈ ਧੰਨਵਾਦ ਪ੍ਰਗਟਾਇਆ ਹੈ।ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਅੰਮ੍ਰਿਤਸਰ-ਲੰਡਨ ਅਤੇ ਅੰਮ੍ਰਿਤਸਰ-ਬਰਮਿੰਘਮ ਵਰਗੇ ਅੰਤਰਰਾਸ਼ਟਰੀ ਰੂਟਾਂ ਦੇ ਲਗਾਤਾਰ ਚੱਲਣ ਅਤੇ 'ਉੜੇ ਦੇਸ਼ ਕਾ ਆਮ ਨਾਗਰਿਕ (ਉਡਾਣ)' ਸਕੀਮ ਤਹਿਤ ਘਰੇਲੂ ਉਡਾਣਾਂ ਦੇ ਵਿਸਤਾਰ ਦਾ ਜ਼ਿਕਰ ਕੀਤਾ।ਇਸ ਪੱਤਰ ਵਿੱਚ ਨਵੰਬਰ 2024 ਵਿੱਚ ਮਹਾਰਾਸ਼ਟਰ ਚੋਣ ਰੈਲੀ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਭਰੋਸੇ ਦਾ ਹਵਾਲਾ ਦਿੱਤਾ ਗਿਆ ਹੈ।ਉਸ ਸਮੇਂ ਪ੍ਰਧਾਨ ਮੰਤਰੀ ਮੋਦੀ ਨੇ ਜ਼ਿਕਰ ਕੀਤਾ ਸੀ ਕਿ ਜਿੱਥੇ ਨਾਂਦੇੜ-ਆਦਮਪੁਰ ਉਡਾਣਾਂ ਸ਼ੁਰੂ ਹੋ ਚੁੱਕੀਆਂ ਹਨ, ਉਥੇ ਹੀ ਸਿੱਖ ਸੰਗਤ ਜਲਦ ਹੀ ਨਾਂਦੇੜ ਅਤੇ ਅੰਮ੍ਰਿਤਸਰ ਵਿਚਕਾਰ ਸਿੱਧੀ ਉਡਾਣ ਲੈ ਸਕੇਗੀ।ਇਸ ਭਰੋਸੇ ਨੇ ਭਾਰਤ ਅਤੇ ਦੁਨੀਆ ਭਰ ਦੇ ਸ਼ਰਧਾਲੂਆਂ ਵਿੱਚ ਭਾਰੀ ਉਮੀਦ ਜਗਾਈ ਸੀ।

## ਡੇਰਾ ਬਾਬਾ ਨਾਨਕ ਤੋਂ ਗੁਰਦਾਸਪੁਰ ਨੂੰ ਆਉਣ-ਜਾਣ ਵਾਲੀਆਂ ਬੱਸਾਂ ਦੀ ਘਾਟ ਕਾਰਨ ਲੋਕ ਪ੍ਰੇਸ਼ਾਨ




**ਗੁਰਦਾਸਪੁਰ, (ਜਨਕ ਮਹਾਜਨ)-** ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਡੇਰਾ ਬਾਬਾ ਨਾਨਕ ਤੋਂ ਗੁਰਦਾਸਪੁਰ ਆਉਣ ਵਾਲੇ ਮੁਲਾਜ਼ਮ ਤਬਕਾ ਅਤੇ ਵਿਦਿਆਰਥੀਆਂ ਨੂੰ ਸਵੇਰ ਸਮੇਂ ਬੱਸ ਸਰਵਿਸ ਨਾ ਹੋਣ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਮਾਜ ਸੇਵਕ ਰਾਜਕੁਮਾਰ ਤੇ ਮੁਲਾਜ਼ਮ ਦੀਪਕ ਕੁਮਾਰ, ਗੁਰਨਾਮ ਸਿੰਘ, ਮੈਡਮ ਹਰਜੀਤ ਕੌਰ ਅਤੇ ਮੈਡਮ ਪ੍ਰਭਜੋਤ ਕੌਰ ਆਦਿ ਨੇ ਦੱਸਿਆ ਕਿ ਉਹ ਅਤੇ ਹੋਰ ਸਕੂਲੀ, ਕਾਲਜ ਵਿਦਿਆਰਥੀ ਜੋ ਰੋਜ਼ਾਨਾ ਆਪਣੀਆਂ-ਆਪਣੀਆਂ ਨੌਕਰੀਆਂ ਕਰਨ, ਸਕੂਲਾਂ, ਕਾਲਜਾਂ ਆਦਿ ਵਿਚ ਪੜ੍ਹਨ ਵਾਸਤੇ ਡੇਰਾ ਬਾਬਾ ਨਾਨਕ ਤੋਂ ਗੁਰਦਾਸਪੁਰ ਆਉਂਦੇ ਹਨ, ਉਨ੍ਹਾਂ ਨੂੰ ਸਵੇਰ ਸਾਰ ਇੱਥੋਂ ਬੱਸ ਸਰਵਿਸ ਘੱਟ ਨਾ ਮਿਲਣ ਕਾਰਨ ਕਾਫੀ ਮੁਸ਼ਕਿਲਾਂ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਡੇਰਾ ਬਾਬਾ ਨਾਨਕ ਤੋਂ ਸਵੇਰੇ ਪਹਿਲੀ ਬੱਸ 6. 50 ਅਤੇ ਦੂਜੀ ਬੱਸ 9 ਵਜੇ ਚਲਦੀ ਹੈ। ਇਨ੍ਹਾਂ ਦੋ ਘੰਟਿਆਂ ਤੋਂ ਵੱਧ ਸਮੇਂ ਵਿਚਕਾਰ ਕੋਈ ਬੱਸ ਸਰਵਿਸ ਗੁਰਦਾਸਪੁਰ ਵਾਸਤੇ ਨਹੀਂ ਹੈ ਜਿਸ ਕਰਕੇ ਮੁਲਾਜ਼ਮ ਅਤੇ ਵਿਦਿਆਰਥੀਆਂ ਤੋਂ ਇਲਾਵਾ ਕੋਰਟ ਕਚਹਿਰੀਆਂ ਵਿੱਚ ਕੰਮ ਕਰਵਾਉਣ ਆਉਣ ਵਾਲੇ ਲੋਕ ਵੀ ਕਾਫੀ ਖੱਜਲ-ਖੁਆਰ ਹੁੰਦੇ ਹਨ ਪਰ ਪ੍ਰਸ਼ਾਸਨ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਹੋਰ ਲੋਕਾਂ ਨੇ ਵੀ ਦੱਸਿਆ ਕਿ ਡੇਰਾ ਬਾਬਾ ਨਾਨਕ ਤੋਂ ਬਟਾਲਾ ਨੂੰ ਵੀ ਬੱਸ ਸਰਵਿਸ ਦਾ ਮਾੜਾ ਹਾਲ ਹੈ ਕਿਉਂਕਿ ਉਸ ਰੂਟ 'ਤੇ ਵੀ ਬੱਸਾਂ ਘੱਟ ਚਲਦੀਆਂ ਹਨ ਜਿਸ ਕਰਕੇ ਸਵਾਰੀਆਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ। ਆਪ ਦੇ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਇੰਚਾਰਜ ਰਾਜੀਵ ਸ਼ਰਮਾ ਨੇ ਦੱਸਿਆ ਕਿ ਜਨਰਲ ਮੈਨੇਜਰ ਪੰਜਾਬ ਰੋਡਵੇਜ਼ ਬਟਾਲਾ ਨਾਲ ਗੱਲਬਾਤ ਕਰਕੇ ਇਸ ਰੂਟ 'ਤੇ ਬੱਸਾਂ ਦੀ ਗਿਣਤੀ ਵਧਾਉਣ ਦੀ ਕੋਸ਼ਿਸ਼ ਕਰਨਗੇ।

## ਸਾਬਕਾ ਵਾਈਸ ਚੇਅਰਮੈਨ ਦੁਰਗਾ ਦਾਸ ਨੇ ਮਜੀਠੀਆ ਨੂੰ ਕੀਤਾ ਸਨਮਾਨਿਤ




**ਮਜੀਠਾ (ਸੋਇਮ ਆਨੰਦ)-** ਪੰਜਾਬ ਸਰਕਾਰ ਵਲੋਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਝੂਠੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ ਸੀ ਪਰ ਦੇਸ਼ ਦੀ ਸਰਵ ਉੱਚ ਅਦਾਲਤ ਨੇ ਉਨ੍ਹਾਂ ਦੇ ਸਾਰੇ ਕੇਸਾਂ ਦੀ ਨਿਰਪੱਖ ਜਾਂਚ ਕਰਕੇ ਉਨ੍ਹਾਂ ਨੂੰ ਬਿਨਾਂ ਸ਼ਰਤ ਜ਼ਮਾਨਤ ਤੇ ਰਿਹਾਅ ਕਰਕੇ ਦੇਸ਼ ਵਾਸੀਆਂ ਦੇ ਨਿਆਂ ਪਾਲਿਕਾ ਉਪਰ ਭਰੋਸੇ ਨੂੰ ਹੋਰ ਮਜ਼ਬੂਤ ਕੀਤਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਮਜੀਠਾ ਦੇ ਸਾਬਕਾ ਵਾਈਸ ਚੇਅਰਮੈਨ ਦੁਰਗਾ ਦਾਸ ਨੇ ਬਿਕਰਮ ਸਿੰਘ ਮਜੀਠੀਆ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਸਨਮਾਨਿਤ ਕਰਨ ਉਪਰੰਤ ਮਜੀਠਾ ਵਿਖੇ ਆ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਅਕਾਲੀ ਦਲ ਦੇ ਵਰਕਰਾਂ ਨੂੰ ਜਿੰਨਾ ਮਰਜ਼ੀ ਤੰਗ ਪਰੇਸ਼ਾਨ ਕਰ ਲਵੇ ਪਰ ਇਹ ਨਾ ਕਦੀ ਡਰੇ ਅਤੇ ਨਾ ਹੀ ਕਦੀ ਡਰਨਗੇ ।ਉਨ੍ਹਾਂ ਕਿਹਾ ਕਿ ਮਜੀਠੀਆ ਪਹਿਲਾਂ ਵੀ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕਰਦੇ ਆਏ ਹਨ ਅਤੇ ਭਵਿੱਖ ਵਿੱਚ ਵੀ ਕਰਦੇ ਰਹਿਣਗੇ ।ਅਕਾਲੀ ਵਰਕਰ ਸਰਕਾਰ ਦੀਆਂ ਗਿੱਦੜ ਭਬਕੀਆਂ ਅੱਗੇ ਨਹੀਂ ਝੁਕਣਗੇ ।ਦੁਰਗਾ ਦਾਸ ਅਤੇ ਉਨ੍ਹਾਂ ਦੇ ਸਾਥੀਆਂ ਨੇ ਮਜੀਠੀਆ ਅਤੇ ਹਲਕਾ ਵਿਧਾਇਕ ਗਨੀਵ ਕੌਰ ਮਜੀਠੀਆ ਨੂੰ ਮਿਲ ਕੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਹਲਕੇ ਦੇ ਲੋਕ ਉਨ੍ਹਾਂ ਦੇ ਨਾਲ ਡਟ ਕੇ ਖੜ੍ਹੇ ਹਨ ।ਇਸ ਮੌਕੇ ਉਨ੍ਹਾਂ ਨਾਲ ਐਡਵੋਕੇਟ ਰਾਕੇਸ਼ ਕੁਮਾਰ, ਐਡਵੋਕੇਟ ਪ੍ਰਸ਼ਾਂਤ ਸ਼ਰਮਾ, ਸਾਬਕਾ ਚੇਅਰਮੈਨ ਅਮਨਦੀਪ ਗਿੱਲ ਸੁਪਰਵਿੰਡ, ਦੀਪਕ ਆੜ੍ਹਤੀਆ, ਟਿੰਕੂ ਆੜ੍ਹਤੀਆ ਆਦਿ ਹਾਜ਼ਰ ਸਨ ।

## ਰਾਜਪਾਲ ਵੱਲੋਂ ਸੇਰੋਂ ਵਿਖੇ ਸਖੀ ਸਿਰਜਣ ਕੇਂਦਰ ਦਾ ਉਦਘਾਟਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)-** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਆਪਣੇ ਤਰਨ ਤਾਰਨ ਦੇ ਦੌਰੇ ਦੌਰਾਨ ਪਿੰਡ ਸੇਰੋਂ ਵਿਖੇ ਲਰਨਿੰਗ ਸੈਂਟਰ ਬਿਲਡਿੰਗ ਵਿੱਚ ਸਖੀ ਸਿਰਜਣ ਕੇਂਦਰ ਦੀ ਨਵੀਂ ਬਿਲਡਿੰਗ ਦਾ ਉਦਘਾਟਨ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਸੈਂਟਰ ਵਿੱਚ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਪਿੰਡਾਂ ਦੀਆਂ ਔਰਤਾਂ ਨੂੰ ਸਿਲਾਈ ਅਤੇ ਕਢਾਈ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ।ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਰੈੱਡ ਕ੍ਰਾਸ ਰਾਹੀਂ ਸ਼ੁਰੂ ਕੀਤੇ ਗਏ ਇਸ ਸੈਂਟਰ ਦੀ ਸ਼ਲਾਘਾ ਕਰਦਿਆਂ ਰਾਜਪਾਲ ਕਟਾਰੀਆ ਨੇ ਕਿਹਾ ਕਿ ਸਸ਼ਕਤੀਕਰਨ ਨਾਲ ਹੀ ਔਰਤਾਂ ਮਜ਼ਬੂਤ ਬਣ ਸਕਦੀਆਂ ਹਨ। ਇਸ ਦੌਰਾਨ ਉਨ੍ਹਾਂ ਸੈਂਟਰ ਵਿੱਚ ਟ੍ਰੇਨਿੰਗ ਲੈ ਰਹੀਆਂ ਔਰਤਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਵੱਲੋਂ ਤਿਆਰ ਕੀਤੇ ਵਸਤਰਾਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਰਾਜਪਾਲ ਪੰਜਾਬ ਦੇ ਸਕੱਤਰ ਵਿਵੇਕ ਪ੍ਰਤਾਪ ਸਿੰਘ, ਡੀਆਈਜੀ ਸਨੇਹਦੀਪ ਸ਼ਰਮਾ, ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ, ਐੱਸਐੱਸਪੀ ਸੁਰੇਂਦਰ ਲਾਂਬਾ, ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਦੇ ਸਕੱਤਰ ਸਰਬਜੀਤ ਸਿੰਘ ਥਿੰਦ ਤੇ ਹੋਰ ਸ਼ਖਸੀਅਤਾਂ ਮੌਜੂਦ ਸਨ।

## ਟ੍ਰੇਡ ਯੂਨੀਅਨਾਂ ਵੱਲੋਂ ਭਲਕ ਦੀ ਹੜਤਾਲ 'ਚ ਸ਼ਾਮਲ ਹੋਣ ਦਾ ਐਲਾਨ



**ਪਠਾਨਕੋਟ (ਦਵਿੰਦਰ ਸਿੰਘ)-** ਮਲਕਪੁਰ ਵਿਖੇ ਕਾਮਰੇਡ ਬਲਵੰਤ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿੱਚ 12 ਫਰਵਰੀ ਦੀ ਹੜਤਾਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬਿਜਲੀ ਬੋਰਡ ਦੀ ਕੀਮਤੀ ਜ਼ਮੀਨ ਵੇਚਣ ਦਾ ਫੈਸਲਾ ਕੀਤਾ ਗਿਆ ਹੈ। ਲੋਕਾ ਦੇ ਪੈਸੇ ਨਾਲ ਬਣਾਈ ਇਹ ਜ਼ਮੀਨ ਵੇਚਣ ਨਹੀਂ ਦਿਆਂਗੇ।ਸਰਕਾਰ ਵੱਲੋਂ ਬਣਾਇਆ ਬਿਜਲੀ ਸੋਧ ਬਿੱਲ -2025 ਲੋਕ ਵਿਰੋਧੀ ਬਿੱਲ ਹੈ ਜੋ ਮਹਿਕਮੇ ਦਾ ਨਿੱਜੀਕਰਨ ਕਰ ਦੇਵੇਗਾ ਜਿਸ ਨਾਲ ਲੋਕਾਂ ਦੀਆਂ ਸਬਸਿਡੀਆਂ ਅਤੇ ਸਹੂਲਤਾਂ ਖਤਮ ਹੋ ਜਾਣਗੀਆਂ।ਮੁਲਾਜ਼ਮਾਂ ਦਾ ਰੁਜ਼ਗਾਰ ਖਤਮ ਹੋ ਜਾਵੇਗਾ।ਇਸ ਦਾ ਜੱਥੇਬੰਦੀ ਵਿਰੋਧ ਕਰਦੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ 16 ਪ੍ਰਤੀਸ਼ਤ ਮਹਿਗਾਈ ਭੱਤੇ ਦੀ ਕਿਸ਼ਤ ਦਾ ਬਕਾਇਆ, ਮੈਡੀਕਲ ਕੈਸ਼ਲੈੱਸ ਸਕੀਮ ਨੂੰ ਲਾਗੂ ਕਰਨਾ, 200 ਰੁਪਏ ਪੀਡੀਐੱਫ ਬੰਦ ਕਰਨ, ਨੂੰ ਲਾਗੂ ਕਰਨ ਸਬੰਧੀ ਸਰਕਾਰ ਵੱਲੋਂ ਲਾਗੂ ਕਰਨ ਦੀ ਮੰਗ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦੀਪ ਚੰਦ, ਬਲਬੀਰ ਸਿੰਘ, ਤਰਸੇਮ ਲਾਲ, ਤਾਰਾ ਚੰਦ, ਬੰਸੀ ਲਾਲ, ਰਤਨ ਚੰਦ, ਰਣਬੀਰ ਸਿੰਘ, ਅਸ਼ੋਕ ਕੁਮਾਰ, ਵਿਜੈ ਕੁਮਾਰ ਮਨੋਹਰ ਲਾਲ, ਰੂਪ ਲਾਲ ਅਤੇ ਸਤਿੰਦਰ ਕੁਮਾਰ ਹਾਜ਼ਰ ਸਨ।

11-Feb-PAGE-4.qxd 2/10/2026 8:24 PM Page 1

ਨਵਾਂ ਜ਼ਮਾਨਾ

ਬੁੱਧਵਾਰ, 11 ਫਰਵਰੀ 2026

# ਟਰੰਪ-ਮੋਦੀ ਸੌਦੇਬਾਜ਼ੀ ਸਮਾਜੀ ਬੇਚੈਨੀ ਵਧਾਏਗੀ

*ਭਾਰਤ ਤੇ ਅਮਰੀਕਾ ਵਿਚਾਲੇ ਅੰਤਰਮ ਵਪਾਰ ਸਮਝੌਤੇ ਨੇ ਦੇਸ਼ ਦੀ ਸਿਆਸਤ, ਕਿਸਾਨ ਅੰਦੋਲਨ ਤੇ ਆਰਥਿਕ ਬਹਿਸਾਂ ਨੂੰ ਇੱਕ ਵਾਰ ਫਿਰ ਉਬਾਲ 'ਤੇ ਲਿਆ ਦਿੱਤਾ ਹੈ। ਮੋਦੀ ਸਰਕਾਰ ਇਸ ਨੂੰ 'ਇਤਿਹਾਸਕ ਮੌਕਾ' ਅਤੇ 'ਦੋਹਾਂ ਦੇਸ਼ਾਂ ਲਈ ਫਾਇਦੇਮੰਦ ਸੌਦਾ' ਦੱਸ ਰਹੀ ਹੈ, ਜਦਕਿ ਕਿਸਾਨ ਜਥੇਬੰਦੀਆਂ, ਟਰੇਡ ਯੂਨੀਅਨਾਂ ਤੇ ਆਪੋਜ਼ੀਸ਼ਨ ਪਾਰਟੀਆਂ ਦਾ ਦੋਸ਼ ਹੈ ਕਿ ਇਹ ਸਮਝੌਤਾ ਭਾਰਤੀ ਖੇਤੀ ਤੇ ਪੇਂਡੂ ਅਰਥਵਿਵਸਥਾ ਨੂੰ ਅਮਰੀਕੀ ਬਹੁਕੌਮੀ ਕੰਪਨੀਆਂ ਅੱਗੇ ਗਿਰਵੀ ਰੱਖਣ ਵਰਗਾ ਹੈ। ਕਿਸਾਨਾਂ ਵੱਲੋਂ ਇਸ ਨੂੰ 'ਮੁਕੰਮਲ ਆਤਮ ਸਮਰਪਣ' ਕਹਿਣਾ ਸਿਰਫ ਇੱਕ ਨਾਅਰਾ ਨਹੀਂ, ਸਗੋਂ ਉਸ ਡੂੰਘੇ ਤੌਖਲੇ ਦਾ ਪ੍ਰਗਟਾਵਾ ਹੈ, ਜਿਹੜਾ ਦੇਸ਼ ਦੇ ਕਰੋੜਾਂ ਕਿਸਾਨਾਂ ਦੇ ਮਨ ਵਿੱਚ ਘਰ ਕਰ ਚੁੱਕਾ ਹੈ।*

*ਸਰਕਾਰੀ ਬਿਆਨਾਂ ਮੁਤਾਬਕ ਅਮਰੀਕਾ ਭਾਰਤੀ ਵਸਤਾਂ 'ਤੇ ਟੈਰਿਫ 50 ਫੀਸਦੀ ਤੋਂ ਘਟਾ ਕੇ 18 ਫੀਸਦੀ ਕਰੇਗਾ, ਜਦਕਿ ਭਾਰਤ ਅਮਰੀਕੀ ਸਨਅਤੀ ਉਤਪਾਦਾਂ ਤੇ ਕਈ ਖੇਤੀ ਤੇ ਖ਼ੁਰਾਕੀ ਵਸਤਾਂ 'ਤੇ ਟੈਕਸ ਘੱਟ ਜਾਂ ਖਤਮ ਕਰੇਗਾ। ਦੇਖਣ ਨੂੰ ਇਹ ਇੱਕ ਸੰਤੁਲਤ ਸੌਦਾ ਦਿਸਦਾ ਹੈ, ਪਰ ਜਦ ਡੂੰਘਾਈ ਵਿੱਚ ਜਾਈਏ ਤਾਂ ਵੱਖਰੀ ਤਸਵੀਰ ਨਜ਼ਰ ਆਉਂਦੀ ਹੈ। ਅਮਰੀਕੀ ਟੈਰਿਫ ਵਿੱਚ ਕਟੌਤੀ ਸੀਮਤ ਤੇ ਸ਼ਰਤਾਂ ਨਾਲ ਬੱਝੀ ਹੈ, ਜਦਕਿ ਭਾਰਤ ਵੱਲੋਂ ਦਰਾਮਦਾਂ ਖੋਲ੍ਹਣ ਦੀ ਪ੍ਰਤੀਬੱਧਤਾ ਵਿਆਪਕ ਤੇ ਲੰਮਮਿਆਦੀ ਹੈ। ਇਹੀ ਅਸੰਤੁਲਨ ਕਿਸਾਨਾਂ ਤੇ ਮਜ਼ਦੂਰ ਜਥੇਬੰਦੀਆਂ ਨੂੰ ਸਭ ਤੋਂ ਵੱਧ ਪ੍ਰੇਸ਼ਾਨ ਕਰ ਰਿਹਾ ਹੈ। ਵਣਜ ਮੰਤਰੀ ਪੀਯੂਸ਼ ਗੋਇਲ ਦਾਅਵੇ ਕਰ ਰਹੇ ਹਨ ਕਿ ਖੇਤੀ ਤੇ ਡੇਅਰੀ ਨੂੰ ਮੁਕਤ ਵਪਾਰ ਸਮਝੌਤੇ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ, ਪਰ ਭਾਰਤ-ਅਮਰੀਕਾ ਸਾਂਝੇ ਬਿਆਨ ਵਿੱਚ 'ਨਾਨ-ਟੈਰਿਫ ਬੈਰੀਅਰਜ਼ (ਗੈਰ-ਟੈਰਿਫ ਅੜਿੱਕੇ) ਹਟਾਉਣ 'ਤੇ ਸਹਿਮਤੀ ਦੀ ਗੱਲ ਕਹੀ ਗਈ ਹੈ। ਗੈਰ-ਟੈਰਿਫ ਅੜਿੱਕੇ ਸਿਰਫ ਕਾਗਜ਼ੀ ਸ਼ਬਦ ਨਹੀਂ ਹਨ। ਇਨ੍ਹਾਂ ਵਿੱਚ ਗੁਣਵੱਤਾ ਪੈਮਾਨਾ, ਸਬਸਿਡੀ ਨਿਯਮ, ਦਰਾਮਦੀ ਲਸੰਸ, ਭੰਡਾਰਨ ਸ਼ਰਤਾਂ ਤੇ ਸਰਕਾਰੀ ਖਰੀਦ ਨੀਤੀਆਂ ਸ਼ਾਮਲ ਹਨ। ਜੇ ਇਨ੍ਹਾਂ ਨੂੰ ਕਮਜ਼ੋਰ ਕੀਤਾ ਜਾਂਦਾ ਹੈ ਤਾਂ ਭਾਰਤੀ ਬਾਜ਼ਾਰ ਖੁਦ-ਬ-ਖੁਦ ਅਮਰੀਕੀ ਖੇਤੀ ਉਤਪਾਦਾਂ ਲਈ ਖੁੱਲ੍ਹ ਜਾਵੇਗਾ। ਅਮਰੀਕਾ ਦਾ ਖੇਤੀ ਖੇਤਰ ਭਾਰੀ ਸਰਕਾਰੀ ਸਬਸਿਡੀ 'ਤੇ ਚੱਲਦਾ ਹੈ। ਉੱਥੇ ਕਿਸਾਨ ਨੂੰ ਸਸਤਾ ਤੇਲ, ਬੀਮਾ, ਭੰਡਾਰਨ ਤੇ ਬਰਾਮਦੀ ਪ੍ਰੋਤਸਾਹਨ ਮਿਲਦਾ ਹੈ। ਇਸ ਦੇ ਮੁਕਾਬਲੇ ਭਾਰਤੀ ਕਿਸਾਨ ਵਧਦੀਆਂ ਲਾਗਤਾਂ, ਕਰਜ਼ ਤੇ ਐੱਮ ਐੱਸ ਪੀ ਦੀ ਅਨਿਸਚਿਤਤਾ ਨਾਲ ਜੂਝ ਰਿਹਾ ਹੈ। ਅਜਿਹੇ ਵਿੱਚ ਦੋਹਾਂ ਨੂੰ ਇੱਕ ਹੀ ਮੈਦਾਨ ਵਿੱਚ ਉਤਾਰਨਾ ਨਾਬਰਾਬਰੀ ਵਾਲਾ ਮੁਕਾਬਲਾ ਹੈ।*

*ਕਿਸਾਨ ਜਥੇਬੰਦੀਆਂ ਨੂੰ ਇਸ ਸਮਝੌਤੇ ਵਿੱਚ 2020 ਦੇ ਤਿੰਨ ਖੇਤੀ ਕਾਨੂੰਨਾਂ ਦੀ ਪਰਛਾਈਂ ਨਜ਼ਰ ਆ ਰਹੀ ਹੈ। ਉਦੋਂ ਸਰਕਾਰ ਨੇ ਕਿਹਾ ਸੀ ਕਿ ਇਹ ਕਾਨੂੰਨ ਕਿਸਾਨਾਂ ਦੀ ਆਮਦਨ ਵਧਾਉਣਗੇ, ਪਰ ਲੰਮੇ ਅੰਦੋਲਨ ਤੋਂ ਬਾਅਦ ਵਾਪਸ ਲੈਣੇ ਪਏ ਸਨ। ਹੁਣ ਵਪਾਰ ਸਮਝੌਤੇ ਰਾਹੀਂ ਉਹੀ ਏਜੰਡਾ-ਬਾਜ਼ਾਰ ਦਾ ਦਬਦਬਾ ਬਣਾਉਣਾ ਤੇ ਰਾਜ ਦੀ ਭੂਮਿਕਾ ਘਟਾਉਣਾ-ਦੂਜੇ ਰਾਹ ਤੋਂ ਅੱਗੇ ਵਧਾਇਆ ਜਾ ਰਿਹਾ ਹੈ। ਫਰਕ ਸਿਰਫ ਏਨਾ ਹੈ ਕਿ ਇਸ ਵਾਰ ਦਬਾਅ 'ਘਰੇਲੂ ਸੁਧਾਰ' ਦੀ ਥਾਂ 'ਕੌਮਾਂਤਰੀ ਪ੍ਰਤੀਬੱਧਤਾ' ਦੇ ਨਾਂਅ 'ਤੇ ਪਾਇਆ ਜਾ ਰਿਹਾ ਹੈ।*

*ਭਾਰਤ ਦੀ ਅੱਧੀ ਤੋਂ ਵੱਧ ਆਬਾਦੀ ਅੱਜ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀ 'ਤੇ ਨਿਰਭਰ ਹੈ। ਜੇ ਸਸਤੇ ਅਮਰੀਕੀ ਉਤਪਾਦ ਭਾਰਤੀ ਬਾਜ਼ਾਰ ਵਿੱਚ ਆਉਣਗੇ ਤਾਂ ਸਭ ਤੋਂ ਪਹਿਲਾਂ ਛੋਟੇ ਤੇ ਸੀਮਾਂਤ ਕਿਸਾਨ ਪ੍ਰਭਾਵਤ ਹੋਣਗੇ। ਇਹ ਸਿਰਫ ਕਿਸਾਨਾਂ ਦੀ ਸਮੱਸਿਆ ਨਹੀਂ ਰਹੇਗੀ, ਸਗੋਂ ਪੇਂਡੂ ਮੰਗ ਘਟੇਗੀ, ਛੋਟੇ ਉਦਯੋਗ ਬੰਦ ਹੋਣਗੇ ਤੇ ਬੇਰੁਜ਼ਗਾਰੀ ਵਧੇਗੀ। 12 ਫਰਵਰੀ ਦੀ ਆਮ ਹੜਤਾਲ ਸਿਰਫ ਵਪਾਰ ਸਮਝੌਤੇ ਦੇ ਖਿਲਾਫ ਨਹੀਂ, ਸਗੋਂ ਉਸ ਆਰਥਕ ਮਾਡਲ ਦੇ ਖਿਲਾਫ ਹੈ, ਜਿਹੜਾ ਇੱਕ ਦਹਾਕੇ ਤੋਂ ਅਪਣਾਇਆ ਜਾ ਰਿਹਾ ਹੈ। ਜਿੱਥੇ ਕਾਰਪੋਰੇਟ ਤੇ ਵਿਦੇਸ਼ੀ ਨਿਵੇਸ਼ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਤੇ ਕਿਸਾਨਾਂ-ਮਜ਼ਦੂਰਾਂ ਨੂੰ ਹਾਸ਼ੀਏ 'ਤੇ ਰੱਖਿਆ ਜਾ ਰਿਹਾ ਹੈ। ਇਹ ਹੜਤਾਲ ਇੱਕ ਚਿਤਾਵਨੀ ਹੈ ਕਿ ਜੇ ਸਰਕਾਰ ਨੇ ਸੰਵਾਦ ਤੇ ਪਾਰਦਰਸ਼ਤਾ ਦਾ ਰਾਹ ਨਹੀਂ ਅਪਣਾਇਆ ਤਾਂ ਸਮਾਜੀ ਬੇਚੈਨੀ ਹੋਰ ਵਧੇਗੀ। ਦੇਸ਼ ਇੱਕ ਚੌਰਾਹੇ 'ਤੇ ਖੜ੍ਹਾ ਹੈ-ਜਾਂ ਤਾਂ ਉਹ ਸਮਾਵੇਸ਼ੀ ਤੇ ਆਤਮਨਿਰਭਰ ਵਿਕਾਸ ਦਾ ਰਾਹ ਚੁਣੇਗਾ ਜਾਂ ਫਿਰ ਅਜਿਹਾ ਮਾਡਲ ਅਪਣਾਏਗਾ, ਜਿਸ ਵਿੱਚ ਲਾਭ ਕੁਝ ਗਿਣੇ-ਚੁਣੇ ਹੱਥਾਂ ਵਿੱਚ ਤੇ ਨੁਕਸਾਨ ਕਰੋੜਾਂ ਲੋਕਾਂ ਦੇ ਹਿੱਸੇ ਆਵੇਗਾ। 12 ਫਰਵਰੀ ਦੀ ਹੜਤਾਲ ਇਸੇ ਚੌਰਾਹੇ ਵੱਲ ਇਸ਼ਾਰਾ ਕਰ ਰਹੀ ਹੈ।*

## ਪਾਠਕ-ਸੱਥ

### ਆਖਰ ਕਦੋਂ ਤੱਕ ਚਾਈਨਾ ਡੋਰ ਲੋਕਾਂ ਦੀ ਜਾਨ ਲੈਂਦੀ ਰਹੇਗੀ

ਪੰਜਾਬ ਦੇ ਅੰਦਰ ਕਦੋਂ ਤੱਕ ਚਾਈਨਾ ਡੋਰ ਜਾਨਾਂ ਲੈਂਦੀ ਰਹੇਗੀ? ਇਹ ਸਵਾਲ ਸਭਨਾਂ ਪੰਜਾਬੀਆਂ ਦੇ ਮਨਾਂ ਵਿੱਚ ਹੈ! ਚਾਈਨਾ ਡੋਰ ਦਾ ਕਹਿਰ ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਅੰਦਰ ਵੇਖਣ ਨੂੰ ਮਿਲ ਰਿਹਾ ਹੈ। ਚਾਈਨਾ ਡੋਰ ਦੇ ਕਾਰਨ ਜਿੱਥੇ ਹੁਣ ਤੱਕ ਹਜ਼ਾਰਾਂ ਹੀ ਲੋਕ ਜ਼ਖਮੀ ਹੋ ਚੁੱਕੇ ਹਨ, ਉੱਥੇ ਹੀ ਸੈਂਕੜੇ ਲੋਕਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ। ਇੱਕ ਪਾਸੇ ਤਾਂ ਸਰਕਾਰ ਵੱਲੋਂ ਨਸ਼ੇ ਵਿਰੁੱਧ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ ਪੰਜਾਬ ਦੇ ਅੰਦਰ ਗੈਰ-ਕਾਨੂੰਨੀ ਕਾਤਲ ਚਾਈਨਾ ਡੋਰ ਖੁੱਲ੍ਹੇਆਮ ਵਿਕ ਰਹੀ ਹੈ।

ਪੰਜਾਬ ਵਿੱਚ ਬਸੰਤ ਦਾ ਤਿਉਹਾਰ ਹਰ ਸਾਲ ਹੀ ਬੜੇ ਜੋਸ਼ ਦੇ ਨਾਲ ਮਨਾਇਆ ਜਾਂਦਾ ਹੈ, ਪਰ ਜਿਸ ਜੋਸ਼ ਦੇ ਨਾਲ ਇਸ ਤਿਉਹਾਰ ਨੂੰ ਮਨਾਇਆ ਜਾਂਦਾ ਹੈ, ਉਸੇ ਜੋਸ਼ ਦੇ ਨਾਲ ਹੀ ਚਾਈਨਾ ਡੋਰ ਦੇ ਤਸਕਰਾਂ ਵੱਲੋਂ ਖੂਬ ਚਾਈਨਾ ਡੋਰ ਵੇਚ ਕੇ ਲੋਕਾਂ ਦੇ ਕਤਲ ਕੀਤੇ ਜਾਂਦੇ ਹਨ। ਕਿਉਂ ਨਾ ਇਰਾਦਾ ਕਤਲ ਦਾ ਇਹਨਾਂ ਦੇ ਵਿਰੁੱਧ ਮਾਮਲਾ ਦਰਜ ਕੀਤਾ ਜਾਵੇ। ਜਿਹੜੇ ਲੋਕ ਚਾਈਨਾ ਡੋਰ ਦੀ ਵਰਤੋਂ ਕਰਦੇ ਹਨ, ਉਹਨਾਂ ਨੂੰ ਵੀ ਇਸ ਵਿੱਚ ਸ਼ਾਮਿਲ ਕੀਤਾ ਜਾਵੇ। ਨਾਲ ਦੀ ਨਾਲ ਚਾਈਨਾ ਡੋਰ ਦੀ ਸਪਲਾਈ ਪੂਰਨ ਤੌਰ 'ਤੇ ਬੰਦ ਕੀਤੀ ਜਾਵੇ, ਪਰ ਇਹ ਸਭ ਕੁਝ ਉਦੋਂ ਹੀ ਹੋ ਸਕਦਾ ਹੈ, ਜਦੋਂ ਪੁਲਸ ਪ੍ਰਸ਼ਾਸਨ 'ਤੇ ਸਰਕਾਰ ਇਮਾਨਦਾਰ ਹੋਵੇਗੀ।

ਪੰਜਾਬ ਵਿੱਚ ਨਸ਼ਿਆਂ ਦਾ ਕਹਿਰ ਜਿੱਥੇ ਇੱਕ ਪਾਸੇ ਜਾਰੀ ਹੈ, ਉੱਥੇ ਦੂਜੇ ਪਾਸੇ ਚਾਈਨਾ ਡੋਰ ਦੇ ਨਾਲ ਅਨੇਕਾਂ ਹੀ ਅਜਾਈਂ ਮੌਤਾਂ ਹੋ ਰਹੀਆਂ ਹਨ। ਲੋਕ ਆਪਣੇ ਪੱਧਰ 'ਤੇ ਚਾਈਨਾ ਡੋਰ ਤੋਂ ਬਚਣ ਵਾਸਤੇ ਕਈ ਤਰ੍ਹਾਂ ਦੇ ਢੰਗ-ਤਰੀਕੇ ਅਪਣਾ ਰਹੇ ਹਨ।

ਚਾਈਨਾ ਡੋਰ ਦੇ ਕਾਰਨ ਹੋ ਰਹੇ ਇਹਨਾਂ ਕਤਲਾਂ ਦਾ ਜ਼ਿੰਮੇਵਾਰ ਕੋਈ ਹੋਰ ਨਹੀਂ, ਬਲਕਿ ਪ੍ਰਸ਼ਾਸਨ ਹੈ।ਮੌਜੂਦਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨਸ਼ੇ 'ਤੇ ਲਗਾਮ ਲਾਉਣ ਦੇ ਨਾਲ-ਨਾਲ ਚਾਈਨਾ ਡੋਰ 'ਤੇ ਵੀ ਲਗਾਮ ਲਾਵੇ, ਪਰ ਇਹ ਸਭ ਕੁਝ ਉਦੋਂ ਹੀ ਹੋ ਸਕਦਾ ਹੈ, ਜਦੋਂ ਇਮਾਨਦਾਰ ਲੀਡਰ ਅਤੇ ਇਮਾਨਦਾਰ ਪੁਲਸ ਪ੍ਰਸ਼ਾਸਨ ਹੋਵੇਗਾ।

ਖੈਰ, ਵੇਖਦੇ ਹਾਂ ਕਿ ਅੱਗੇ ਕੀ ਬਣਦਾ ਹੈ, ਪਰ ਇਸ ਵੇਲੇ ਹਾਲਾਤ ਇਹ ਬਣ ਚੁੱਕੇ ਹਨ ਕਿ ਹਰ ਗਲੀ-ਮੁਹੱਲੇ ਦੇ ਅੰਦਰ ਚਾਈਨਾ ਡੋਰ ਦੀ ਵਿਕਰੀ ਖੂਬ ਹੋ ਰਹੀ ਹੈ, ਜਿਸ 'ਤੇ ਰੋਕ ਲਾਉਣੀ ਬਹੁਤ ਜ਼ਰੂਰੀ ਹੈ। ਕਈ ਪੱਤਰਕਾਰ ਵੀ ਇਸ ਵਿੱਚ ਸ਼ਾਮਿਲ ਨੇ, ਜਿਹੜੇ ਚਾਈਨਾ ਡੋਰ ਦੇ ਖੁਦ ਟਿਕਾਣੇ ਦੱਸਦੇ ਨੇ ਅਤੇ ਖੁਦ ਹੀ ਬਾਅਦ 'ਚ ਛਾਪੇਮਾਰੀ ਕਰਵਾ ਕੇ ਚਾਈਨਾ ਡੋਰ ਕੁਝ ਵੱਡੇ ਆਗੂਆਂ ਨਾਲ ਮਿਲ ਕੇ ਗੋਲ ਕਰ ਜਾਂਦੇ ਹਨ।

**-ਬਲਜੀਤ ਸਿੰਘ ਕਚੂਰਾ, 94654-05597**

# ਪੰਜਾਬ 'ਚ ਡੇਰਿਆਂ ਦੀ ਰਾਜਨੀਤੀ

**ਐੱਮ ਐੱਸ ਭਾਟੀਆ**

ਪੰਜਾਬ , ਜੋ ਕਿ ਸੈਂਕੜੇ ਸਾਲਾਂ ਤੋਂ ਆਪਣੀ ਸੰਸਾਰਕ, ਧਾਰਮਿਕ ਅਤੇ ਸਮਾਜਿਕ ਵਿਵਿਧਤਾ ਲਈ ਜਾਣਿਆ ਜਾਂਦਾ ਹੈ, ਇਤਿਹਾਸਕ ਤੌਰ 'ਤੇ ਰਾਜਨੀਤਕ ਗਤੀਵਿਧੀਆਂ ਵਿੱਚ ਵੀ ਗਹਿਰਾਈ ਨਾਲ ਜੁੜਿਆ ਰਿਹਾ ਹੈ।

ਪੰਜਾਬੀ ਸਮਾਜ ਵਿੱਚ ਡੇਰੇ ਸਿਰਫ਼ ਧਾਰਮਿਕ ਕੇਂਦਰ ਨਹੀਂ ਰਹੇ, ਸਗੋਂ ਕਈ ਵਰਗਾਂ ਲਈ ਸਮਾਜਿਕ ਸਹਾਰਾ, ਪਛਾਣ ਅਤੇ ਕਈ ਵਾਰ ਰਾਜਨੀਤਕ ਦਿਸ਼ਾ ਦੇਣ ਵਾਲੇ ਸੰਸਥਾਨ ਵੀ ਬਣੇ ਹਨ । ਵੱਖ-ਵੱਖ ਸਮਾਜਿਕ ਵਰਗਾਂ ਨਾਲ ਡੇਰਿਆਂ ਦੇ ਸੰਬੰਧ ਵੱਖਰੇ-ਵੱਖਰੇ ਹਨ ਅਤੇ ਉਨ੍ਹਾਂ ਦਾ ਚੋਣਾਂ 'ਤੇ ਪ੍ਰਭਾਵ ਵੀ ਇੱਕੋ ਜਿਹਾ ਨਹੀਂ।

ਕਿਸਾਨ ਵਰਗ ਦੇ ਡੇਰਿਆਂ ਨਾਲ ਸਮਾਜਿਕ ਅਤੇ ਮਨੋਵਿਗਿਆਨਕ ਸੰਬੰਧ ਹਨ, ਕਿਉਂਕਿ ਪੰਜਾਬ ਦੇ ਬਹੁਤ ਸਾਰੇ ਡੇਰੇ ਪਿੰਡਾਂ ਵਿੱਚ ਸਥਿਤ ਹਨ ਅਤੇ ਉਨ੍ਹਾਂ ਦੀ ਜੜ੍ਹ ਕਿਸਾਨ ਸਮਾਜ ਵਿੱਚ ਡੂੰਘੀ ਹੈ।ਕਈ ਕਿਸਾਨ ਪਰਵਾਰ ਧਾਰਮਿਕ ਆਸਥਾ ਦੇ ਨਾਲ-ਨਾਲ ਸਮਾਜਿਕ ਸਹਾਰੇ ਲਈ ਵੀ ਡੇਰਿਆਂ ਨਾਲ ਜੁੜੇ ਰਹਿੰਦੇ ਹਨ। ਕਿਸਾਨੀ ਸੰਕਟ ਦੌਰਾਨ ਡੇਰਿਆਂ ਦੀ ਭੂਮਿਕਾ ਹੁੰਦੀ ਹੈ, ਕਿਉਂਕਿ ਕਰਜ਼ਾ, ਫਸਲਾਂ ਦੀ ਵਾਜਬ ਕੀਮਤ ਦਾ ਨਾ ਮਿਲਣਾ, ਆਤਮ-ਹੱਤਿਆਵਾਂ ਅਤੇ ਬੇਰੁਜ਼ਗਾਰੀ ਨੇ ਕਿਸਾਨਾਂ ਨੂੰ ਮਾਨਸਿਕ ਤੌਰ 'ਤੇ ਅਸੁਰੱਖਿਅਤ ਕੀਤਾ ਹੋਇਆ ਹੈ, ਇਸ ਹਾਲਤ ਵਿੱਚ ਕੁਝ ਡੇਰੇ ਆਤਮਿਕ ਸਹਾਰਾ ਅਤੇ ਕਈ ਵਾਰ ਵਿੱਤੀ ਜਾਂ ਸਮਾਜਿਕ ਮਦਦ ਦੇ ਕੇ ਕਿਸਾਨਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਦੇ ਹਨ ।

ਪੰਜਾਬ ਦਾ ਨੌਜਵਾਨ ਵਰਗ ਬੇਰੁਜ਼ਗਾਰੀ, ਨਸ਼ਿਆਂ, ਵਿਦੇਸ਼ ਜਾਣ ਦੀ ਲਾਲਸਾ, ਸਿੱਖਿਆ ਪ੍ਰਾਪਤੀ ਅਤੇ ਰੋਜ਼ਗਾਰ ਵਿਚ ਤਾਲਮੇਲ ਦੀ ਘਾਟ ਜਿਹੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ ।ਇਸ ਦੌਰਾਨ ਕੁਝ ਡੇਰੇ ਨੌਜਵਾਨਾਂ ਨੂੰ ਅਨੁਸ਼ਾਸਨ, ਨਸ਼ਾ ਛੁਡਾਊ ਕੇਂਦਰ ਜਾਂ ਸਿੱਖਿਆ ਅਤੇ ਸਿਹਤ ਜਿਹੇ ਸੇਵਾ ਕਾਰਜ ਦੇ ਨਾਂਅ 'ਤੇ ਆਪਣੇ ਨਾਲ ਜੋੜਦੇ ਹਨ।ਨੌਜਵਾਨਾਂ ਦੀ ਰਾਜਨੀਤਕ ਸੋਚ 'ਤੇ ਅਸਰ ਪੈਂਦਾ ਹੈ ਅਤੇ ਡੇਰਿਆਂ ਨਾਲ ਜੁੜਿਆ ਨੌਜਵਾਨ ਅਕਸਰ ਸਵਾਲ ਪੁੱਛਣ ਦੀ ਥਾਂ ਆਗਿਆ-ਪਾਲਕ ਬਣ ਜਾਂਦਾ ਹੈ। ਸਮਾਜਿਕ ਅਨਿਆਂ 'ਤੇ ਵਿਗਿਆਨਕ ਜਾਂ ਰਾਜਨੀਤਕ ਵਿਸ਼ਲੇਸ਼ਣ ਦੀ ਥਾਂ ਆਤਮਿਕ ਹੱਲ ਵੱਲ ਮੁੜਦਾ ਹੈ। ਇਸ ਨਾਲ ਨੌਜਵਾਨਾਂ ਦੀ ਰਾਜਨੀਤਕ ਚੇਤਨਾ ਕਮਜ਼ੋਰ ਹੋਣ ਦਾ ਖਤਰਾ ਬਣਦਾ ਹੈ। ਜੇ ਡੇਰੇ ਨੌਜਵਾਨਾਂ ਨੂੰ ਸੰਗਠਿਤ ਕਰਕੇ ਕਿਸੇ ਖਾਸ ਰਾਜਨੀਤਕ ਦਿਸ਼ਾ ਵੱਲ ਮੋੜਦੇ ਹਨ, ਤਾਂ ਇਹ 2027 ਦੀਆਂ ਅਸੈਂਬਲੀ ਚੋਣਾਂ ਵਿੱਚ ਵੋਟ ਪੈਟਰਨ 'ਚ ਬਦਲਾਅ ਲਿਆ ਸਕਦਾ ਹੈ, ਪਰ ਦੂਜੇ ਪਾਸੇ ਸੋਸ਼ਲ ਮੀਡੀਆ ਅਤੇ ਸਿੱਖਿਆ ਕਾਰਨ ਨੌਜਵਾਨਾਂ ਦਾ ਇੱਕ ਵੱਡਾ ਹਿੱਸਾ ਹੁਣ ਡੇਰਾਵਾਦੀ ਰਾਜਨੀਤੀ ਤੋਂ ਦੂਰੀ ਵੀ ਬਣਾਉਂਦਾ ਦਿੱਖ ਰਿਹਾ ਹੈ।

ਪੰਜਾਬ ਵਿੱਚ ਬਹੁਤ ਸਾਰੇ ਡੇਰੇ ਉਹਨਾਂ ਵਰਗਾਂ ਵਿੱਚ ਪ੍ਰਸਿੱਧ ਹੋਏ ਜੋ ਜਾਤੀਵਾਦ, ਸਮਾਜਿਕ ਭੇਦਭਾਵ ਅਤੇ ਧਾਰਮਿਕ ਮੁੱਖ ਧਾਰਾ ਤੋਂ ਬਾਹਰ ਰਹੇ, ਖ਼ਾਸ ਕਰਕੇ ਦਲਿਤ ਵਰਗ ਲਈ ਕਈ ਡੇਰੇ ਸਨਮਾਨ ਅਤੇ ਪਛਾਣ ਦਾ ਸਥਾਨ ਬਣੇ। ਡੇਰੇ ਦਲਿਤਾਂ ਨੂੰ ਇਕੱਠਾ ਕਰਨ, ਵੋਟਰ ਬਲਾਕ ਬਣਾਉਣ ਅਤੇ ਪਾਰਟੀਆਂ ਨਾਲ ਸੌਦੇਬਾਜ਼ੀ ਕਰਨ ਦਾ ਸਾਧਨ ਵੀ ਬਣੇ ਹਨ।

ਇਸ ਨਾਲ ਘੱਟ ਗਿਣਤੀਆਂ ਦੀ ਆਵਾਜ਼ ਕੁਝ ਹੱਦ ਤੱਕ ਸੁਣੀ ਵੀ ਗਈ, ਪਰ ਅਕਸਰ ਇਹ ਆਵਾਜ਼ ਡੇਰੇ ਦੇ ਮੁਖੀ ਦੀ ਨਿੱਜੀ ਰਾਜਨੀਤਕ ਸੌਦੇਬਾਜ਼ੀ ਤੱਕ ਸੀਮਿਤ ਰਹਿ ਗਈ।ਵਰਗ ਚੇਤਨਾ ਦੀ ਥਾਂ ਪਛਾਣ ਦੀ ਰਾਜਨੀਤੀ, ਅਸਲ ਆਰਥਿਕ ਮੁੱਦਿਆਂ ਤੋਂ ਧਿਆਨ ਹਟਾਉਣਾ ਅਤੇ ਲੋਕਤੰਤਰੀ ਆਗੂਆਂ ਦੀ ਥਾਂ ਕ੍ਰਿਸ਼ਮਈ ਧਾਰਮਿਕ ਮੁਖੀਆ ਵੱਲੋਂ ਲੈਣਾ ਅਜਿਹੇ ਖਤਰੇ ਹਨ, ਜੋ ਘੱਟ ਗਿਣਤੀਆਂ ਦੀ ਲੰਮੀ ਲੜਾਈ ਨੂੰ ਕਮਜ਼ੋਰ ਕਰ ਸਕਦੀਆਂ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੇਰਾ ਬੱਲਾਂ ਦਾ ਦੌਰਾ ਸਿਰਫ਼ ਇੱਕ ਧਾਰਮਿਕ ਜਾਂ ਪ੍ਰੋਟੋਕੋਲਕ ਘਟਨਾ ਨਹੀਂ । ਪੰਜਾਬ ਵਰਗੇ ਸੂਬੇ ਵਿੱਚ, ਜਿੱਥੇ ਡੇਰਿਆਂ ਦੀ ਸਮਾਜਿਕ ਤੇ ਚੋਣਾਂ ਵਿੱਚ ਪਹੁੰਚ ਮੌਜੂਦ ਹੈ, ਅਜਿਹਾ ਦੌਰਾ ਗਹਿਰੇ ਰਾਜਨੀਤਕ ਸੰਦੇਸ਼ ਨਾਲ ਜੁੜਿਆ ਹੋਇਆ ਹੈ। ਇਹ ਦੌਰਾ ਇਸ ਗੱਲ ਦਾ ਸੰਕੇਤ ਹੈ ਕਿ ਕੇਂਦਰ ਦੀ ਸੱਤਾ ਪੰਜਾਬ ਵਿੱਚ ਆਪਣੀ ਰਾਜਨੀਤਕ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਵਿੱਚ ਭਾਜਪਾ ਕਿਸਾਨ ਅੰਦੋਲਨ ਤੋਂ ਬਾਅਦ ਕਾਫ਼ੀ ਕਮਜ਼ੋਰ ਹੋਈ ਹੈ, ਜਿਸ ਕਰਕੇ ਪਿੰਡਾਂ ਅਤੇ ਕਿਸਾਨੀ ਇਲਾਕਿਆਂ ਵਿੱਚ ਆਪਣੀ ਪਕੜ ਗੁਆ ਬੈਠੀ ਹੈ।

ਡੇਰੇ ਦਾ ਦੌਰਾ ਦਰਸਾਉਂਦਾ ਹੈ ਕਿ ਭਾਜਪਾ ਹੁਣ ਸਿੱਧੀ ਜਨਤਾ ਦੀ ਥਾਂ ਸੰਸਥਾਗਤ ਧਾਰਮਿਕ ਕੇਂਦਰਾਂ ਰਾਹੀਂ ਪਹੁੰਚ ਬਣਾਉਣਾ ਚਾਹੁੰਦੀ ਹੈ। ਇਹ ਚੋਣਾਂ ਲਈ ਰਾਹ ਹੈ, ਨਾ ਕਿ ਕਿਸਾਨ-ਮਜ਼ਦੂਰ ਮੁੱਦਿਆਂ 'ਤੇ ਆਧਾਰਤ ਰਾਜਨੀਤੀ। ਇਹ ਦਲਿਤ ਅਤੇ ਘੱਟ ਗਿਣਤੀ ਵੋਟਰਾਂ ਨੂੰ ਸੰਦੇਸ਼ ਹੈ, ਕਿਉਂਕਿ ਡੇਰੇ ਦੀ ਪਹੁੰਚ ਖ਼ਾਸ ਕਰਕੇ ਦਲਿਤ, ਪੱਛੜੇ ਵਰਗ ਅਤੇ ਗਰੀਬ ਮਜ਼ਦੂਰ ਵਰਗ ਵਿੱਚ ਮੰਨੀ ਜਾਂਦੀ ਹੈ। ਪ੍ਰਧਾਨ ਮੰਤਰੀ ਦਾ ਦੌਰਾ ਭਾਜਪਾ ਵੱਲੋਂ ਸਮਾਜਿਕ ਸਮਾਵੇਸ਼ ਦਾ ਸੰਦੇਸ਼ ਦੇਣ ਦੀ ਕੋਸ਼ਿਸ਼ ਹੈ, ਪਰ ਬਿਨਾਂ ਜ਼ਮੀਨੀ ਸੁਧਾਰ, ਰੁਜ਼ਗਾਰ ਅਤੇ ਮਜ਼ਦੂਰ ਹੱਕਾਂ 'ਤੇ ਕੋਈ ਢਾਂਚਾਗਤ ਵਚਨਬੱਧਤਾ ਨਹੀਂ ਹੋ ਸਕਦੀ।

ਇਸ ਨਾਲ ਕੁਝ ਹੱਦ ਤੱਕ ਚਿੰਨ੍ਹਾਤਮਕ ਅਸਰ ਤਾਂ ਪੈ ਸਕਦਾ ਹੈ, ਪਰ ਲੰਮੇ ਸਮੇਂ ਲਈ ਦਲਿਤ ਵੋਟਰਾਂ ਦਾ ਰੁਖ ਤਦ ਹੀ ਬਦਲੇਗਾ, ਜਦੋਂ ਆਰਥਿਕ ਨੀਤੀਆਂ ਬਦਲਣਗੀਆਂ।

ਪੰਜਾਬ ਦਾ ਕਿਸਾਨ ਵਰਗ ਮੋਦੀ ਸਰਕਾਰ ਦੀਆਂ ਨੀਤੀਆਂ (ਖੇਤੀ ਕਾਨੂੰਨ, ਐੱਮ ਐੱਸ ਪੀ, ਕਾਰਪੋਰੇਟ ਹਿੱਤ) ਨੂੰ ਭੁੱਲਿਆ ਨਹੀਂ।

ਕਿਸਾਨ ਅੰਦੋਲਨ ਦੀ ਯਾਦ ਅਜੇ ਵੀ ਤਾਜ਼ਾ ਹੈ। ਪ੍ਰਧਾਨ ਮੰਤਰੀ ਦਾ ਡੇਰਾ ਦੌਰਾ ਕਿਸਾਨੀ ਗੁੱਸੇ ਨੂੰ ਖਤਮ ਨਹੀਂ ਕਰ ਸਕਦਾ ਅਤੇ ਨਾ ਹੀ ਆਰਥਿਕ ਨੁਕਸਾਨ ਦੀ ਭਰਪਾਈ ਕਰ ਸਕਦਾ ਹੈ। ਇਸ ਲਈ ਕਿਸਾਨਾਂ ਵਿੱਚ ਭਾਜਪਾ ਲਈ ਵੱਡਾ ਸਕਾਰਾਤਮਕ ਮੋੜ ਆਉਣਾ ਮੁਸ਼ਕਲ ਹੈ, ਹਾਲਾਂਕਿ ਕੁਝ ਖੇਤਰਾਂ ਵਿੱਚ ਵੋਟਾਂ ਦੀ ਵੰਡ ਹੋ ਸਕਦੀ ਹੈ।

ਪੰਜਾਬ ਦੀ ਰਾਜਨੀਤੀ 'ਤੇ ਸਮੁੱਚਾ ਪ੍ਰਭਾਵ ਇਹ ਪਵੇਗਾ ਕਿ ਭਾਜਪਾ ਦੀ ਰਣਨੀਤਕ ਸਰਗਰਮੀ ਵਧੇਗੀ, ਜਿਸ ਦੇ ਨਤੀਜੇ ਵਜੋਂ ਹੋਰ ਪਾਰਟੀਆਂ ਵੀ ਡੇਰਿਆਂ ਨਾਲ ਸੰਪਰਕ ਵਧਾ ਸਕਦੀਆਂ ਹਨ, ਪਰ ਇਹ ਰੁਝਾਨ ਪੰਜਾਬ ਦੀ ਰਾਜਨੀਤੀ ਨੂੰ ਮੁੱਦਿਆਂ ਤੋਂ ਹਟਾ ਕੇ ਪ੍ਰਤੀਕਾਂ ਵੱਲ ਲਿਜਾਣ ਦਾ ਖਤਰਾ ਸਹੇੜਦਾ ਹੈ ।ਪ੍ਰਧਾਨ ਮੰਤਰੀ ਮੋਦੀ ਦਾ ਡੇਰਾ ਬੱਲਾਂ ਦੌਰਾ ਭਾਜਪਾ ਦੀ ਪੰਜਾਬ 'ਚ ਮੁੜ ਐਂਟਰੀ ਦੀ ਕੋਸ਼ਿਸ਼ ਹੈ। ਦਲਿਤ ਅਤੇ ਪੱਛੜੇ ਵਰਗਾਂ ਵੱਲ ਸੰਕੇਤਾਤਮਕ ਹੱਥ ਵਧਾਉਣਾ ਹੈ।

2027 ਦੀਆਂ ਪੰਜਾਬ ਅਸੈਂਬਲੀ ਚੋਣਾਂ ਵਿੱਚ ਡੇਰਿਆਂ ਦਾ ਪ੍ਰਭਾਵ ਇਕਸਾਰ ਨਹੀਂ, ਸਗੋਂ ਵਰਗਾਂ ਅਨੁਸਾਰ ਵੱਖਰਾ ਹੋਵੇਗਾ। ਕਿਸਾਨਾਂ ਵਿੱਚ ਇਹ ਪ੍ਰਭਾਵ ਹੁਣ ਆਰਥਿਕ ਮੁੱਦਿਆਂ ਦੇ ਅੱਗੇ ਕਮਜ਼ੋਰ ਪੈ ਸਕਦਾ ਹੈ, ਨੌਜਵਾਨਾਂ ਵਿੱਚ ਇਹ ਹੌਲੀ-ਹੌਲੀ ਘਟ ਰਿਹਾ ਹੈ, ਪਰ ਘੱਟ ਗਿਣਤੀਆਂ ਵਿੱਚ ਡੇਰਿਆਂ ਦੀ ਰਾਜਨੀਤਕ ਭੂਮਿਕਾ ਅਜੇ ਵੀ ਕਾਫ਼ੀ ਮਜ਼ਬੂਤ ਹੈ।

ਜਦੋਂ ਸਰਕਾਰ ਕੋਲ ਕਿਸਾਨਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਲਈ ਨੀਤੀਗਤ ਜਵਾਬ ਨਹੀਂ ਹੁੰਦਾ, ਉਹ ਧਰਮ ਅਤੇ ਡੇਰਿਆਂ ਦਾ ਸਹਾਰਾ ਲੈਂਦੀ ਹੈ।

ਸਰਕਾਰ ਦੀਆਂ ਨੀਤੀਆਂ ਸਿੱਖਿਆ ਮਹਿੰਗੀ ਕਰਦੀਆਂ ਹਨ, ਯੂਨੀਵਰਸਿਟੀਆਂ ਤੱਕ ਪਹੁੰਚ ਔਖੀ ਕਰ ਰਹੀਆਂ ਹਨ ਅਤੇ ਰੁਜ਼ਗਾਰ ਦੇ ਰਾਹ ਬੰਦ ਕਰਦੀਆਂ ਹਨ।ਇੱਕ ਪਾਸੇ ਡੇਰਿਆਂ ਰਾਹੀਂ ਵੋਟ ਮੈਨੇਜਮੈਂਟ ਦੂਜੇ ਪਾਸੇ ਸਿੱਖਿਆ ਦੇ ਦਰਵਾਜ਼ੇ ਬੰਦ।ਗਰੀਬ, ਦਲਿਤ, ਪੱਛੜੇ ਅਤੇ ਕਿਸਾਨ ਪਰਵਾਰਾਂ ਦੇ ਬੱਚਿਆਂ ਨੂੰ ਉੱਚ ਸਿੱਖਿਆ ਤੋਂ ਬਾਹਰ ਧੱਕਣ ਦੀ ਯੋਜਨਾ ਹੈ।ਯੂਨੀਵਰਸਿਟੀਆਂ ਦੀ ਫੰਡਿੰਗ 'ਚ ਕਟੌਤੀ, ਅਧਿਆਪਕਾਂ ਦੀ ਰੈਗੂਲਰ ਭਰਤੀ ਦੀ ਥਾਂ ਅਸਥਾਈ/ਠੇਕਾ ਪ੍ਰਣਾਲੀ ਕੇਂਦਰੀਕਰਨ ਅਤੇ ਅਕਾਦਮਿਕ ਆਜ਼ਾਦੀ 'ਤੇ ਹਮਲਾ, ਫੀਸਾਂ 'ਚ ਵਾਧਾ, ਸਿੱਖਿਆ ਦਾ ਨਿੱਜੀਕਰਨ ਜਿਹੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਪੰਜਾਬ ਦੀ ਰਾਜਨੀਤੀ ਵਿੱਚ ਅਸਲ ਬਦਲਾਅ ਡੇਰਿਆਂ ਦੇ ਦਰਸ਼ਨ ਨਾਲ ਨਹੀਂ, ਜ਼ਮੀਨੀ, ਰੁਜ਼ਗਾਰ, ਮਜ਼ਦੂਰੀ ਅਤੇ ਸੰਵਿਧਾਨਕ ਹੱਕਾਂ ਨਾਲ ਆਵੇਗਾ । ਲੰਮੇ ਸਮੇਂ ਲਈ, ਪੰਜਾਬ ਦੇ ਲੋਕਤੰਤਰ ਅਤੇ ਤਰੱਕੀ ਲਈ ਜ਼ਰੂਰੀ ਹੈ ਕਿ ਡੇਰੇ ਸਮਾਜਿਕ ਸੁਧਾਰ ਤੱਕ ਸੀਮਿਤ ਰਹਿਣ ਅਤੇ ਰਾਜਨੀਤਕ ਫੈਸਲੇ ਲੋਕਤੰਤ੍ਰਿਕ, ਵਰਗ ਅਤੇ ਸੰਵਿਧਾਨਕ ਚੇਤਨਾ 'ਤੇ ਆਧਾਰਤ ਹੋਣ।

**# ਸੰਪਰਕ : +91 99884-91002**

# ਸ਼ੋਰ-ਸ਼ਰਾਬਾ ਮਾਨਸਿਕ ਸਿਹਤ ਲਈ ਖ਼ਤਰਾ



ਸੰਜੀਵ ਸਿੰਘ ਸੈਣੀ

ਅਸੀਂ ਸਾਰੇ ਹੀ ਸਮਾਜ ਦਾ ਹਿੱਸਾ ਹਾਂ । ਸਮਾਜ ਵਿੱਚ ਸਾਡੇ ਆਲੇ-ਦੁਆਲੇ ਬਹੁਤ ਕੁਝ ਵਾਪਰ ਰਿਹਾ ਹੈ, ਪਰ ਕੁਝ ਚੀਜ਼ਾਂ ਨੂੰ ਅਸੀਂ ਨਜ਼ਰਅੰਦਾਜ਼ ਨਹੀਂ ਕਰ ਸਕਦੇ, ਸਾਨੂੰ ਸੁਚੇਤ ਹੋਣ ਦੀ ਜ਼ਿਆਦਾ ਜ਼ਰੂਰਤ ਹੈ। ਹਰ ਇਨਸਾਨ ਆਪਣੇ ਆਪ ਵਿੱਚ ਖੋਇਆ ਹੋਇਆ ਹੈ। ਆਪਣੇ ਤੱਕ ਹੀ ਸੀਮਿਤ ਰਹਿ ਚੁੱਕਿਆ ਹੈ। ਆਪਣੇ ਫਰਜ਼ਾਂ ਨੂੰ ਭੁੱਲ ਚੁੱਕਾ ਹੈ, ਜੋ ਉਸ ਦੀ ਜ਼ਿੰਮੇਵਾਰੀ ਹੈ। ਸਾਨੂੰ ਸਮਾਜ ਵਿੱਚ ਰਹਿੰਦੇ ਹੋਏ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਜੋ ਮੈਂ ਗੱਲ ਕਰਨ ਜਾ ਰਿਹਾਂ ਉਹ ਹੈ ਵਿਆਹਾਂ ਤੇ ਹੋਰ ਸਮਾਗਮਾਂ ਵਿੱਚ ਉੱਚੀ ਆਵਾਜ਼ ਵਿੱਚ ਡੀ ਜੇ ਚੱਲਣੇ । ਅਕਸਰ ਰਾਤ ਨੂੰ ਲੰਮੇ ਸਮੇਂ ਤੱਕ ਡੀ ਜੇ ਚੱਲਣ ਕਾਰਨ ਲੋਕ ਬਹੁਤ ਪਰੇਸ਼ਾਨ ਹੋ ਜਾਂਦੇ ਹਨ । ਅਕਸਰ ਇਸ ਨੂੰ ਸ਼ੋਰ ਪ੍ਰਦੂਸ਼ਣ ਕਿਹਾ ਜਾਂਦਾ ਹੈ। ਹਾਲਾਂਕਿ ਪ੍ਰਸ਼ਾਸਨ ਵੱਲੋਂ ਰਾਤ ਨੂੰ 10 ਵਜੇ ਤੱਕ ਦੀ ਮੋਹਲਤ ਦਿੱਤੀ ਗਈ ਹੈ। ਮਾਹਰਾਂ ਮੁਤਾਬਕ ਦਿਲ ਲਈ ਸਭ ਤੋਂ ਭਿਆਨਕ ਹੈ ਸ਼ੋਰ ਪ੍ਰਦੂਸ਼ਣ, ਪਰ ਪਿਆਕੜ ਰਾਤ ਨੂੰ ਡੀ ਜੇ ਦੀ ਉੱਚੀ ਆਵਾਜ਼ ਕਰਵਾ ਕੇ ਭੰਗੜੇ ਤੇ ਗਾਲ੍ਹਾਂ ਕੱਢਦੇ ਆਮ ਦੇਖੇ ਜਾ ਸਕਦੇ ਹਨ। ਵਿਚਾਰ ਕਰਨ ਵਾਲੀ ਗੱਲ ਹੈ ਕਿ ਅਸੀਂ ਸਮਾਜ ਦਾ ਹਿੱਸਾ ਨਹੀਂ ਹਾਂ? ਸਾਡੇ ਆਲੇ-ਦੁਆਲੇ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ, ਅਸੀਂ ਆਪਣੀ ਆਵਾਜ਼ ਕਿਉਂ ਨਹੀਂ ਚੁੱਕਦੇ? ਅਕਸਰ ਪਹਿਲਾਂ ਪਟਾਕੇ ਦੀਵਾਲੀ ਜਾਂ ਹੋਰ ਤਿਉਹਾਰਾਂ 'ਤੇ ਵਜਾਏ ਜਾਂਦੇ ਸਨ। ਹੁਣ ਤਾਂ ਕੋਈ ਵੀ ਖੁਸ਼ੀ ਦਾ ਮਾਹੌਲ ਹੋਵੇ, ਹੋਰ ਤਾਂ ਹੋਰ ਕਿਸੇ ਬਜ਼ੁਰਗ ਦੀ ਮੌਤ ਹੋ ਗਈ, ਮੈਂ ਉੱਥੇ ਅਰਥੀ ਦੇ ਮੂਹਰੇ-ਮੂਹਰੇ ਪਟਾਕੇ ਵਜਾਉਂਦੇ ਦੇਖੇ ਹਨ। ਕਿਹੋ ਜਿਹਾ ਅਸੀਂ ਮਾਹੌਲ ਸਿਰਜ ਰਹੇ ਹਾਂ।

ਅਕਸਰ ਅੱਜਕੱਲ੍ਹ ਵਿਆਹ ਮੈਰਿਜ ਪੈਲਸਾਂ ਵਿੱਚ ਹੁੰਦੇ ਹਨ। ਮੈਰਿਜ ਪੈਲਸਾਂ 'ਚ ਵੱਡਾ ਗਰਾਊਂਡ ਹੁੰਦਾ ਹੈ, ਉਸ ਵਿੱਚ ਇੱਕ ਪਾਸੇ ਡੀ ਜੇ ਲਗਾ ਦਿੱਤਾ ਜਾਂਦਾ ਹੈ ਤੇ ਨਾਲ ਹੀ ਪਿਆਕੜਾਂ ਲਈ ਸ਼ਰਾਬ ਦਾ ਟੇਬਲ ਵੀ ਵੱਡਾ ਲੱਗਾ ਹੁੰਦਾ ਹੈ। ਜਦੋਂ ਡੀ ਜੇ ਉੱਚੀ ਆਵਾਜ਼ ਵਿੱਚ ਚਲਦਾ ਹੈ ਤਾਂ ਉੱਥੇ ਖੜੇ ਲੋਕਾਂ 'ਤੇ ਕੀ ਅਸਰ ਪੈਂਦਾ ਹੈ ਇਹ ਤਾਂ ਉਹਨਾਂ ਲੋਕਾਂ ਨੂੰ ਹੀ ਪਤਾ ਹੋਣਾ? ਵਿਚਾਰੇ ਲੋਕ! ਕਈ ਵਾਰ ਬਰਦਾਸ਼ਤ ਕਰਨ ਲਈ ਮਜਬੂਰ ਹੋ ਜਾਂਦੇ ਹਨ। ਆਵਾਜ਼ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਖਤਰਾ ਬਣਦਾ ਜਾ ਰਿਹਾ ਹੈ। ਆਵਾਜ਼ ਪ੍ਰਦੂਸ਼ਣ ਹਾਰਟ ਅਟੈਕ ਅਤੇ ਹੋਰ ਖ਼ਤਰਨਾਕ ਬਿਮਾਰੀਆਂ ਮਨੁੱਖੀ ਸਰੀਰ ਲਈ ਪੈਦਾ ਕਰ ਸਕਦਾ ਹੈ ।ਵਿਆਹ ਤੋਂ ਇੱਕ ਦਿਨ ਪਹਿਲੇ ਘਰ ਵਿੱਚ ਅਕਸਰ ਲੇਡੀਜ਼ ਸੰਗੀਤ ਹੁੰਦਾ ਹੈ ।ਗਲੀਆਂ ਜਾਂ ਖੁੱਲ੍ਹੀ ਥਾਂ 'ਤੇ ਟੈਂਟ ਲਗਾ ਦਿੱਤੇ ਜਾਂਦੇ ਹਨ ।ਜਾਗੋ ਜਦੋਂ ਕੱਢੀ ਜਾਂਦੀ ਹੈ, ਉੱਚੀ ਆਵਾਜ਼ ਵਾਲੇ ਪਟਾਕੇ ਚਲਦੇ ਹਨ । ਡੀ ਜੇ ਵੀ ਰਾਤ ਨੂੰ 12 ਤੋਂ 1 ਵਜੇ ਤੱਕ ਚਲਦਾ ਹੈ। ਹਾਲਾਂਕਿ ਪ੍ਰਸ਼ਾਸਨ ਵੱਲੋਂ ਇਹ ਮਨਾਹੀ ਵੀ ਹੈ ਕਿ ਜ਼ਿਆਦਾ ਸਮੇਂ ਡੀ ਜੇ ਉੱਚੇ ਆਵਾਜ਼ ਵਿੱਚ ਨਹੀਂ ਚਲਾਉਣਾ ਹੈ। ਜ਼ਿਆਦਾਤਰ ਲੋਕਾਂ ਦੀ ਮਾਨਸਿਕ ਸਥਿਤੀ ਠੀਕ ਨਹੀਂ। ਦਵਾਈਆਂ ਤਾਂ ਹਰ ਘਰ ਵਿੱਚ ਚਲਦੀਆਂ ਹਨ। ਕਈ ਬਜ਼ੁਰਗਾਂ ਨੂੰ ਨੀਂਦ ਨਹੀਂ ਆਉਂਦੀ, ਉਹ ਦਵਾਈ ਲੈ ਕੇ ਸੌਂਦੇ ਹਨ ਕਿ ਚਲੋ ਸਰੀਰ ਨੂੰ ਆਰਾਮ ਮਿਲ ਜਾਵੇਗਾ, ਪਰ ਉੱਚੀ ਆਵਾਜ਼ ਵਿੱਚ ਚੱਲਣ ਵਾਲੀ ਡੀ ਜੇ ਕਿੱਥੇ ਸੌਣ ਦਿੰਦੇ ਹਨ । ਕੋਈ ਡਿਪਰੈਸ਼ਨ ਦਾ ਸ਼ਿਕਾਰ ਹੈ, ਕੋਈ ਟੈਨਸ਼ਨ ਦਾ ਸ਼ਿਕਾਰ ਹੈ, ਸਾਰਾ ਦਿਨ ਕੰਮ ਕਰਨ ਵਾਲਾ ਬੰਦਾ ਰਾਤ ਨੂੰ ਥੱਕਿਆ, ਟੁੱਟਿਆ ਜਦੋਂ ਘਰੇ ਆਉਂਦਾ ਹੈ ਤਾਂ ਉਸ ਨੂੰ ਇਹ ਉੱਚੀ ਆਵਾਜ਼ ਵਿੱਚ ਚੱਲਣ ਵਾਲੀ ਡੀ ਜੇ, ਪਟਾਕੇ ਕਿੱਥੇ ਸੌਣ ਦਿੰਦੇ ਹਨ । ਮਾਹਰਾਂ ਮੁਤਾਬਕ ਜਿੱਥੇ ਜ਼ਿਆਦਾ ਡੀਜੇ ਚੱਲਦੇ ਹਨ, ਉਸ ਥਾਂ ਜਾਂ ਆਲੇ-ਦੁਆਲੇ ਰਹਿਣ ਵਾਲਿਆਂ ਦੀ ਉਮਰ ਆਮ ਨਾਲੋਂ ਘਟ ਜਾਂਦੀ ਹੈ। ਪੰਜਾਬੀ ਵੈਸੇ ਹੀ ਵਿਆਹਾਂ 'ਤੇ ਲੱਖਾਂ ਲੱਖਾਂ ਰੁਪਏ ਰੋੜ੍ਹ ਦਿੰਦੇ ਹਨ। ਲੱਖਾਂ ਰੁਪਏ ਮੈਰਿਜ ਪੈਲਸਾਂ ਵਿੱਚ ਖਰਚ ਦਿੱਤੇ ਜਾਂਦੇ ਹਨ। ਜਦੋਂ ਉੱਚੀ ਆਵਾਜ਼ ਡੀਜੇ ਚੱਲ ਰਿਹਾ ਹੁੰਦਾ ਤਾਂ ਤੁਹਾਨੂੰ ਨਾਲ ਖੜੇ ਬੰਦੇ ਦੀ ਗੱਲ ਵੀ ਸੁਣਾਈ ਨਹੀਂ ਦਿੰਦੀ। ਜੇ ਕੋਈ ਤੁਹਾਡੇ ਕੋਲ ਫੋਨ ਵੀ ਆ ਜਾਵੇ ਤੁਹਾਨੂੰ ਉਸ ਦੀ ਰਿੰਗਟੋਨ ਵੀ ਨਹੀਂ ਸੁਣਦੀ, ਕਿਉਂਕਿ ਬਹੁਤ ਉੱਚਾ ਮਿਊਜ਼ਿਕ ਚੱਲ ਰਿਹਾ ਹੁੰਦਾ ਹੈ। ਜੇ ਤੁਸੀਂ ਵੇਟਰਾਂ ਤੋਂ ਕੁਝ ਚੀਜ਼ ਮੰਗਵਾਉਣੀ ਹੁੰਦੀ ਹੈ, ਉਹਨਾਂ ਨੂੰ ਵੀ ਤੁਹਾਡੀ ਗੱਲ ਚੰਗੀ ਤਰ੍ਹਾਂ ਸਾਫ ਨਹੀਂ ਸੁਣਦੀ ।ਜਦੋਂ ਪਿਆਕੜ ਚੰਗੀ ਤਰ੍ਹਾਂ ਪੀ ਕੇ ਨੱਚਣਾ ਸ਼ੁਰੂ ਕਰ ਦਿੰਦੇ ਹਨ, ਫਿਰ ਤਾਂ ਪਤਾ ਹੀ ਨਹੀਂ ਚੱਲਦਾ ਕਿ ਚੰਗਾ ਗੀਤ ਚੱਲ ਰਿਹਾ ਹੈ ਜਾਂ ਮਾੜਾ ਗੀਤ ਚੱਲ ਰਿਹਾ ਹੈ। ਹੋਰ ਤਾਂ ਹੋਰ ਕਈ ਵਾਰ ਆਰਕੈਸਟਰਾ ਨੱਚ ਰਹੀਆਂ ਹੁੰਦੀਆਂ ਹਨ, ਪਿਆਕੜ ਉਹਨਾਂ ਨਾਲ ਹੀ ਨੱਚਣਾ ਸ਼ੁਰੂ ਕਰ ਦਿੰਦੇ ਹਨ। ਪਿੱਛੇ ਜਿਹੇ ਖਬਰ ਵੀ ਪੜ੍ਹੀ ਸੀ ਕਿ ਬਠਿੰਡਾ ਵਿਖੇ ਇੱਕ ਆਰਕੈਸਟਰਾਂ ਨਾਲ ਇੱਕ ਪਿਆਕੜ ਨੇ ਨੱਚਣਾ ਸ਼ੁਰੂ ਕਰ ਦਿੱਤਾ, ਜਦੋਂ ਉਸ ਨੇ ਮਨ੍ਹਾ ਕੀਤਾ, ਨਾਲ ਦੇ ਬੰਦੇ ਨੇ ਗੋਲੀ ਹੀ ਚਲਾ ਦਿੱਤੀ ਉਸ ਆਰਕੈਸਟਰਾ ਦੀ ਮੌਤ ਹੋ ਗਈ। ਕੀ ਇਹ ਸਾਡੀ ਨੈਤਿਕ ਸਿੱਖਿਆ ਹੈ? ਪ੍ਰੀਖਿਆਵਾਂ ਦੇ ਦਿਨ ਚਲਦੇ ਹਨ। ਬੱਚੇ ਵੀ ਚੰਗੀ ਤਰ੍ਹਾਂ ਪੜ੍ਹ ਨਹੀਂ ਪਾਉਂਦੇ।

ਅਕਸਰ ਹੁਣ ਗੱਲ ਕਰਦੇ ਹਾਂ ਸੜਕ 'ਤੇ ਜਾ ਰਹੇ ਵਹੀਕਲਾਂ ਦੀ ।ਕਈ ਟਰੈਕਟਰਾਂ ਵਾਲੇ ਵੀ ਉੱਚੀ ਆਵਾਜ਼ ਵਿੱਚ ਗਾਣੇ ਲਗਾ ਕੇ ਚੱਲ ਰਹੇ ਹੁੰਦੇ ਹਨ। ਅਕਸਰ ਕਈ ਵਾਰ ਕੋਈ ਦੁਰਘਟਨਾ ਵਾਪਰ ਜਾਂਦੀ ਹੈ ਤਾਂ ਟਰੈਕਟਰ ਚਲਾ ਰਹੇ ਬੰਦੇ ਨੂੰ ਪਤਾ ਹੀ ਨਹੀਂ ਚੱਲਦਾ ਕਿ ਮੇਰੇ ਸਾਧਨ ਨਾਲ ਕਿਸੇ ਦਾ ਐਕਸੀਡੈਂਟ ਹੋਇਆ ਹੈ ।ਅੱਜਕੱਲ੍ਹ ਇੱਕ ਰਿਵਾਜ ਹੈ ਥਾਰਾਂ ਜਾਂ ਖੁੱਲ੍ਹੀ ਜੀਪ ਵਿੱਚ ਉੱਚੀ ਗਾਣੇ ਲਗਾ ਕੇ ਨੌਜਵਾਨਾਂ ਦਾ ਸੜਕਾਂ 'ਤੇ ਘੁੰਮਦੇ ਦੇਖੇ ਜਾਣਾ । ਕਈ ਸਮਝਦਾਰ ਪੁਲਸ ਅਫਸਰ ਅਜਿਹੇ ਸ਼ਰਾਰਤੀ ਨੌਜਵਾਨਾਂ ਦੇ ਚਲਾਨ ਵੀ ਕੱਟ ਰਹੇ ਹਨ। ਅੱਜ ਸਮੁੱਚੇ ਸਮਾਜ ਨੂੰ ਸੋਚਣ ਦੀ ਲੋੜ ਹੈ ।ਇਹ ਬਹੁਤ ਹੀ ਗੰਭੀਰ ਵਿਸ਼ਾ ਹੈ। ਅੱਜਕੱਲ੍ਹ ਦਾ ਸ਼ੋਰ-ਸ਼ਰਾਬਾ ਸਹਿਣ ਯੋਗ ਨਹੀਂ ਰਿਹਾ। ਹਰ ਕੋਈ ਔਖਾ ਹੈ। ਹਾਲਾਂਕਿ ਪ੍ਰਸ਼ਾਸਨ ਵੱਲੋਂ ਬਾਰ-ਬਾਰ ਲੋਕਾਂ ਨੂੰ ਸੁਨੇਹਾ ਵੀ ਦਿੱਤਾ ਜਾਂਦਾ ਹੈ, ਫਿਰ ਵੀ ਲੋਕਾਂ 'ਤੇ ਅਸਰ ਨਹੀਂ ਹੁੰਦਾ, ਇਸ ਦਾ ਕੋਈ ਬਦਲ ਤਲਾਸ਼ਣ ਦੀ ਲੋੜ ਹੈ।

**# ਸੰਪਰਕ : 78889-66168**

# ਨਵੇਂ ਇਮੀਗ੍ਰੇਸ਼ਨ ਕਾਨੂੰਨ ਦੋ-ਧਾਰੀ ਤਲਵਾਰ



ਡਾ. ਸੰਦੀਪ ਘੰਡ

ਜਿਵੇਂ-ਜਿਵੇਂ ਸਮਾਜ ਨੇ ਤਰੱਕੀ ਕੀਤੀ ਵਿਸ਼ਵੀਕਰਨ ਹੋਣ ਨਾਲ ਸਮੁੱਚੀ ਦੁਨੀਆ ਇੱਕ ਸਾਝੇਂ ਪਲੇਟਫਾਰਮ 'ਤੇ ਇਕੱਠੀ ਹੋ ਰਹੀ ਹੈ, ਜਿਸ ਕਾਰਨ ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ, ਪੇਸ਼ਾਵਰ ਵਿਅਕਤੀ, ਉਦਯੋਗਪਤੀਆਂ ਭਾਰਤ ਵੱਲ ਆ ਰਹੇ ਹਨ।ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤੀ ਸੱਭਿਆਚਾਰ ਅਤੇ ਵਿਰਾਸਤ ਅਮੀਰ ਹੈ, ਜਿਸ ਕਾਰਨ ਵੱਡੀ ਗਿਣਤੀ ਵਿੱਚ ਵਿਦੇਸ਼ੀ ਲੋਕ ਭਾਰਤ ਦੀ ਸਭਿਆਚਾਰ ਅਤੇ ਧਾਰਮਿਕ ਵਿਰਾਸਤ ਨੂੰ ਦੇਖਣ ਦੀ ਲਾਲਸਾ ਕਰਦੇ ਹਨ ।ਇਸ ਲਈ ਉਹ ਲੋਕ ਅਜਿਹੀ ਵਿਦੇਸ਼ ਨੀਤੀ ਚਾਹੁੰਦੇ ਹਨ, ਜਿਸ ਨਾਲ ਉਹ ਅਸਾਨੀ ਅਤੇ ਬਿਨਾਂ ਜ਼ਿਆਦਾ ਕਾਗਜ਼ੀ ਕਾਰਵਾਈ ਦੇ ਆ ਸਕਣ, ਪਰ ਕੋਈ ਵੀ ਦੇਸ਼ ਆਪਣੇ ਦੇਸ਼ ਦੀ ਸੁਰੱਖਿਆ ਦੇ ਨਾਲ ਸਮਝੌਤਾ ਨਹੀਂ ਕਰ ਸਕਦਾ, ਇਸ ਲਈ ਅਜਿਹੇ ਇੰਮੀਗਰੇਸ਼ਨ ਕਾਨੂੰਨ ਦੀ ਜ਼ਰੂਰਤ ਹੁੰਦੀ ਹੈ, ਜਿਸ ਨਾਲ ਦੇਸ਼ ਦੀ ਸੁਰੱਖਿਆ ਵੀ ਬਣੀ ਰਹੇ ਅਤੇ ਵਿਦੇਸ਼ ਤੋਂ ਆਏ ਸੈਲਾਨੀ ਵੀ ਕਿਸੇ ਕਿਸਮ ਦੀ ਤਕਲੀਫ ਮਹਿਸੂਸ ਨਾ ਕਰਣ।

ਦੇਸ਼ ਦੀ ਅਜਾਦੀ ਸਮੇਂ ਅਤੇ ਦੇਸ਼ ਦੀ ਅਜ਼ਾਦੀ ਤੋਂ ਬਾਅਦ ਵੀ ਇੰਮੀਗਰੇਸ਼ਨ ਨੀਤੀ ਸਬੰਧੀ ਕਾਨੂੰਨ ਬਣਾਏ ਗਏ, ਪਰ ਜਿਵੇਂ-ਜਿਵੇਂ ਭਾਰਤ ਇੱਕ ਉਭਰਦੀ ਗਲੋਬਲ ਤਾਕਤ ਵਜੋਂ ਸਾਹਮਣੇ ਆਇਆ ਤਾਂ ਸਰਕਾਰ ਵੱਲੋਂ ਇਮੀਗ੍ਰੇਸ਼ਨ ਕਾਨੂੰਨ ਵਿੱਚ ਤਬਦੀਲੀਆਂ ਜਾਂ ਨਵੇਂ ਕਾਨੂੰਨੀ ਢਾਂਚੇ ਦੀ ਗੱਲ ਸਾਹਮਣੇ ਆਈ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਕਾਨੂੰਨ ਵਾਕਈ ਲੋੜੀਂਦਾ ਸੀ ਜਾਂ ਪਹਿਲਾਂ ਤੋਂ ਮੌਜੂਦ ਕਾਨੂੰਨ ਹੀ ਕਾਫ਼ੀ ਸਨ?

**ਮਨੁੱਖੀ ਅਧਿਕਾਰਾਂ ਦੀ ਕਸੌਟੀ 'ਤੇ ਕਾਨੂੰਨ**

ਕਿਸੇ ਵੀ ਲੋਕਤੰਤਰਕ ਦੇਸ਼ ਵਿੱਚ ਕਾਨੂੰਨ ਦਾ ਮੁੱਖ ਉਦੇਸ਼ ਸੁਰੱਖਿਆ ਦੇ ਨਾਲ-ਨਾਲ ਨਿਆਂ ਅਤੇ ਮਨੁੱਖੀ ਗੌਰਵ ਦੀ ਰੱਖਿਆ ਕਰਨਾ ਹੁੰਦਾ ਹੈ, ਪਰ ਜਦੋਂ ਵਿਦੇਸ਼ੀ ਨਾਗਰਿਕਾਂ 'ਤੇ ਲਾਗੂ ਨਿਯਮ ਬਿਨਾਂ ਪੂਰੀ ਪਾਰਦਰਸ਼ਤਾ, ਅਪੀਲ ਦੇ ਅਧਿਕਾਰ ਜਾਂ ਸਪੱਸ਼ਟ ਕਾਰਵਾਈ ਦੇ ਬਣਾਏ ਜਾਂਦੇ ਹਨ, ਤਾਂ ਉਹ ਮਨਮਰਜ਼ੀ ਅਤੇ ਦੁਰਪਯੋਗ ਦਾ ਰਾਹ ਖੋਲ੍ਹ ਸਕਦੇ ਹਨ।

ਕਈ ਮਾਮਲਿਆਂ ਵਿੱਚ ਵਿਦੇਸ਼ੀ ਵਿਦਿਆਰਥੀਆਂ, ਰਿਸਰਚਰਾਂ ਜਾਂ ਪੇਸ਼ੇਵਰਾਂ ਨੂੰ ਅਚਾਨਕ ਵੀਜ਼ਾ ਰੱਦ ਹੋਣ, ਡਿਪੋਰਟ ਕਰਨ ਜਾਂ ਨਿਗਰਾਨੀ ਦੇ ਨਾਂਅ 'ਤੇ ਤੰਗ-ਪ੍ਰੇਸ਼ਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਥਿਤੀ ਸਿਰਫ਼ ਵਿਅਕਤੀਗਤ ਜੀਵਨ ਨੂੰ ਹੀ ਪ੍ਰਭਾਵਤ ਨਹੀਂ ਕਰਦੀ, ਸਗੋਂ ਭਾਰਤ ਲਈ ਅੰਤਰ-ਰਾਸ਼ਟਰੀ ਪੱਧਰ 'ਤੇ ਵੀ ਅਸਰ ਪਾ ਸਕਦੀ ਹੈ।

**ਸੁਰੱਖਿਆ ਦੇ ਨਾਂਅ 'ਤੇ ਸਖ਼ਤੀ, ਕਿੰਨੀ ਜਾਇਜ਼?**

ਇਹ ਸੱਚ ਹੈ ਕਿ ਹਰ ਦੇਸ਼ ਨੂੰ ਆਪਣੀ ਸੁਰੱਖਿਆ, ਅੰਦਰੂਨੀ ਕਾਨੂੰਨ-ਵਿਵਸਥਾ ਅਤੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਨ ਦਾ ਪੂਰਾ ਅਧਿਕਾਰ ਹੈ। ਆਤੰਕਵਾਦ, ਗੈਰਕਾਨੂੰਨੀ ਗਤੀਵਿਧੀਆਂ, ਨਸ਼ਾ ਤਸਕਰੀ ਅਤੇ ਵਿੱਤੀ ਅਪਰਾਧਾਂ ਦੇ ਮੱਦੇਨਜ਼ਰ ਇਮੀਗ੍ਰੇਸ਼ਨ ਨੀਤੀ 'ਚ ਸਖ਼ਤੀ ਕਈ ਵਾਰ ਲਾਜ਼ਮੀ ਹੋ ਜਾਂਦੀ ਹੈ।

**ਅਕਾਦਮਿਕ ਅਤੇ ਆਰਥਿਕ ਪ੍ਰਭਾਵ**

ਭਾਰਤ ਦੀਆਂ ਯੂਨੀਵਰਸਿਟੀਆਂ ਅਤੇ ਰਿਸਰਚ ਸੰਸਥਾਵਾਂ ਵਿਦੇਸ਼ੀ ਵਿਦਿਆਰਥੀਆਂ ਅਤੇ ਵਿਦਵਾਨਾਂ ਨਾਲ ਹੀ ਅੰਤਰਰਾਸ਼ਟਰੀ ਮਾਣ ਪ੍ਰਾਪਤ ਕਰਦੀਆਂ ਹਨ। ਜੇਕਰ ਇਮੀਗ੍ਰੇਸ਼ਨ ਨੀਤੀਆਂ ਬੇਵਜ੍ਹਾ ਸਖ਼ਤ ਹੋਣ, ਤਾਂ ਵਿਦੇਸ਼ੀ ਵਿਦਿਆਰਥੀ ਭਾਰਤ ਦੀ ਥਾਂ ਹੋਰ ਦੇਸ਼ਾਂ ਨੂੰ ਤਰਜੀਹ ਦੇ ਸਕਦਾ ਹੈ।ਇਸ ਦਾ ਸਿੱਧਾ ਪ੍ਰਭਾਵ ਸਿੱਖਿਆ, ਟੂਰਿਜ਼ਮ, ਸਟਾਰਟ ਅੱਪ ਅਤੇ ਉਦਯੋਗਕ ਵਿਕਾਸ 'ਤੇ ਪੈਂਦਾ ਹੈ। ਇੱਕ ਅਜਿਹਾ ਮਾਹੌਲ ਜਿੱਥੇ ਡਰ ਅਤੇ ਅਨਿਸਚਿਤਤਾ ਹੋਵੇ, ਉੱਥੇ ਨਿਵੇਸ਼ ਅਤੇ ਨਵੀਨਤਾ ਨਹੀਂ ਹੋ ਸਕਦੀ।

**ਭਾਰਤ ਨੂੰ ਕੀ ਲਾਭ ਹੋ ਸਕਦੇ ਹਨ?**

ਨਵੇਂ ਇਮੀਗ੍ਰੇਸ਼ਨ ਕਾਨੂੰਨ ਦੇ ਹੱਕ 'ਚ ਸਭ ਤੋਂ ਵੱਡੀ ਦਲੀਲ ਰਾਸ਼ਟਰੀ ਸੁਰੱਖਿਆ ਹੈ। ਗੈਰ-ਕਾਨੂੰਨੀ ਘੁਸਪੈਠ, ਨਕਲੀ ਦਸਤਾਵੇਜ਼, ਅੰਤਰਰਾਸ਼ਟਰੀ ਅਪਰਾਧ, ਸਾਈਬਰ ਕਰਾਈਮ ਅਤੇ ਆਤੰਕਵਾਦੀ ਗਤੀਵਿਧੀਆਂ ਦੇ ਖਤਰੇ ਅੱਜ ਹਰ ਦੇਸ਼ ਸਾਹਮਣੇ ਹਨ। ਸਰਕਾਰ ਦਾ ਕਹਿਣਾ ਹੈ ਕਿ ਇੱਕ ਅੱਪਡੇਟ ਅਤੇ ਸਖ਼ਤ ਕਾਨੂੰਨੀ ਪ੍ਰਣਾਲੀ ਨਾਲ—ਗੈਰਕਾਨੂੰਨੀ ਤੌਰ 'ਤੇ ਰਹਿ ਰਹੇ ਵਿਦੇਸ਼ੀ ਨਾਗਰਿਕਾਂ 'ਤੇ ਨਿਗਰਾਨੀ ਸੁਧਰੇਗੀ, ਵੀਜ਼ਾ ਸਿਸਟਮ ਵਿੱਚ ਪਾਰਦਰਸ਼ਤਾ ਆਵੇਗੀ, ਸੁਰੱਖਿਆ ਏਜੰਸੀਆਂ ਨੂੰ ਕਾਨੂੰਨੀ ਤੌਰ 'ਤੇ ਵਧੇਰੇ ਅਧਿਕਾਰ ਮਿਲਣਗੇ, ਮਨੁੱਖੀ ਤਸਕਰੀ ਅਤੇ ਅਪਰਾਧਕ ਨੈੱਟਵਰਕਾਂ 'ਤੇ ਰੋਕ ਲੱਗੇਗੀ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਇਹ ਕਾਨੂੰਨ ਭਾਰਤ ਦੀ ਅੰਦਰੂਨੀ ਸੁਰੱਖਿਆ ਲਈ ਲਾਭਕਾਰੀ ਹੋ ਸਕਦਾ ਹੈ।

ਸਵਾਲ ਇਹ ਹੈ ਕਿ ਕੀ ਹਰ ਵਿਦੇਸ਼ੀ ਨਾਗਰਿਕ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਠੀਕ ਹੈ? ਕੀ ਸੁਰੱਖਿਆ ਦੇ ਨਾਂਅ 'ਤੇ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਕੀਤੀ ਜਾ ਸਕਦੀ ਹੈ? ਜਦੋਂ ਕਾਨੂੰਨ ਦਾ ਪੱਲਾ ਸਿਰਫ਼ ਪ੍ਰਸ਼ਾਸਨ ਦੇ ਹੱਥ 'ਚ ਹੋਵੇ ਅਤੇ ਵਿਅਕਤੀ ਕੋਲ ਸੁਣਵਾਈ ਜਾਂ ਇਨਸਾਫ਼ ਦਾ ਮੌਕਾ ਨਾ ਹੋਵੇ, ਤਾਂ ਉਹ ਕਾਨੂੰਨ ਲੋਕਤੰਤਰਕ ਅਸੂਲਾਂ ਨਾਲ ਟਕਰਾਅ ਜਾਂਦਾ ਹੈ।

**ਇਮੀਗਰੇਸ਼ਨ ਨਿਯਮਾਂ ਵਿੱਚ ਸੰਤੁਲਨ ਦੀ ਲੋੜ**

ਸਮੱਸਿਆ ਦਾ ਹੱਲ ਨਾ ਤਾਂ ਲੋੜ ਤੋਂ ਜ਼ਿਆਦਾ ਛੋਟ ਹੈ ਅਤੇ ਨਾ ਹੀ ਅਤਿ-ਸਖ਼ਤੀ। ਲੋੜ ਹੈ ਇੱਕ ਅਜਿਹੇ ਸੰਤੁਲਿਤ ਇਮੀਗ੍ਰੇਸ਼ਨ ਕਾਨੂੰਨ ਦੀ ਜੋ—ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਵੇ

ਮਨੁੱਖੀ ਅਧਿਕਾਰਾਂ ਅਤੇ ਕੁਦਰਤੀ ਨਿਆਂ ਦੇ ਅਸੂਲਾਂ ਦੀ ਪਾਲਣਾ ਕਰੇ ਪਾਰਦਰਸ਼ੀ ਕਾਰਵਾਈ ਅਤੇ ਅਪੀਲ ਦਾ ਅਧਿਕਾਰ ਦੇਵੇ ਅਕਾਦਮਿਕ, ਸੱਭਿਆਚਾਰਕ ਅਤੇ ਆਰਥਿਕ ਅਦਾਨ-ਪ੍ਰਦਾਨ ਨੂੰ ਉਤਸ਼ਾਹਤ ਕਰੇ।

ਭਾਰਤ ਇੱਕ ਲੋਕਤੰਤਰਕ ਦੇਸ਼ ਹੈ, ਜਿਸ ਦੀ ਤਾਕਤ ਉਸ ਦੇ ਸੰਵਿਧਾਨਕ ਮੁੱਲਾਂ ਵਿੱਚ ਹੈ। ਇਮੀਗ੍ਰੇਸ਼ਨ ਕਾਨੂੰਨ ਸੁਰੱਖਿਆ ਦਾ ਹਥਿਆਰ ਹੋ ਸਕਦਾ ਹੈ, ਪਰ ਜਦੋਂ ਅਸੀ ਆਪਣੇ ਨਾਗਰਿਕਾਂ ਲਈ ਦੂਜੇ ਮੁਲਕਾਂ ਤੋਂ ਵਿਸ਼ੇਸ ਅਧਿਕਾਰਾਂ ਅਤੇ ਸਹੂਲਤਾਂ ਦੀ ਮੰਗ ਕਰਦੇ ਹਾਂ ਤਾਂ ਸਾਨੂੰ ਵੀ ਵਿਦੇਸ਼ ਦੇ ਨਾਗਰਿਕਾਂ ਲਈ ਅਜਿਹੀਆਂ ਸਹੂਲਤਾਂ ਦੇਣੀਆਂ ਪੈਣਗੀਆਂ, ਪਰ ਉਹੀ ਕਾਨੂੰਨ ਜੇਕਰ ਅਧਿਕਾਰਾਂ ਨੂੰ ਖਤਮ ਕਰਨ ਦਾ ਸਾਧਨ ਬਣ ਜਾਵੇ, ਤਾਂ ਉਹ ਲੋਕਤੰਤਰ ਦੀ ਰੂਹ ਨੂੰ ਨੁਕਸਾਨ ਪਹੁੰਚਾਉਂਦਾ ਹੈ। ਅੱਜ ਲੋੜ ਹੈ ਸੋਚ-ਸਮਝ ਕੇ ਬਣਾਈ ਗਈ ਨੀਤੀ ਦੀ, ਜਿੱਥੇ ਸੁਰੱਖਿਆ ਅਤੇ ਮਨੁੱਖੀ ਮਾਣ-ਸਨਮਾਨ ਦੋਵੇਂ ਇਕੱਠੇ ਚੱਲ ਸਕਣ।

**ਨਵੇਂ ਇਮੀਗ੍ਰੇਸ਼ਨ ਕਾਨੂੰਨ 'ਤੇ ਰਾਜਨੀਤਕ ਪਾਰਟੀਆਂ ਦੀ ਸੋਚ**

ਭਾਰਤ ਸਰਕਾਰ ਵੱਲੋਂ ਇਮੀਗ੍ਰੇਸ਼ਨ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਦੀ ਕੋਸ਼ਿਸ਼ ਨੇ ਸਿਰਫ਼ ਕਾਨੂੰਨੀ ਹੀ ਨਹੀਂ, ਸਗੋਂ ਰਾਜਨੀਤਕ ਮੰਚ 'ਤੇ ਵੀ ਵੱਡੀ ਚਰਚਾ ਛੇੜ ਦਿੱਤੀ ਹੈ। ਜਿੱਥੇ ਸਰਕਾਰ ਇਸ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੋੜ ਕੇ ਵੇਖ ਰਹੀ ਹੈ, ਉੱਥੇ ਵਿਰੋਧੀ ਪਾਰਟੀਆਂ ਇਸ ਨੂੰ ਸੰਵਿਧਾਨਕ ਅਧਿਕਾਰਾਂ ਅਤੇ ਲੋਕਤੰਤਰ ਲਈ ਖਤਰਾ ਮੰਨ ਰਹੀਆਂ ਹਨ।

ਸਰਕਾਰ ਚਲਾ ਰਹੀਆਂ ਪਾਰਟੀਆਂ ਵੱਲੋਂ ਸਪੱਸ਼ਟ ਕਹਿਣਾ ਹੈ ਕਿ ਦੇਸ਼ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।ਗੈਰਕਾਨੂੰਨੀ ਘੁਸਪੈਠ ਅਤੇ ਅਪਰਾਧਕ ਨੈੱਟਵਰਕ ਰਾਸ਼ਟਰੀ ਸੁਰੱਖਿਆ ਲਈ ਖਤਰਾ ਹਨ, ਪੁਰਾਣੇ ਕਾਨੂੰਨ ਅਜੋਕੀਆਂ ਚੁਣੌਤੀਆਂ ਨਾਲ ਲੜਨ ਦੇ ਕਾਬਿਲ ਨਹੀ ਸਨ।ਉਹ ਇਸ ਨੂੰ ਮਜ਼ਬੂਤ ਰਾਜ ਦੀ ਨਿਸ਼ਾਨੀ ਵਜੋਂ ਪੇਸ਼ ਕਰਦੇ ਹਨ।

ਵਿਰੋਧੀ ਦਲ ਦਾ ਕਹਿਣਾ ਹੈ ਕਿ ਸਮੱਸਿਆ ਕਾਨੂੰਨ ਦੀ ਘਾਟ ਨਹੀਂ, ਲਾਗੂ ਕਰਨ ਦੀ ਨਾਕਾਮੀ ਹੈ । ਉਨ੍ਹਾਂ ਅਨੁਸਾਰ ਸਰਕਾਰ ਨੂੰ ਬੇਹੱਦ ਅਧਿਕਾਰ ਦਿੱਤੇ ਜਾ ਰਹੇ ਹਨ।ਅਪੀਲ ਅਤੇ ਸੁਣਵਾਈ ਦੇ ਹੱਕ ਕਮਜ਼ੋਰ ਹੋ ਰਹੇ ਹਨ-ਇਹ ਕਾਨੂੰਨ ਵਿਦੇਸ਼ੀ ਵਿਦਿਆਰਥੀਆਂ ਅਤੇ ਵਪਾਰੀਆਂ ਨੂੰ ਦੂਰ ਕਰ ਸਕਦਾ ਹੈ।

ਰਾਜਨੀਤਕ ਬਹਿਸ ਦਾ ਕੇਂਦਰ ਇਹ ਨਹੀਂ ਕਿ ਇਮੀਗ੍ਰੇਸ਼ਨ ਕਾਨੂੰਨ ਚਾਹੀਦਾ ਹੈ ਜਾਂ ਨਹੀਂ, ਸਗੋਂ ਇਹ ਹੈ ਕਿ ਕਿਹੜੀ ਨੀਅਤ ਅਤੇ ਕਿਹੜੇ ਸੰਤੁਲਨ ਨਾਲ।ਜੇਕਰ ਕਾਨੂੰਨ ਸਿਰਫ਼ ਸਖ਼ਤੀ ਦਾ ਪ੍ਰਤੀਕ ਬਣ ਗਿਆ, ਤਾਂ ਇਹ ਲੋਕਤੰਤਰ ਅਤੇ ਵਿਦੇਸ਼ੀ ਸੰਬੰਧਾਂ ਦੋਹਾਂ ਲਈ ਨੁਕਸਾਨਦਾਇਕ ਹੋ ਸਕਦਾ ਹੈ, ਪਰ ਜੇਕਰ ਇਸ ਨੂੰ ਪਾਰਦਰਸ਼ੀ, ਨਿਆਂਸੰਗਤ ਅਤੇ ਮਨੁੱਖੀ ਅਧਿਕਾਰਾਂ ਨਾਲ ਜੋੜਿਆ ਗਿਆ, ਤਾਂ ਇਹ ਭਾਰਤ ਲਈ ਲਾਭਕਾਰੀ ਵੀ ਸਾਬਤ ਹੋ ਸਕਦਾ ਹੈ।

**ਵਿਦੇਸ਼ੀ ਸੰਬੰਧਾਂ 'ਤੇ ਕੀ ਅਸਰ ਪਵੇਗਾ?**

ਇਮੀਗ੍ਰੇਸ਼ਨ ਨੀਤੀ ਸਿਰਫ਼ ਅੰਦਰੂਨੀ ਮਾਮਲਾ ਨਹੀਂ ਹੁੰਦੀ; ਇਹ ਸਿੱਧੀ ਤਰ੍ਹਾਂ ਵਿਦੇਸ਼ ਨੀਤੀ ਨਾਲ ਜੁੜੀ ਹੁੰਦੀ ਹੈ।ਜੇਕਰ ਵਿਦੇਸ਼ੀ ਵਿਦਿਆਰਥੀਆਂ, ਪੱਤਰਕਾਰਾਂ, ਕਰਮਚਾਰੀਆਂ ਜਾਂ ਰਿਸਰਚਰਾਂ ਨੂੰ ਬਿਨਾਂ ਸਪੱਸ਼ਟ ਕਾਰਨ ਤੰਗ ਕੀਤਾ ਜਾਂਦਾ ਹੈ, ਤਾਂ ਸੰਬੰਧਤ ਦੇਸ਼ਾਂ ਨਾਲ ਕੂਟਨੀਤਕ ਤਣਾਅ ਪੈਦਾ ਹੋ ਸਕਦਾ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਲੋਕਤੰਤਰਕ ਪ੍ਰਸਿੱਧੀ ਪ੍ਰਭਾਵਤ ਹੋ ਸਕਦੀ ਹੈ।

ਸਿੱਖਿਆ, ਟੂਰਿਜ਼ਮ ਅਤੇ ਨਿਵੇਸ਼ 'ਤੇ ਨਕਾਰਾਤਮਕ ਅਸਰ ਪੈ ਸਕਦਾ ਹੈ।

ਭਾਰਤ ਵਿਸ਼ਵ ਗੁਰੂ ਬਣਨ ਦੀ ਗੱਲ ਕਰਦਾ ਹੈ, ਪਰ ਵਿਸ਼ਵ ਗੁਰੂ ਬਣਨ ਲਈ ਖੁੱਲ੍ਹਾਪਣ, ਭਰੋਸਾ ਅਤੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਬਹੁਤ ਜ਼ਰੂਰੀ ਹੈ।

ਸਰਕਾਰ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਸ ਦੇ ਪਿੱਛੇ ਕਈ ਕਾਰਨ ਹਨ—

1. ਦੁਨੀਆ ਭਰ ਵਿੱਚ ਇਮੀਗ੍ਰੇਸ਼ਨ ਕਾਨੂੰਨ ਸਖ਼ਤ ਹੋ ਰਹੇ ਹਨ।
2. ਡਾਟਾ ਅਤੇ ਨਿਗਰਾਨੀ ਦੀ ਲੋੜ-ਡਿਜੀਟਲ ਯੁੱਗ 'ਚ ਹਰ ਵਿਅਕਤੀ ਦੀ ਟ੍ਰੈਕਿੰਗ।
3. ਰਾਜਨੀਤਕ ਸੰਦੇਸ਼ - ਦੇਸ਼ ਅੰਦਰ ਸਖ਼ਤ ਸਰਕਾਰ ਦੀ ਦਿੱਖ ਬਣਾਉਣਾ।
4. ਅੰਦਰੂਨੀ ਰਾਜਨੀਤੀ - ਸੁਰੱਖਿਆ ਅਤੇ ਘੁਸਪੈਠ ਵਰਗੇ ਮੁੱਦੇ ਅਕਸਰ ਵੋਟ ਬੈਂਕ ਨਾਲ ਜੁੜੇ ਰਹਿੰਦੇ ਹਨ।

ਪਰ ਕਾਨੂੰਨ ਬਣਾਉਂਦੇ ਸਮੇਂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਸੁਰੱਖਿਆ ਦੇ ਨਾਂਅ 'ਤੇ ਮਨਮਰਜ਼ੀ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਭਾਰਤ ਨੂੰ ਮਜ਼ਬੂਤ ਇਮੀਗ੍ਰੇਸ਼ਨ ਕਾਨੂੰਨ ਦੀ ਲੋੜ ਹੈ। ਇਸ ਵਿੱਚ ਕੋਈ ਸ਼ੱਕ ਨਹੀਂ, ਪਰ ਇਹ ਕਾਨੂੰਨ ਸੰਵਿਧਾਨਕ ਮੁੱਲਾਂ, ਕੁਦਰਤੀ ਨਿਆਂ ਅਤੇ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਦੇ ਅਨੁਕੂਲ ਹੋਣਾ ਚਾਹੀਦਾ ਹੈ।ਜੇਕਰ ਕਾਨੂੰਨ ਸਿਰਫ਼ ਡਰ ਅਤੇ ਸਖ਼ਤੀ 'ਤੇ ਅਧਾਰਤ ਹੋਵੇਗਾ, ਤਾਂ ਉਹ ਭਾਰਤ ਦੇ ਲੰਮੇ ਸਮੇਂ ਦੇ ਰਾਸ਼ਟਰੀ ਅਤੇ ਵਿਦੇਸ਼ੀ ਹਿੱਤਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।ਅਸਲ ਲੋੜ ਨਵੇਂ ਕਾਨੂੰਨਾਂ ਦੀ ਨਹੀਂ, ਸਮਝਦਾਰ ਨੀਤੀ, ਪਾਰਦਰਸ਼ੀ ਕਾਰਵਾਈ ਅਤੇ ਮਨੁੱਖੀ ਗੌਰਵ ਦੀ ਰੱਖਿਆ ਦੀ ਹੈ, ਤਾਂ ਜੋ ਭਾਰਤ ਸੁਰੱਖਿਅਤ ਵੀ ਰਹੇ ਅਤੇ ਵਿਸ਼ਵ ਵਿੱਚ ਸਨਮਾਨਤ ਵੀ।

**# ਸੰਪਰਕ : 98151-39576**

11-FEB-PAGE-5.qxd 2/10/2026 8:39 PM Page 1



# ਟਰੰਪ-ਮੋਦੀ ਵਪਾਰ ਸਮਝੌਤੇ ਖ਼ਿਲਾਫ਼ ਕਿਸਾਨਾਂ ਵੱਲੋਂ ਅਰਥੀ ਫੂਕ ਮੁਜ਼ਾਹਰੇ

## 22 ਨੂੰ ਭਾਜਪਾ ਆਗੂਆਂ, ਆਪ ਮੰਤਰੀਆਂ ਦੇ ਘਰਾਂ ਦਾ ਕਰਾਂਗੇ ਘਿਰਾਓ : ਕਿਸਾਨ ਆਗੂ





**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸੰਯੁਕਤ ਕਿਸਾਨ ਮੋਰਚੇ ਦੇ ਦੇਸ਼-ਪੱਧਰੀ ਸੱਦੇ 'ਤੇ ਭਾਕਿਯੂ ਡਕੌਂਦਾ ਧਨੇਰ ਵੱਲੋਂ ਪਿੰਡ ਮੂੰਮ ਵਿਖੇ ਅਰਥੀ ਫੂਕ ਰੋਸ ਮੁਜ਼ਾਹਰਾ ਕੀਤਾ ਗਿਆ।ਇਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਸਾੜ ਕੇ ਕੇਂਦਰ ਤੇ ਸੂਬਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਸਤਨਾਮ ਸਿੰਘ ਮੂੰਮ, ਭਿੰਦਰ ਸਿੰਘ ਮੂੰਮ, ਦਿਆਲ ਸਿੰਘ ਤੇ ਅਜਮੇਰ ਸਿੰਘ ਨੇ ਕਿਹਾ ਕਿ ਸਰਕਾਰਾਂ ਵੱਲੋਂ ਭਾਵੇਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਟਰੰਪ-ਮੋਦੀ ਵਪਾਰ ਸਮਝੌਤੇ ਵਿੱਚ ਖੇਤੀਬਾੜੀ ਤੇ ਡੇਅਰੀ ਖੇਤਰ ਨੂੰ ਬਾਹਰ ਰੱਖਿਆ ਗਿਆ ਹੈ, ਪਰ ਕਿਸਾਨ ਵਰਗ ਨੂੰ ਇਸ 'ਤੇ ਕੋਈ ਭਰੋਸਾ ਨਹੀਂ।ਉਨ੍ਹਾਂ ਕਿਹਾ ਕਿ ਪਿਛਲੇ ਤਜਰਬਿਆਂ ਦੇ ਆਧਾਰ 'ਤੇ ਕਿਸਾਨਾਂ ਨੂੰ ਡਰ ਹੈ ਕਿ ਅਜਿਹੇ ਸਮਝੌਤੇ ਬਹੁ-ਰਾਸ਼ਟਰੀ ਕੰਪਨੀਆਂ ਲਈ ਦਰਵਾਜ਼ੇ ਖੋਲ੍ਹਣਗੇ ਅਤੇ ਦੇਸੀ ਖੇਤੀ ਤੇ ਡੇਅਰੀ ਧੰਦੇ ਨੂੰ ਭਾਰੀ ਨੁਕਸਾਨ ਪਹੁੰਚੇਗਾ।ਆਗੂਆਂ ਨੇ ਮੰਗ ਕੀਤੀ ਕਿ ਪੂਰਾ ਸਮਝੌਤਾ ਤੁਰੰਤ ਜਨਤਕ ਕੀਤਾ ਜਾਵੇ ਤਾਂ ਜੋ ਲੋਕਾਂ ਸਾਹਮਣੇ ਸੱਚਾਈ ਆ ਸਕੇ।ਉਨ੍ਹਾਂ ਕਿਹਾ ਕਿ ਜੇ ਖੇਤੀ ਖੇਤਰ ਜਾਂ ਡੇਅਰੀ ਧੰਦੇ ਨੂੰ ਸਮਝੌਤੇ ਵਿੱਚ ਸ਼ਾਮਲ ਕੀਤਾ ਗਿਆ, ਤਾਂ ਇਹ ਕਿਸਾਨੀ ਤੇ ਪਿੰਡਾਂ ਦੀ ਅਰਥਵਿਵਸਥਾ ਲਈ ਘਾਤਕ ਸਾਬਿਤ ਹੋਵੇਗਾ ਅਤੇ ਸਰਕਾਰ ਨੂੰ ਤਿੱਖੇ ਤੇ ਲੰਬੇ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ।

ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ 12 ਫਰਵਰੀ ਨੂੰ ਦੇਸ਼ ਭਰ ਦੇ ਮੁਲਾਜ਼ਮਾਂ ਤੇ ਮਜ਼ਦੂਰਾਂ ਵੱਲੋਂ ਨਿੱਜੀਕਰਨ ਦੇ ਵਿਰੋਧ ਵਿੱਚ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਵਿੱਚ ਭਾਕਿਯੂ ਡਕੌਂਦਾ ਵੱਲੋਂ ਵੱਡੇ ਪੱਧਰ 'ਤੇ ਸ਼ਮੂਲੀਅਤ ਕਰਕੇ ਸਾਂਝਾ ਮੋਰਚਾ ਮਜ਼ਬੂਤ ਕੀਤਾ ਜਾਵੇਗਾ।ਕਿਸਾਨ ਆਗੂਆਂ ਨੇ ਦੱਸਿਆ ਕਿ 22 ਫਰਵਰੀ ਨੂੰ ਭਾਜਪਾ ਤੇ ਆਪ ਸਰਕਾਰ ਦੇ ਮੰਤਰੀਆਂ ਦੇ ਦਫ਼ਤਰਾਂ ਤੇ ਘਰਾਂ ਅੱਗੇ ਧਰਨੇ ਮਾਰ ਕੇ ਸਰਕਾਰਾਂ ਤੋਂ ਹੱਕੀ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਉਠਾਈ ਜਾਵੇਗੀ।ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਤੇ ਰਾਜ ਸਰਕਾਰ ਨੇ ਲੋਕਾਂ ਦੇ ਹਿੱਤਾਂ ਖ਼ਿਲਾਫ਼ ਫ਼ੈਸਲੇ ਵਾਪਸ ਨਾ ਲਏ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਅਜਾਇਬ ਸਿੰਘ, ਬਿੱਲੂ ਸਿੰਘ, ਚਰਨ ਸਿੰਘ, ਨਿਰਮਲ ਸਿੰਘ, ਸਵਰਨ ਸਿੰਘ ਆਦਿ ਨੇ ਵੀ ਵਿਚਾਰ ਰੱਖੇ।

**ਬੁਢਲਾਡਾ (ਅਸ਼ੋਕ ਲਾਕੜਾ)** : ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਪਿੰਡ ਹਸਨਪੁਰ ਤੇ ਗੁਰਨੇ ਖੁਰਦ ਵਿਖੇ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਮੁਕਤ ਵਪਾਰ ਸਮਝੌਤੇ ਖਿਲਾਫ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਫੂਕੇ ਗਏ। ਇਸ ਮੌਕੇ ਬਲਾਕ ਸੀਨੀਅਰ ਮੀਤ ਪ੍ਰਧਾਨ ਤੇਜ ਰਾਮ ਅਹਿਮਦਪੁਰ, ਬਲਾਕ ਖਜ਼ਾਨਚੀ ਜਗਜੀਵਨ ਸਿੰਘ ਹਸਨਪੁਰ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਨਾਲ ਸਬੰਧਤ ਵਸਤਾਂ ਤੇ ਡੇਅਰੀ ਫਾਰਮਿੰਗ ਨਾਲ ਸਬੰਧਤ ਵਸਤਾਂ 'ਤੇ ਕੀਤਾ ਟੈਕਸ ਮੁਕਤ ਵਪਾਰ ਸਮਝੌਤਾ ਰੱਦ ਕਰਨ ਦੀ ਮੰਗ ਕੀਤੀ। ਇਸ ਸਮਝੌਤੇ ਤਹਿਤ ਸਮੁੱਚੇ ਦੇਸ਼ ਦੇ ਕਿਸਾਨਾਂ ਨੂੰ ਖੇਤੀ ਤੇ ਡੇਅਰੀ ਫਾਰਮ ਤੋਂ ਬਾਹਰ ਕਰਨ ਦੀ ਸਾਜ਼ਿਸ਼ ਹੈ। ਇਸ ਮੌਕੇ ਅਮਰਿੰਦਰ ਸਿੰਘ ਤੇ ਸੁਖਮਿੰਦਰ ਹਸਨਪੁਰ, ਜਵਾਲਾ ਸਿੰਘ, ਕਾਕਾ ਸਿੰਘ, ਸ਼ਿੰਗਾਰਾ ਸਿੰਘ, ਮਨਜੀਤ ਸਿੰਘ, ਲਾਭ ਸਿੰਘ ਗੁਰਨੇ ਖੁਰਦ ਆਦਿ ਆਗੂ ਹਾਜ਼ਰ ਸਨ।

## 22 ਲੱਖ ਦੀ ਧੋਖਾਧੜੀ ਦੇ ਮਾਮਲੇ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਫੋਨ 'ਤੇ ਖ਼ੁਦ ਨੂੰ ਬੈਂਕ ਕਰਮਚਾਰੀ ਦੱਸ ਕੇ ਬਜ਼ੁਰਗ ਪਤੀ-ਪਤਨੀ ਦੇ ਬੈਂਕ ਖਾਤਿਆਂ 'ਚੋਂ ਕਰੀਬ 22 ਲੱਖ ਰੁਪਏ ਟਰਾਂਸਫਰ ਕਰ ਲੈ ਜਾਣ ਦੇ ਮਾਮਲੇ ਵਿੱਚ ਥਾਣਾ ਸਾਈਬਰ ਕ੍ਰਾਈਮ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਰਣਜੀਤ ਸਿੰਘ (66) ਨਾਮਕ ਵਿਅਕਤੀ ਨੇ ਦੱਸਿਆ ਕਿ ਉਹ ਆੜ੍ਹਤ ਦਾ ਕਾਰੋਬਾਰ ਕਰਦਾ ਹੈ, ਜਿਸ ਦੇ ਸਬੰਧ ਵਿੱਚ ਉਸ ਦੇ ਤੇ ਉਸ ਦੀ ਪਤਨੀ ਦੇ ਕਈ ਬੈਂਕ ਖਾਤੇ ਹਨ, ਜਿਸ ਸਬੰਧੀ ਕਿਸੇ ਬੈਂਕ ਕਰਮਚਾਰੀ ਦੀ ਸਲਾਹ 'ਤੇ ਉਸ ਨੇ ਬੈਂਕ ਦੀ ਨੈੱਟ ਬੈਂਕਿੰਗ ਵਾਲੀ ਐਪਲੀਕੇਸ਼ਨ ਆਪਣੇ ਮੋਬਾਈਲ ਫੋਨ ਵਿੱਚ ਡਾਊਨਲੋਡ ਕੀਤੀ ਸੀ।ਇਸ ਤੋਂ ਬਾਅਦ ਉਸ ਨੂੰ ਫੋਨ ਕਾਲ ਆਈ ਤੇ ਫੋਨ ਕਰਨ ਵਾਲੇ ਨੇ ਖ਼ੁਦ ਨੂੰ ਬੈਂਕ ਕਰਮਚਾਰੀ ਦੱਸਦੇ ਹੋਏ ਨੈੱਟ ਬੈਂਕਿੰਗ ਚਲਾਉਣ ਲਈ ਸਹਾਇਤਾ ਕਰਨ ਦੀ ਪੇਸ਼ਕਸ਼ ਕੀਤੀ।ਉਕਤ ਵਿਅਕਤੀ ਨੇ ਵੀਡੀਓ ਕਾਲ ਕਰਕੇ ਝਾਂਸਾ ਦਿੰਦੇ ਹੋਏ ਐਪ ਦੀ ਸੈਟਿੰਗ ਕਰਵਾਉਣ ਦੇ ਬਹਾਨੇ ਆਪਣਾ ਫੋਨ ਉਸ ਦੀ ਬੈਂਕਿੰਗ ਐਪ ਨਾਲ ਜੋੜ ਲਿਆ, ਜਿਸ ਤੋਂ ਕੁਝ ਸਮਾਂ ਬਾਅਦ ਆਏ ਵੱਖ ਵੱਖ ਮੈਸੇਜਾਂ ਤੋਂ ਉਸ ਨੂੰ ਪਤਾ ਲੱਗਾ ਕਿ ਉਕਤ ਨੌਸਰਬਾਜ਼ਾਂ ਨੇ ਉਸ ਦੇ ਤੇ ਉਸ ਦੀ ਪਤਨੀ ਦੇ ਬੈਂਕ ਖਾਤਿਆਂ ਵਿੱਚੋਂ ਕਰੀਬ 22 ਲੱਖ ਰੁਪਏ ਟਰਾਂਸਫਰ ਕਰ ਲਏ ਹਨ।ਸ਼ਿਕਾਇਤ ਕਰਤਾ ਦੇ ਬਿਆਨਾਂ ਨਾਮਾਲੂਮ ਵਿਅਕਤੀਆਂ ਖ਼ਿਲਾਫ਼ ਬੀ.ਐੱਨ.ਐੱਸ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਾਈਬਰ ਕ੍ਰਾਈਮ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# ਡਾਕਟਰਾਂ ਦੀਆਂ ਖਾਲੀ ਅਸਾਮੀਆਂ ਭਰਨ ਦੀ ਮੰਗ ਨੂੰ ਲੈ ਕੇ ਰੋਸ ਪ੍ਰਦਰਸ਼ਨ

■ 20 ਨੂੰ ਮੁੱਖ ਮਾਰਗ ਕੀਤਾ ਜਾਵੇਗਾ ਜਾਮ : ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸੀ ਐੱਚ ਸੀ ਮਹਿਲ ਕਲਾਂ ਵਿਖੇ ਡਾਕਟਰਾਂ ਅਤੇ ਹੋਰ ਸਟਾਫ ਤੇ ਲੋੜੀਂਦੀ ਅਧੁਨਿਕ ਮਸ਼ੀਨਰੀ ਦੀ ਘਾਟ ਨੂੰ ਤੁਰੰਤ ਪੂਰਾ ਕਰਨ ਦੀ ਮੰਗ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖ਼ਿਆਲੀ, ਬਲਦੇਵ ਸਿੰਘ ਸਹਿਜੜਾ, ਭਾਕਿਯੂ ਡਕੌਂਦਾ ਧਨੇਰ ਦੇ ਆਗੂ ਜਗਰਾਜ ਸਿੰਘ ਹਰਦਾਸਪੁਰਾ ਤੇ ਬੀ.ਕੇ.ਯੂ. ਸਿੱਧੂਪੁਰ ਦੇ ਬਲਵਿੰਦਰ ਸਿੰਘ ਬਿੰਦੂ ਨੇ ਪੰਜਾਬ ਸਰਕਾਰ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸਿਹਤ ਤੇ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਕੀਤੇ ਜਾ ਰਹੇ ਵੱਡੇ-ਵੱਡੇ ਦਾਅਵਿਆਂ ਵਿੱਚ ਰੱਤੀ ਭਰ ਵੀ ਸੱਚਾਈ ਨਹੀਂ ਹੈ।ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਲੋਕਾਂ ਲਈ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਕਰਨ ਦੀ ਬਜਾਏ ਸਿੱਖਿਆ ਕ੍ਰਾਂਤੀ, ਸਿਹਤ ਕ੍ਰਾਂਤੀ ਦੇ ਪ੍ਰਚਾਰ ਲਈ ਅਰਬਾਂ ਰੁਪਏ ਇਸ਼ਤਿਹਾਰਬਾਜ਼ੀ 'ਤੇ ਪਾਣੀ ਵਾਂਗ ਵਹਾਏ ਜਾ ਰਹੇ ਹਨ, ਜਦਕਿ ਜ਼ਮੀਨੀ ਪੱਧਰ 'ਤੇ ਲੋਕ ਹਸਪਤਾਲ 'ਚ ਮੁੱਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ।ਆਗੂਆਂ ਨੇ ਹਲਕੇ ਦੇ ਚੁਣੇ ਹੋਏ ਨੁਮਾਇੰਦਿਆਂ 'ਤੇ ਤਿੱਖੇ ਸਵਾਲ ਚੁੱਕਦਿਆਂ ਕਿਹਾ ਕਿ ਜਿਨ੍ਹਾਂ ਨੂੰ ਇੱਥੋਂ ਦੇ ਲੋਕਾਂ ਨੇ ਵੱਡੀਆਂ ਆਸਾਂ-ਉਮੀਦਾਂ ਨਾਲ ਜਿਤਾ ਕੇ ਭੇਜਿਆ ਸੀ, ਉਨ੍ਹਾਂ ਨੇ ਵੀ ਕਦੇ ਹਲਕਾ ਮਹਿਲ ਕਲਾਂ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ।ਉਨ੍ਹਾਂ ਮੰਗ ਕੀਤੀ ਕਿ ਹਸਪਤਾਲ ਨੂੰ ਤੁਰੰਤ ਸਬ-ਡਵੀਜ਼ਨ ਪੱਧਰੀ ਸਿਵਲ ਹਸਪਤਾਲ ਦਾ ਦਰਜਾ ਦਿੱਤਾ ਜਾਵੇ ਤੇ ਬੱਚਿਆਂ, ਔਰਤਾਂ ਦੇ ਮਾਹਰ ਡਾਕਟਰਾਂ ਸਮੇਤ ਖਾਲੀ ਪਈਆਂ ਸਾਰੀਆਂ ਅਸਾਮੀਆਂ ਭਰੀਆਂ ਜਾਣ। ਆਗੂਆਂ ਨੇ ਸਖ਼ਤ ਚਿਤਾਵਨੀ ਦਿੰਦਿਆਂ ਐਲਾਨ ਕੀਤਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਤੁਰੰਤ ਨਾ ਮੰਨੀਆਂ ਗਈਆਂ ਤਾਂ 20 ਫਰਵਰੀ ਨੂੰ ਲੁਧਿਆਣਾ-ਬਠਿੰਡਾ ਮੁੱਖ ਮਾਰਗ 'ਤੇ ਚੱਕਾ ਜਾਮ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਸਿਰ ਹੋਵੇਗੀ।ਅਖੀਰ ਵਿੱਚ ਜਥੇਬੰਦੀਆਂ ਵੱਲੋਂ ਤਹਿਸੀਲ ਸਹਾਇਕ ਗੁਰਪ੍ਰੀਤ ਸਿੰਘ, ਕਲਰਕ ਕਰਨਵੀਰ ਸਿੰਘ, ਕਲਰਕ ਕਮਲਜੀਤ ਸਿੰਘ ਤੇ ਵੀਨੂੰ ਗੋਪਾਲ ਨੂੰ ਮੰਗ ਪੱਤਰ ਸੌਂਪਿਆ ਗਿਆ।ਤਹਿਸੀਲ ਸਹਾਇਕ ਗੁਰਪ੍ਰੀਤ ਸਿੰਘ ਨੇ ਪ੍ਰਦਰਸ਼ਨਕਾਰੀਆਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੀਆਂ ਮੰਗਾਂ ਨੂੰ ਪੰਜਾਬ ਸਰਕਾਰ ਤੱਕ ਪਹੁੰਚਾਉਣਗੇ।


ਇਸ ਮੌਕੇ ਕਿਸਾਨ ਯੂਨੀਅਨ ਕਾਦੀਆਂ ਦੇ ਪਰਮਜੀਤ ਸਿੰਘ ਢੀਂਡਸਾ, ਭਾਕਿਯੂ ਡਕੌਂਦਾ ਬੁਰਜ ਗਿੱਲ ਦੇ ਦਰਸ਼ਨ ਸਿੰਘ ਮਹਿਲ ਕਲਾਂ, ਬਲਵੀਰ ਸਿੰਘ ਮਹਿਲ ਖ਼ੁਰਦ, ਮੇਜਰ ਸਿੰਘ ਸਹਿਜੜਾ, ਰਾਜਾ ਘੁੰਮਾਣ, ਦਰਸ਼ਨ ਸ਼ਰਮਾ, ਸਵਰਨ ਸਿੰਘ ਖ਼ਾਲਸਾ, ਮੰਗਤ ਸਿੰਘ ਸਿੱਧੂ, ਅਮਨਦੀਪ ਸਿੰਘ ਸਿੱਧੂ, ਭਰਪੂਰ ਸਿੰਘ, ਸੁਖਦੇਵ ਸਿੰਘ ਰਾਗੀ, ਮੁਖ਼ਤਿਆਰ ਸਿੰਘ ਧਨੇਰ, ਕੌਰ ਸਿੰਘ ਸਹਿਜੜਾ, ਢਾਡੀ ਪਰਮਜੀਤ ਸਿੰਘ ਪੰਮਾ, ਇਸਤਰੀ ਆਗੂ ਸ਼ਿੰਦਰ ਕੌਰ, ਪਰਮਜੀਤ ਕੌਰ, ਕਮਲਜੀਤ ਕੌਰ, ਸਰਬਜੀਤ ਕੌਰ, ਸ਼ਰਨਜੀਤ ਕੌਰ, ਮਨਜੀਤ ਕੌਰ, ਗੁਰਦੇਵ ਕੌਰ ਤੇ ਜਸਵੰਤ ਕੌਰ ਆਦਿ ਹਾਜ਼ਰ ਸਨ।

## ਕਾਤਰਾਂ

### ਦੋ ਰੋਜ਼ਾ ਕਬੱਡੀ ਟੂਰਨਾਮੈਂਟ 28 ਤੋਂ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਕ੍ਰਿਕਟ ਤੇ ਕਬੱਡੀ ਦੇ ਉੱਘੇ ਕੁਮੈਂਟੇਟਰ ਲੱਖੀ ਲਹਿਰਾ ਤੇ ਕਬੱਡੀ ਖਿਡਾਰੀ ਮਲਕੀਤ ਸਿੰਘ ਪਿੱਦਾ ਦੀ ਯਾਦ ਵਿੱਚ ਬਾਬਾ ਮੁਹੱਬਤ ਸੋਸ਼ਲ ਵੈੱਲਫੇਅਰ ਕਲੱਬ ਲਹਿਰਾ ਮੁਹੱਬਤ ਵੱਲੋਂ ਸਮੂਹ ਨਗਰ ਨਿਵਾਸੀਆਂ ਤੇ ਐੱਨ ਆਰ ਆਈ ਸੱਜਣਾਂ ਦੇ ਸਹਿਯੋਗ ਨਾਲ ਦੋ ਰੋਜ਼ਾ ਸ਼ਾਨਦਾਰ ਕਬੱਡੀ ਟੂਰਨਾਮੈਂਟ 28 ਫਰਵਰੀ ਤੋਂ 1 ਮਾਰਚ 2026 ਤੱਕ ਪਿੰਡ ਲਹਿਰਾ ਮੁਹੱਬਤ (ਬਠਿੰਡਾ) ਵਿਖੇ ਕਰਵਾਇਆ ਜਾ ਰਿਹਾ ਹੈ। 28 ਫਰਵਰੀ ਨੂੰ ਕਬੱਡੀ 32 ਕਿੱਲੋ, ਕਬੱਡੀ 50 ਕਿੱਲੋ ਤੇ ਕਬੱਡੀ ਆਲ ਓਪਨ ਲੜਕੀਆਂ ਅਤੇ ਦੂਸਰੇ ਦਿਨ 1 ਮਾਰਚ ਨੂੰ ਕਬੱਡੀ 70 ਕਿੱਲੋ ਤੇ ਕਬੱਡੀ ਓਪਨ ਦੇ ਮੈਚ ਕਰਵਾਏ ਜਾਣਗੇ।

### ਸੰਤ ਰਾਮ ਜੀ ਦੀ 33ਵੀਂ ਬਰਸੀ ਨੂੰ ਸਮਰਪਤ ਸਮਾਗਮ ਅੱਜ ਤੋਂ



**ਜਗਰਾਉਂ (ਸੰਜੀਵ ਅਰੋੜਾ)**-ਜਗਰਾਉਂ ਨਜ਼ਦੀਕ ਪੈਂਦੇ ਪਿੰਡ ਪੋਨਾ ਵਿਖੇ ਸੰਤ ਰਾਮ ਜੀ ਦੀ 33ਵੀਂ ਬਰਸੀ ਨੂੰ ਸਮਰਪਤ ਸੰਤ ਸਮਾਗਮ ਸਮੂਹ ਨਗਰ ਨਿਵਾਸੀਆਂ ਤੇ ਐੱਨ.ਆਰ.ਆਈਜ਼ ਵੀਰਾਂ ਦੇ ਸਹਿਯੋਗ ਸਦਕਾ ਇਸ ਵਾਰ ਵੀ 11 ਫਰਵਰੀ ਨੂੰ ਆਰੰਭ ਕਰਵਾਏ ਜਾਣਗੇ। ਇਨ੍ਹਾਂ ਮਹਾਨ ਸਮਾਗਮਾਂ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਹਰਪ੍ਰੀਤ ਸਿੰਘ ਰਾਜੂ ਪੋਨਾ, ਨੰਬਰਦਾਰ ਪੂਰਨ ਸਿੰਘ, ਬਲਜੀਤ ਸਿੰਘ ਪੋਨਾ ਨੇ ਦੱਸਿਆ ਕਿ ਸਮਾਗਮਾਂ ਸਬੰਧੀ ਤਿਆਰੀਆਂ ਮੁਕੰਮਲ ਹੋ ਚੁੱਕੀਆਂ। ਇਹ ਸਮਾਗਮ 11 ਤੋਂ 14 ਫਰਵਰੀ ਤੱਕ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 13 ਫਰਵਰੀ ਨੂੰ ਸ਼ਾਮ 6 ਵਜੇ ਤੋਂ 8 ਵਜੇ ਤੱਕ ਭਾਈ ਕੁਲਵੀਰ ਸਿੰਘ ਚੀਮਨਾ ਦਾ ਕਵੀਸ਼ਰੀ ਜੱਥਾ ਸੰਗਤਾਂ ਨੂੰ ਗੁਰੂ ਨਾਲ ਜੋੜੇਗਾ ਤੇ ਰਾਤ ਦੇ ਦੀਵਾਨਾਂ ਵਿੱਚ 8 ਵਜੇ ਤੋਂ ਰਾਤ 10 ਵਜੇ ਤੱਕ ਭਾਈ ਰਵਿੰਦਰ ਸਿੰਘ ਜੋਨੀ ਦਾ ਕੀਰਤਨੀ ਜੱਥਾ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰੇਗਾ।ਇਸੇ ਤਰ੍ਹਾਂ 14 ਫਰਵਰੀ ਨੂੰ ਸ਼ਾਮ 6 ਵਜੇ ਤੋਂ 8 ਵਜੇ ਤੱਕ ਪੰਡਿਤ ਸੋਮਨਾਥ ਰੋਡਿਆਂ ਵਾਲੇ ਦਾ ਕਵੀਸ਼ਰੀ ਜੱਥਾ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰੇਗਾ ਤੇ ਰਾਤ ਦੇ ਦੀਵਾਨਾਂ ਵਿੱਚ ਸ਼ਾਮ 8 ਵਜੇ ਤੋਂ ਰਾਤ 10 ਵਜੇ ਤੱਕ ਸੰਤ ਰਾਮ ਸਰਨ ਮੱਲ੍ਹੇ ਵਾਲੇ ਕਥਾ ਰਾਹੀਂ ਸੰਗਤਾਂ ਨੂੰ ਗੁਰ-ਇਤਿਹਾਸ ਤੋਂ ਜਾਣੂ ਕਰਵਾਉਣਗੇ।

### ਰਾਮ ਸਵਰਨ ਲੱਖੇਵਾਲੀ ਦੂਰਦਰਸ਼ਨ ਜਲੰਧਰ 'ਤੇ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿਛਲੇ ਲੰਬੇ ਸਮੇਂ ਸਮਾਜ ਵਿੱਚ ਕਲਾ, ਸਾਹਿਤ ਤੇ ਤਰਕਸ਼ੀਲ ਚੇਤਨਾ ਦਾ ਚਾਨਣ ਫੈਲਾਉਣ ਵਿੱਚ ਜੁਟੇ ਸਥਾਨਕ ਲੋਕ ਸਾਹਿਤ ਸਭਾ ਦੇ ਪ੍ਰਧਾਨ ਕਲਮਕਾਰ ਰਾਮ ਸਵਰਨ ਲੱਖੇਵਾਲੀ ਦੂਰਦਰਸ਼ਨ ਜਲੰਧਰ ਦੇ ਚਰਚਿਤ ਪ੍ਰੋਗਰਾਮ ਗੱਲਾਂ ਤੇ ਗੀਤ ਵਿੱਚ ਮੁੱਖ ਵਕਤਾ ਵਜੋਂ ਚਰਚਾ ਵਿੱਚ ਭਾਗ ਲੈਣਗੇ।ਇਹ ਜਾਣਕਾਰੀ ਦਿੰਦਿਆਂ ਸਾਹਿਤ ਸਭਾ ਦੇ ਸਕੱਤਰ ਬੂਟਾ ਸਿੰਘ ਵਾਕਫ਼ ਨੇ ਦੱਸਿਆ ਕਿ ਉਹ 12 ਫਰਵਰੀ (ਵੀਰਵਾਰ) ਨੂੰ ਸੱਜਰੀ ਸਵੇਰ ਦੇ ਗੱਲਾਂ ਤੇ ਗੀਤ ਪ੍ਰੋਗਰਾਮ ਵਿੱਚ 'ਮਾਵਾਂ ਜ਼ਿੰਦਗੀ ਦਾ ਸਿਰਨਾਵਾਂ' ਵਿਸ਼ੇ 'ਤੇ ਗੱਲਬਾਤ ਕਰਨ ਲਈ ਦਰਸ਼ਕਾਂ ਦੇ ਰੂਬਰੂ ਹੋਣਗੇ।ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਡੀ. ਡੀ. ਪੰਜਾਬੀ (ਦੂਰਦਰਸ਼ਨ ਜਲੰਧਰ) ਤੋਂ ਸਵੇਰੇ 8.20 ਤੋਂ 9.15 ਤੱਕ ਵਜੇ ਹੋਵੇਗਾ, ਜਦਕਿ ਇਹੋ ਪ੍ਰੋਗਰਾਮ ਇਸੇ ਦਿਨ ਬਾਅਦ ਦੁਪਿਹਰ 1.10 ਵਜੇ ਤੇ ਰਾਤ ਨੂੰ 10 ਵਜੇ ਮੁੜ ਪ੍ਰਸਾਰਤ ਹੋਵੇਗਾ।

## ਥਾਣੇ ਵਾਲੀ ਗਲੀ 'ਚ ਝੁਕਿਆ ਖੰਭਾ ਦੇ ਰਿਹੈ ਵੱਡੇ ਹਾਦਸੇ ਨੂੰ ਸੱਦਾ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸਥਾਨਕ ਸ਼ਹਿਰ ਦੀ ਥਾਣੇ ਵਾਲੀ ਗਲੀ ਵਿੱਚ ਸਥਿਤ ਬਿਜਲੀ ਦਾ ਇੱਕ ਖੰਭਾ ਪਿਛਲੇ ਲੰਬੇ ਸਮੇਂ ਤੋਂ ਬੇਹੱਦ ਖ਼ਤਰਨਾਕ ਹਾਲਤ ਵਿੱਚ ਟੇਢਾ ਹੋ ਚੁੱਕਾ ਹੈ।ਇਹ ਵਿੰਗਾ ਹੋਇਆ ਖੰਭਾ ਕਿਸੇ ਵੀ ਵੇਲੇ ਡਿੱਗ ਕੇ ਕਿਸੇ ਵੱਡੇ ਜਾਨੀ ਜਾਂ ਮਾਲੀ ਨੁਕਸਾਨ ਦਾ ਕਾਰਨ ਬਣ ਸਕਦਾ ਹੈ।ਰਿਹਾਇਸ਼ੀ ਤੇ ਵਪਾਰਕ ਖੇਤਰ ਹੋਣ ਕਾਰਨ ਇੱਥੇ ਹਰ ਵੇਲੇ ਲੋਕਾਂ ਦੀ ਆਵਾਜਾਈ ਰਹਿੰਦੀ ਹੈ, ਜਿਸ ਕਾਰਨ ਮੁਹੱਲਾ ਨਿਵਾਸੀ ਹਮੇਸ਼ਾ ਦਹਿਸ਼ਤ ਦੇ ਸਾਏ ਹੇਠ ਜਿਉਣ ਲਈ ਮਜਬੂਰ ਹਨ।ਨਗਰ ਕੌਂਸਲ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਧੀਰ ਨੇ



ਇਸ ਸਬੰਧੀ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਦੱਸਿਆ ਕਿ ਉਹ ਕਈ ਵਾਰ ਪਾਵਰਕਾਮ ਦੇ ਉੱਚ ਅਧਿਕਾਰੀਆਂ ਨੂੰ ਇਸ ਖ਼ਤਰੇ ਬਾਰੇ ਜਾਣੂ ਕਰਵਾ ਚੁੱਕੇ ਹਨ।ਉਨ੍ਹਾਂ ਅਫ਼ਸੋਸ ਜਤਾਇਆ ਕਿ ਵਾਰ-ਵਾਰ ਕੀਤੀਆਂ ਬੇਨਤੀਆਂ ਦੇ ਬਾਵਜੂਦ ਮਹਿਕਮੇ ਵੱਲੋਂ ਇਸ ਨੂੰ ਠੀਕ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ।ਉਨ੍ਹਾਂ ਸਵਾਲ ਕੀਤਾ ਕਿ ਕੀ ਪਾਵਰਕਾਮ ਪ੍ਰਸ਼ਾਸਨ ਕਿਸੇ ਵੱਡੇ ਹਾਦਸੇ ਦੇ ਵਾਪਰਨ ਦੀ ਉਡੀਕ ਕਰ ਰਿਹਾ ਹੈ ? ਸ਼ਹਿਰ ਵਾਸੀਆਂ ਤੇ ਸਾਬਕਾ ਪ੍ਰਧਾਨ ਨੇ ਪਾਵਰਕਾਮ ਦੇ ਉੱਚ ਅਧਿਕਾਰੀਆਂ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਇਸ ਖੰਭੇ ਨੂੰ ਤੁਰੰਤ ਬਦਲਿਆ ਜਾਵੇ ਜਾਂ ਸਿੱਧਾ ਕੀਤਾ ਜਾਵੇ।ਲੋਕਾਂ ਦਾ ਕਹਿਣਾ ਹੈ ਕਿ ਜੇਕਰ ਜਲਦੀ ਹੀ ਕੋਈ ਕਾਰਵਾਈ ਨਾ ਕੀਤੀ ਗਈ ਤੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਇਸ ਦੀ ਪੂਰੀ ਜ਼ਿੰਮੇਵਾਰੀ ਬਿਜਲੀ ਵਿਭਾਗ ਦੀ ਹੋਵੇਗੀ।ਹੁਣ ਦੇਖਣਾ ਇਹ ਹੋਵੇਗਾ ਕਿ ਪ੍ਰਸ਼ਾਸਨ ਇਸ ਗੰਭੀਰ ਮਸਲੇ ਵੱਲ ਕਦੋਂ ਧਿਆਨ ਦਿੰਦਾ ਹੈ ?

# ਅਣਪਛਾਤਿਆਂ ਨੇ 2 ਪ੍ਰਵਾਸੀ ਮਜ਼ਦੂਰਾਂ 'ਤੇ ਚਲਾਈਆਂ ਗੋਲੀਆਂ

■ ਪ੍ਰਵਾਸੀ ਮਜ਼ਦੂਰ ਫੈਕਟਰੀ ਤੋਂ ਆਪਣੇ ਕਵਾਟਰਾਂ ਵੱਲ ਖਾਣ ਜਾ ਰਹੇ ਖਾਣਾ
■ ਗੋਲੀਆਂ ਚਲਾਉਣ ਵਾਲਿਆਂ ਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਲਾਈਵ ਵੀਡੀਓ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਨੇੜੇ ਦਿਨ-ਦਿਹਾੜੇ ਮਜ਼ਦੂਰਾਂ 'ਤੇ ਹੋਈ ਫਾਇਰਿੰਗ ਦੌਰਾਨ ਉਸ ਵੇਲੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪਸਰ ਗਿਆ, ਜਦੋਂ ਜ਼ੀਰਾ ਰੋਡ ਸਥਿਤ ਪਿੰਡ ਧੱਲਕੇ ਨੇੜੇ ਪਾਰਸ ਮਸਾਲਾ ਫੈਕਟਰੀ ਦੇ ਬਾਹਰ ਅਣਪਛਾਤੇ ਮੋਟਰਸਾਈਕਲ ਸਵਾਰਾਂ ਵੱਲੋਂ ਦੋ ਪ੍ਰਵਾਸੀ ਮਜ਼ਦੂਰਾਂ 'ਤੇ ਗੋਲੀਆਂ ਚਲਾਈਆਂ ਗਈਆਂ।ਫਾਇਰਿੰਗ ਵਿੱਚ ਦੋਵੇਂ ਮਜ਼ਦੂਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਤੁਰੰਤ ਮੋਗਾ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ।ਮਿਲੀ ਜਾਣਕਾਰੀ ਅਨੁਸਾਰ ਜ਼ਖ਼ਮੀ ਮਜ਼ਦੂਰਾਂ ਦੀ ਪਛਾਣ ਸੁਬੋਧ ਕੁਮਾਰ ਤੇ ਅਸ਼ੋਕ ਕੁਮਾਰ ਵਜੋਂ ਹੋਈ ਹੈ।ਜ਼ਖ਼ਮੀ ਸੁਬੋਧ ਕੁਮਾਰ ਨੇ ਦੱਸਿਆ ਕਿ ਉਹ ਬੀ. ਐੱਸ. ਐਗਰੋ ਸ਼ੈਲਰ ਵਿੱਚ ਕੰਮ ਕਰਦਾ ਹੈ।ਮੰਗਲਵਾਰ ਦੁਪਹਿਰ ਕਰੀਬ 11:30 ਵਜੇ ਉਹ ਆਪਣੇ ਸਾਥੀ ਨਾਲ ਫੈਕਟਰੀ ਤੋਂ ਖਾਣਾ ਖਾਣ ਲਈ ਕਵਾਰਟਰਾਂ ਵੱਲ ਜਾ ਰਿਹਾ ਸੀ ਕਿ ਇਸੇ ਦੌਰਾਨ ਤਿੰਨ ਮੋਟਰਸਾਈਕਲ 'ਤੇ ਸਵਾਰ ਅਣਪਛਾਤੇ ਵਿਅਕਤੀਆਂ ਨੇ ਕੁਝ ਦੂਰ ਅੱਗੇ ਜਾ ਕੇ ਉਨ੍ਹਾਂ ਨੇ ਮੋਟਰਸਾਈਕਲ ਮੋੜਿਆ ਅਤੇ ਲੁੱਟ-ਖੋਹ ਦੀ ਨੀਅਤ ਨਾਲ ਦੋਹਾਂ 'ਤੇ ਫਾਇਰਿੰਗ ਕਰ ਦਿੱਤੀ।ਫਾਇਰਿੰਗ ਦੌਰਾਨ ਕਰੀਬ ਤਿੰਨ ਗੋਲੀਆਂ ਚਲਾਈਆਂ ਗਈਆਂ, ਜੋ ਉਨ੍ਹਾਂ ਦੀਆਂ ਲੱਤਾਂ 'ਤੇ ਲੱਗੀਆਂ ਤੇ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।ਘਟਨਾ ਤੋਂ ਬਾਅਦ ਦੋਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਐਂਬੂਲੈਂਸ ਰਾਹੀਂ ਇਲਾਜ ਲਈ ਸਿਵਲ ਹਸਪਤਾਲ ਮੋਗਾ 'ਚ ਲਿਆਂਦਾ ਗਿਆ, ਜਿੱਥੇ ਇੱਕ ਮਜ਼ਦੂਰ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ, ਜਦਕਿ ਦੂਜਾ ਖਤਰੇ ਤੋਂ ਬਾਹਰ ਹੈ।ਇਸ ਘਟਨਾ ਦੀ ਸੂਚਨਾ ਮਿਲਦੇ ਹੀ ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਐੱਸ. ਪੀ. ਆਈ. ਬਾਲ ਕ੍ਰਿਸ਼ਨ ਸਿੰਗਲਾ, ਡੀ.ਐੱਸ.ਪੀ.ਡੀ. ਸੁਖਅੰਮ੍ਰਿਤ ਸਿੰਘ, ਡੀ.ਸੀ.ਪੀ. ਸਿਟੀ ਮੋਗਾ ਗੁਰਪ੍ਰੀਤ ਸਿੰਘ, ਸੀਆਈਏ ਇੰਚਾਰਜ ਤੋਂ ਇਲਾਵਾ ਵੱਖ-ਵੱਖ ਥਾਣਿਆਂ ਦੇ ਮੁਖੀਆਂ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕੀਤੀ ਜਾ ਰਹੀ ਹੈ।

ਇਸ ਮੌਕੇ ਐੱਸ ਐੱਸ ਪੀ ਮੋਗਾ ਅਜੇ ਗਾਂਧੀ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਇਹ ਮਾਮਲਾ ਲੁੱਟ ਖੋਹ ਜਾਂ ਆਪਸੀ ਰੰਜਿਸ਼ ਨਾਲ ਜੁੜਿਆ ਹੋ ਸਕਦਾ ਹੈ।ਮਾਮਲੇ ਦੀ ਹਰ ਪੱਖੋਂ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਦੋਸ਼ੀਆਂ ਦੀ ਭਾਲ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।ਪੁਲਸ ਵੱਲੋਂ ਇਲਾਕੇ 'ਚ ਨਾਕਾਬੰਦੀ ਕਰਕੇ ਸੀ.ਸੀ.ਟੀ.ਵੀ. ਫੁਟੇਜ ਵੀ ਖੰਗਾਲੀ ਜਾ ਰਹੀ ਹੈ, ਤਾਂ ਜੋ ਦੋਸ਼ੀਆਂ ਦੀ ਸ਼ਨਾਖਤ ਕਰਕੇ ਜਲਦ ਤੋਂ ਜਲਦ ਉਨ੍ਹਾਂ ਨੂੰ ਕਾਬੂ ਕੀਤਾ ਜਾ ਸਕੇ।ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੁਝ ਸਮਾਂ ਬਾਅਦ ਹੀ ਸੋਸ਼ਲ ਮੀਡੀਆ 'ਤੇ ਇਸ ਫਾਇਰਿੰਗ ਦੀ ਲਾਈਵ ਵੀਡੀਓ ਭੇਜੀ ਗਈ ਤੇ ਇਸ ਦੀ ਜ਼ਿੰਮੇਵਾਰੀ ਵੀ ਲਈ ਗਈ। ਪੁਲਸ ਦਾ ਕਹਿਣਾ ਹੈ ਕਿ ਮੁਢਲੇ ਤੌਰ 'ਤੇ ਕੁਝ ਵੀ ਕਹਿਣਾ ਠੀਕ ਨਹੀਂ ਹੋਵੇਗਾ, ਇਸ ਦੀ ਗੰਭੀਰਤਾ ਨਾਲ ਜਾਂਚ ਕਰਕੇ ਹੀ ਸੱਚਾਈ ਦਾ ਪਤਾ ਲਗਾਇਆ ਜਾਵੇਗਾ।

## ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿਗ 'ਚ ਕੇਂਦਰ ਦੀ ਸਿੱਖਿਆ ਨੀਤੀ 'ਤੇ ਚਰਚਾ

*12 ਦੀ ਦੇਸ਼ ਵਿਆਪੀ ਹੜਤਾਲ 'ਚ ਹਿੱਸਾ ਲਿਆ ਜਾਵੇਗਾ*



**ਮੁੱਲਾਂਪੁਰ ਦਾਖਾ (ਗੁਰਮੇਲ ਸਿੰਘ ਮੈਲਡੇ)**-ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਜਗਰਾਓਂ ਵਿਖੇ ਸੂਬਾਈ ਆਗੂ ਗੁਰਦੀਪ ਸਿੰਘ ਮੋਤੀ, ਗੁਰਮੇਲ ਸਿੰਘ ਮੈਲਡੇ, ਸਵਰਨ ਸਿੰਘ ਹਠੂਰ, ਪ੍ਰਿਤਪਾਲ ਸਿੰਘ ਸਿੱਧੂ ਤੇ ਬਲਜੀਤ ਸਿੰਘ ਬਿੱਲੂ ਦੀ ਪ੍ਰਧਾਨਗੀ ਹੇਠ ਹੋਈ ਮੀਟਿਗ ਵਿੱਚ ਸਵਰਗਵਾਸੀ ਸਾਥੀ ਅਮਰੀਕ ਸਿੰਘ ਮੀਕਾ ਦੀ ਤੇਰਵੀਂ ਬਰਸੀ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਸਾਥੀ ਮੀਕਾ ਵੱਲੋਂ ਜਥੇਬੰਦੀ ਵਿੱਚ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਸਾਥੀ ਮੋਤੀ ਨੇ ਕਿਹਾ ਕਿ ਮੀਕਾ ਜੀ ਵੱਲੋਂ ਕੀਤੀਆਂ ਸੇਵਾਵਾਂ ਨੂੰ ਯਾਦ ਰੱਖਿਆ ਜਾਵੇਗਾ।ਕੇਂਦਰੀ ਸਰਕਾਰ ਦੀ ਸਿੱਖਿਆ ਨੀਤੀ ਸਬੰਧੀ ਵਿਚਾਰ ਚਰਚਾ ਕੀਤੀ ਗਈ।ਡਾ. ਸੁਰਜੀਤ ਸਿੰਘ ਬਰਾੜ ਤੇ ਚਰਨ ਸਿੰਘ ਸਰਾਭਾ ਸਰਪ੍ਰਸਤ ਗੌਰਮਿੰਟ ਸਕੂਲ ਟੀਚਰ ਯੂਨੀਅਨ ਪੰਜਾਬ ਨੇ ਕਿਹਾ ਕਿ ਇਹ ਨੀਤੀ ਆਮ ਲੋਕਾਂ, ਵਿਦਿਆਰਥੀਆਂ ਤੇ ਅਧਿਆਪਕਾਂ ਦੇ ਹਿੱਤਾਂ ਨਾਲ ਇਨਸਾਫ ਨਹੀਂ ਕਰਦੀ, ਇਸ ਲਈ ਇਸ ਨੀਤੀ ਨੂੰ ਰੱਦ ਕੀਤਾ ਜਾਵੇ। ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਰੈਗੂਲਰ ਤੌਰ 'ਤੇ ਭਰੀਆਂ ਜਾਣ। ਸੂਬਾਈ ਆਗੂ ਗੁਰਮੇਲ ਸਿੰਘ ਮੈਲਡੇ ਨੇ ਕਿਹਾ ਕਿ ਮਾਣਯੋਗ ਸੁਮਰੀਮ ਕੋਰਟ ਵੱਲੋਂ ਕੁੱਝ ਦਿਨ ਪਹਿਲਾਂ ਮਹਿੰਗਾਈ ਭੱਤਾ ਦੇਣ ਸੰਬੰਧੀ ਕੀਤਾ ਗਿਆ ਫੈਸਲਾ ਸ਼ਲਾਘਾ ਯੋਗ ਹੈ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਨੂੰ 16% ਮਹਿੰਗਾਈ ਭੱਤਾ ਕੇਂਦਰ ਸਰਕਾਰ ਤੋਂ ਘੱਟ ਦੇ ਰਹੀ ਹੈ, ਜੋ ਕਿ ਬਹੁਤ ਵੱਡੀ ਬੇਇਨਸਾਫੀ ਹੈ। ਮੀਟਿੰਗ ਨੂੰ ਸੂਬਾਈ ਆਗੂ ਅਵਤਾਰ ਸਿੰਘ ਗਗੜਾ, ਮਾਸਟਰ ਪਰਵੀਨ ਕੁਮਾਰ, ਮਾਸਟਰ ਗੁਰਨਾਮ ਸਿੰਘ, ਜਗਦੀਸ਼ ਸਿੰਘ ਕਾਉਂਕੇ, ਦਿਲਜੀਤ ਸਿੰਘ ਬਿਲਾ, ਚਮਕੌਰ ਸਿੰਘ ਦੌਧਰ, ਪੋਹਲਾ ਸਿੰਘ ਬਰਾੜ, ਹੁਕਮ ਰਾਜ ਤੇ ਵਿੱਕੀ ਮਹੇਸ਼ਵਰੀ ਨੇ ਆਪਣੇ ਵਿਚਾਰ ਰੱਖੇ। ਲੈਕਚਰਾਰ ਅਵਤਾਰ ਸਿੰਘ ਨੇ ਮੀਟਿੰਗ 'ਚ ਆਏ ਸਾਥੀਆਂ ਦਾ ਧੰਨਵਾਦ ਕੀਤਾ।

## ਪੰਜਾਬ ਖੇਤ ਮਜ਼ਦੂਰ ਸਭਾ ਤੇ ਟਰੇਡ ਯੂਨੀਅਨ ਏਟਕ ਭਲਕੇ ਹੜਤਾਲ 'ਚ ਹੋਵੇਗੀ ਸ਼ਾਮਲ : ਚੌਹਾਨ/ਬੁਰਜ ਹਰੀ



**ਮਾਨਸਾ (ਆਤਮਾ ਸਿੰਘ ਪਮਾਰ)**-ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਕਾਰਪੋਰੇਟ ਘਰਾਣਿਆਂ ਪੱਖੀ ਕਾਨੂੰਨਾਂ ਵਿਰੋਧੀ ਦੇਸ਼ ਦੀਆਂ ਟਰੇਡ ਯੂਨੀਅਨਾਂ, ਸੰਯੁਕਤ ਕਿਸਾਨ ਮੋਰਚੇ, ਮੁਲਾਜ਼ਮ ਫੈਡਰੇਸ਼ਨਾਂ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਕੀਤੀ ਜਾ ਰਹੀ 12 ਫਰਵਰੀ ਨੂੰ ਦੇਸ਼ ਵਿਆਪੀ ਹੜਤਾਲ ਸਬੰਧੀ ਸਥਾਨਕ ਤੇਜ਼ਾ ਸਿੰਘ ਸੁਤੰਤਰ ਭਵਨ ਸੀ ਪੀ ਆਈ ਦਫ਼ਤਰ ਵਿਖੇ ਏਟਕ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਨਰੇਸ਼ ਬੁਰਜ਼ ਹਰੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਪੰਜਾਬ ਖੇਤ ਮਜ਼ਦੂਰ ਸਭਾ, ਦੋਧੀ ਡੇਅਰੀ ਯੂਨੀਅਨ, ਐੱਫ ਸੀ ਆਈ ਪੱਲੇਦਾਰ ਯੂਨੀਅਨ, ਐੱਫ ਸੀ ਆਈ ਸਕਿਉਰਟੀ ਗਾਰਡ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ, ਮੁਲਾਜ਼ਮ ਯੂਨੀਅਨ ਆਦਿ ਜਥੇਬੰਦੀਆਂ ਸ਼ਾਮਲ ਸਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ ਤੇ ਏਟਕ ਦੇ ਜ਼ਿਲ੍ਹਾ ਸਕੱਤਰ ਸਾਥੀ ਨਰੇਸ਼ ਕੁਮਾਰ ਬੁਰਜ਼ ਹਰੀ ਨੇ ਕਿਹਾ ਕਿ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਦੀ ਸਫਲਤਾ ਲਈ ਵੱਡੀ ਗਿਣਤੀ ਵਿਚ ਪੁੱਜਣ ਦੀ ਅਪੀਲ ਕੀਤੀ ਤੇ ਆਗੂਆਂ ਨੇ ਟਿੱਪਣੀ ਕਰਦਿਆਂ ਕਿਹਾ ਕਿ ਭਾਰਤ ਅਮਰੀਕਾ ਵਪਾਰਕ ਸਮਝੌਤਾ ਅਮਰੀਕਾ ਵੱਲੋਂ ਭਾਰਤ ਤੇ ਠੋਸੀਆਂ ਗਈਆਂ ਸ਼ਰਤਾਂ ਨਾਲ ਭਾਰਤ ਦਾ ਵਪਾਰ ਤੇ ਕਿਸਾਨਾਂ ਦਾ ਕਾਰੋਬਾਰ ਤਬਾਹੀ ਵੱਲ ਵਧੇਗਾ।ਇਹ ਕੋਈ ਸਮਝੌਤਾ ਨਹੀਂ ਬਲਕਿ ਤਾਨਾਸ਼ਾਹੀ ਹੈ।ਉਨ੍ਹਾਂ ਮੰਗ ਕੀਤੀ ਕਿ ਪੁਰਾਣੇ ਮਨਰੇਗਾ ਦੀ ਬਹਾਲੀ, ਠੇਕੇਦਾਰੀ ਪ੍ਰਬੰਧ ਖਤਮ ਕਰਨ, ਬਿਜਲੀ ਬਿੱਲ 2025, ਬੀਜ਼ ਬਿੱਲ, ਪੁਰਾਣੀ ਪੈਨਸ਼ਨ ਬਹਾਲੀ, ਮਜ਼ਦੂਰ ਵਿਰੋਧੀ ਕਿਰਤ ਕਾਨੂੰਨਾਂ ਨੂੰ ਰੱਦ ਕਰਨ, ਕਿਸਾਨਾ, ਮਜ਼ਦੂਰਾਂ, ਔਰਤਾਂ ਤੇ ਛੋਟੇ ਕਾਰੋਬਾਰੀਆਂ ਦੇ ਕਰਜ਼ ਮੁਆਫੀ, ਸਾਰੀਆਂ ਫਸਲਾਂ ਤੇ ਐੱਮ ਐੱਸ ਪੀ ਖ਼ਰੀਦ ਦੀ ਗਰੰਟੀ, ਰੁਜ਼ਗਾਰ ਦੇ ਪੱਕੇ ਪ੍ਰਬੰਧ ਕਰਨ ਤੇ ਸੂਬਾ ਸਰਕਾਰ ਵੱਲੋਂ 12 ਘੰਟੇ ਕੰਮ ਦੀ ਡਿਊਟੀ ਐਲਾਨਣ ਦੀ ਵਾਪਸੀ ਤੇ ਸਨਅਤਨ ਨੀਤੀ ਸਬੰਧੀ ਨੋਟੀਫਿਕੇਸ਼ਨ ਰੱਦ ਕਰਨ ਕੀਤਾ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਤਨ ਭੋਲਾ, ਡਾਕਟਰ ਰਾਜ ਕੁਮਾਰ ਸ਼ਰਮਾ, ਬਲਵੰਤ ਸਿੰਘ ਫੱਕਰ, ਭਜਨ ਸਿੰਘ, ਬੂਟਾ ਸਿੰਘ ਬਰਨਾਲਾ, ਨਿਰਮਲ ਸਿੰਘ ਮਾਨਸਾ, ਟਿੰਕੂ ਆਦਿ ਆਗੂਆਂ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ ਸਭ ਦੀ ਸਾਂਝੀ ਜ਼ਿੰਮੇਵਾਰੀ : ਰਾਜਪਾਲ

■ ਫਿਰੋਜ਼ਪੁਰ 'ਚ ਕੱਢੀ ਗਈ ਨਸ਼ਿਆਂ ਵਿਰੁੱਧ ਵਿਸ਼ਾਲ ਪੈਦਲ ਯਾਤਰਾ
■ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਨਸ਼ਾ ਮੁਕਤ ਪੰਜਾਬ ਦੇ ਸੰਕਲਪ ਨੂੰ ਦਿੱਤਾ ਨਵਾਂ ਜੋਸ਼



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਨੂੰ ਨਸ਼ਾ ਮੁਕਤ ਤੇ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਦੇ ਉਦੇਸ਼ ਨਾਲ ਮਾਨਯੋਗ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਹੇਠ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੁੱਧ ਵਿਸ਼ਾਲ ਪੈਦਲ ਯਾਤਰਾ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਤੋਂ ਸਕੂਲ ਆਫ਼ ਐਮੀਨੈਂਸ ਫ਼ਿਰੋਜ਼ਪੁਰ ਸ਼ਹਿਰ ਤੱਕ ਕੱਢੀ ਗਈ। ਇਸ ਪੈਦਲ ਯਾਤਰਾ ਵਿੱਚ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਸਮੇਤ ਸੂਬੇ ਦੀਆਂ ਕਈ ਯੂਨਵਰਸਿਟੀਆਂ ਦੇ ਉੱਪ-ਕੁਲਪਤੀ, ਸਕੂਲਾਂ ਤੇ ਕਾਲਜਾਂ ਦੇ ਮੁਖੀ, ਕਈ ਰਾਜਸੀ ਪਾਰਟੀਆਂ ਦੇ ਆਗੂ ਵੀ ਸ਼ਾਮਲ ਹੋਏ। ਇਸ ਯਾਤਰਾ ਵਿੱਚ ਸੂਬੇ ਭਰ ਤੋਂ ਹਜ਼ਾਰਾਂ ਵਿਦਿਆਰਥੀਆਂ, ਐੱਨਜੀਓਜ਼, ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਤੇ ਉੱਘੀਆਂ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦਿਆਂ ਨਸ਼ਾ ਮੁਕਤ ਪੰਜਾਬ ਬਣਾਉਣ ਦਾ ਸੰਕਲਪ ਲਿਆ। ਇਸ ਮੌਕੇ ਰਾਜਪਾਲ ਵੱਲੋਂ ਸਭ ਤੋਂ ਪਹਿਲਾਂ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਗੇੜ ਦੀ ਸ਼ੁਰੂਆਤ ਕੀਤੀ ਗਈ। ਰਾਜਪਾਲ ਪੰਜਾਬ ਨੇ ਖ਼ੁਦ ਇਸ ਪੈਦਲ ਯਾਤਰਾ ਦੀ ਅਗਵਾਈ ਕਰਦਿਆਂ ਨਸ਼ਿਆਂ ਵਿਰੁੱਧ ਸੂਬੇ ਪੱਧਰ 'ਤੇ ਸਭ ਵਰਗਾਂ ਨੂੰ ਇਕਜੁੱਟ ਹੋ ਕੇ ਲੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਸਿਰਫ਼ ਵਿਅਕਤੀ ਦਾ ਹੀ ਨਹੀਂ ਸਗੋਂ ਪੂਰੇ ਸਮਾਜ ਦਾ ਭਾਰੀ ਨੁਕਸਾਨ ਹੁੰਦਾ ਹੈ, ਇਸ ਲਈ ਇਸ ਬੁਰਾਈ ਨੂੰ ਜੜ੍ਹੋਂ ਖਤਮ ਕਰਨ ਲਈ ਸਾਂਝੀ ਕੋਸ਼ਿਸ਼ ਲਾਜ਼ਮੀ ਹੈ। ਯਾਤਰਾ ਉਪਰੰਤ ਸਕੂਲ ਆਫ਼ ਐਮੀਨੈਂਸ ਵਿਖੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਸਿੱਖਿਆ ਸੰਸਥਾਵਾਂ ਨੂੰ ਨਸ਼ਾ ਮੁਕਤ ਬਣਾਉਣ ਦੀ ਲੋੜ ਹੈ, ਕਿਉਂਕਿ ਨੌਜਵਾਨੀ ਦੇ ਸਹੀ ਰਾਹ 'ਤੇ ਪੈਣ ਨਾਲ ਹੀ ਸੂਬੇ ਦਾ ਭਵਿੱਖ ਸੁਰੱਖਿਅਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਫੇਜ਼ ਵਾਈਜ਼ ਮੁਹਿੰਮ ਚਲਾਈ ਜਾ ਰਹੀ ਹੈ, ਪਰ ਇਸ ਨੂੰ ਸਫਲ ਬਣਾਉਣ ਲਈ ਸਿੱਖਿਆ ਸੰਸਥਾਵਾਂ, ਧਾਰਮਿਕ ਸੰਸਥਾਵਾਂ, ਸਮਾਜਿਕ ਸੰਸਥਾਵਾਂ, ਰਾਜਨੀਤਕ ਪਾਰਟੀਆਂ, ਪੰਚਾਇਤਾਂ ਤੇ ਆਮ ਲੋਕਾਂ ਨੂੰ ਇਕੱਠੇ ਹੋ ਕੇ ਇਹ ਲੜਾਈ ਲੜਨੀ ਪਵੇਗੀ। ਮਾਨਯੋਗ ਰਾਜਪਾਲ ਨੇ ਖ਼ਾਸ ਤੌਰ 'ਤੇ ਔਰਤਾਂ ਨੂੰ ਅੱਗੇ ਆ ਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਦੀ ਅਗਵਾਈ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਮਾਂ, ਭੈਣ ਤੇ ਧੀ ਦੇ ਰੂਪ ਵਿੱਚ ਔਰਤਾਂ ਸਮਾਜ ਨੂੰ ਸਹੀ ਦਿਸ਼ਾ ਦੇ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਦੇ ਬਲੀਦਾਨਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਅੰਤ ਵਿੱਚ ਮਾਨਯੋਗ ਰਾਜਪਾਲ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਲੜਾਈ ਸਾਂਝੇ ਤੌਰ 'ਤੇ ਹੀ ਜਿੱਤੀ ਜਾ ਸਕਦੀ ਹੈ ਤੇ ਸਮੂਹ ਪੰਜਾਬ ਵਾਸੀਆਂ ਦੇ ਸਹਿਯੋਗ ਨਾਲ ਇਸ ਮਿਸ਼ਨ ਵਿੱਚ ਜਲਦੀ ਸਫਲਤਾ ਮਿਲੇਗੀ। ਸਮਾਗਮ ਦੇ ਅੰਤ ਵਿੱਚ ਰਾਜਪਾਲ ਵੱਲੋਂ ਲੋੜਵੰਦਾਂ ਨੂੰ ਕੰਬਲਾਂ ਦੀ ਵੰਡ ਕੀਤੀ ਗਈ। ਇਸ ਮੌਕੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਵੀ ਪੀ ਸਿੰਘ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ, ਡਾਇਰੈਕਟਰ ਜਨਗਣਨਾ ਸੰਚਾਲਨ ਲਲਿਤ ਜੈਨ, ਰੈੱਡ ਕਰਾਸ ਦੇ ਸਕੱਤਰ ਸ਼ਿਵ ਦੁਲਾਰ ਸਿੰਘ ਢਿੱਲੋਂ, ਡੀਆਈਜੀ ਫ਼ਿਰੋਜ਼ਪੁਰ ਰੇਂਜ ਸਨੇਹਦੀਪ ਸ਼ਰਮਾ, ਐੱਸਐੱਸਪੀ ਭੁਪਿੰਦਰ ਸਿੰਘ ਸਿੱਧੂ, ਵਧੀਕ ਡਿਪਟੀ ਕਮਿਸ਼ਨਰ (ਜ.) ਡਾ. ਨਿਧੀ ਕੁਮੁਦ ਬੰਬਾਹ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਰਵਿੰਦ ਕੁਮਾਰ ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ, ਵੱਖ-ਵੱਖ ਐੱਨਜੀਓਜ਼, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਮੈਂਬਰ ਤੇ ਵੱਡੀ ਗਿਣਤੀ ਵਿੱਚ ਸਿੱਖਿਆ ਸੰਸਥਾਵਾਂ ,ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ ਆਦਿ ਹਾਜ਼ਰ ਸਨ।

## ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣ ਜਿੱਤਣ ਦੀ ਖੁਸ਼ੀ 'ਚ ਅਕਾਲੀ ਦਲ ਵੱਲੋਂ ਧਾਰਮਿਕ ਸਮਾਗਮ

■ ਸੰਮਤੀ ਦੀ ਜਿੱਤ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਆਗਾਜ਼ : ਸੁਖਬੀਰ ਬਰਾੜ
■ ਜਥੇਦਾਰ ਮਾਹਲਾ ਲੋਕਾਂ ਦੇ ਦੁੱਖ-ਸੁੱਖ 'ਚ ਹਮੇਸ਼ਾ ਖੜ੍ਹੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪਿੰਡ ਬੁੱਧ ਸਿੰਘ ਵਾਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਹਰਬੰਸ ਕੌਰ ਪਤਨੀ ਜਮੀਤ ਸਿੰਘ ਵਾਸੀ ਬੁੱਧ ਸਿੰਘ ਵਾਲਾ ਦੀ ਹੋਈ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਤੇ ਪਾਰਟੀ ਦੇ ਜੇਤੂ ਉਮੀਦਵਾਰਾਂ ਨੂੰ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਸਿਰੋਪਾਓ ਪਾ ਕੇ ਸਨਮਾਨਤ ਕੀਤਾ।ਸਮਾਗਮ ਵਿੱਚ ਵੱਡੀ ਗਿਣਤੀ 'ਚ ਪਾਰਟੀ ਆਗੂਆਂ, ਵਰਕਰਾਂ ਤੇ ਇਲਾਕੇ ਦੇ ਵਰਕਰਾਂ ਤੇ ਆਗੂਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਰਾੜ ਬਾਘਾ ਪੁਰਾਣਾ ਨੇ ਕਿਹਾ ਕਿ ਬਲਾਕ ਸੰਮਤੀ ਦੀ ਚੋਣ ਵਿੱਚ ਹੋਈ ਜਿੱਤ ਸ਼੍ਰੋਮਣੀ ਅਕਾਲੀ ਦਲ ਦੀ ਆਉਣ ਵਾਲੀ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਸਾਫ਼ ਸੰਕੇਤ ਤੇ ਆਗਾਜ਼ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਇੱਕ ਵਾਰ ਫਿਰ ਅਕਾਲੀ ਦਲ ਨਾਲ ਜੁੜ ਰਹੇ ਹਨ, ਕਿਉਂਕਿ ਪਾਰਟੀ ਨੇ ਹਮੇਸ਼ਾ ਪੰਜਾਬ, ਪੰਜਾਬੀਅਤ ਤੇ ਪੰਥ ਦੇ ਹੱਕਾਂ ਲਈ ਸੰਘਰਸ਼ ਕੀਤਾ ਹੈ।ਸੁਖਬੀਰ ਬਰਾੜ ਨੇ ਦਾਅਵਾ ਕੀਤਾ ਕਿ ਹਲਕਾ ਬਾਘਾ ਪੁਰਾਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਤੀਰਥ ਸਿੰਘ ਮਾਹਲਾ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰ ਕੇ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਨਗੇ।ਉਨ੍ਹਾਂ ਕਿਹਾ ਕਿ ਜਥੇਦਾਰ ਮਾਹਲਾ ਲੋਕਾਂ ਦੇ ਦੁੱਖ-ਸੁੱਖ ਵਿੱਚ ਹਮੇਸ਼ਾ ਖੜ੍ਹੇ ਰਹੇ ਹਨ ਤੇ ਇਲਾਕੇ ਦੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਹਨ, ਜਿਸ ਕਰ ਕੇ ਲੋਕਾਂ ਦਾ ਉਨ੍ਹਾਂ 'ਤੇ ਪੂਰਾ ਭਰੋਸਾ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਲੀਡਰਸ਼ਿੱਪ ਤੇ ਵਰਕਰ ਇੱਕਜੁੱਟ ਹੋ ਕੇ ਮੈਦਾਨ ਵਿੱਚ ਡਟੇ ਹੋਏ ਹਨ ਤੇ 2027 ਦੀਆਂ ਚੋਣਾਂ ਵਿੱਚ ਪਾਰਟੀ ਨੂੰ ਵੱਡੀ ਜਿੱਤ ਦਿਵਾਉਣ ਲਈ ਦਿਨ-ਰਾਤ ਮਿਹਨਤ ਕੀਤੀ ਜਾ ਰਹੀ ਹੈ।ਸਮਾਗਮ ਦੌਰਾਨ ਆਗੂਆਂ ਨੇ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਪਾਰਟੀ ਦੀ ਚੜ੍ਹਦੀ ਕਲਾ ਤੇ ਪੰਜਾਬ ਦੀ ਖੁਸ਼ਹਾਲੀ ਲਈ ਦੁਆਵਾਂ ਮੰਗੀਆਂ।

# 12 ਦੀ ਹੜਤਾਲ ਤੇ 22 ਨੂੰ ਦਿੱਤੇ ਜਾਣ ਵਾਲੇ ਧਰਨੇ ਹੋਣਗੇ ਇਤਿਹਾਸਕ : ਐੱਸ ਕੇ ਐੱਮ



**ਮੋਗਾ (ਇਕਬਾਲ ਸਿੰਘ ਖਹਿਰਾ)**

ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਮੋਗਾ ਸੰਯੁਕਤ ਕਿਸਾਨ ਮੋਰਚਾ ਜਥੇਬੰਦੀਆਂ, ਟਰੇਡ ਯੂਨੀਅਨਾ, ਮਜ਼ਦੂਰ, ਮੁਲਾਜ਼ਮ, ਨੌਜਵਾਨ ਜਥੇਬੰਦੀਆਂ ਨਾਲ ਸਾਂਝੀ ਮੀਟਿੰਗ ਗੁਰਦੁਆਰਾ ਬੀਬੀ ਕਾਹਨ ਕੌਰ ਵਿਖੇ ਕੁਲਵੰਤ ਸਿੰਘ ਟੀ ਐੱਸ ਯੂ ਸਰਕਲ ਪ੍ਰਧਾਨ, ਲਵਪ੍ਰੀਤ ਸਿੰਘ ਬਿਜਲੀ ਬੋਰਡ ਫਰੀਦਕੋਟ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਬੀਕੇਯੂ ਲੱਖੋਵਾਲ, ਬਲੌਰ ਸਿੰਘ ਬੀਕੇਯੂ ਏਕਤਾ ਉਗਰਾਹਾਂ ਵਿਤ ਸਕੱਤਰ, ਗੁਰਭੇਜ ਸਿੰਘ ਜਨਰਲ ਸਕੱਤਰ ਕੌਮੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਗੁਰਬੀਰ ਸਿੰਘ ਜ਼ਿਲ੍ਹਾ ਸੈਕਟਰੀ, ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਸਵਰਨ ਸਿੰਘ ਔਲਖ ਪ੍ਰਧਾਨ ਟੀ ਐੱਸ ਯੂ, ਜਗਤਾਰ ਸਿੰਘ ਪ੍ਰਧਾਨ ਡਵੀਜ਼ਨ ਕੋਟਕਪੂਰਾ ਪੀ ਐੱਸ ਈ ਬੀ, ਮੇਜਰ ਸਿੰਘ ਕਾਲੇਕੇ ਜ਼ਿਲ੍ਹਾ ਪ੍ਰਧਾਨ ਪੰਜਾਬ ਖੇਤ ਮਜ਼ਦੂਰ ਯੂਨੀਅਨ, ਸ਼ਾਮਲ ਹੋਏ। ਮੀਟਿੰਗ ਦੌਰਾਨ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ, ਨਿੱਜੀਕਰਨ ਤੇ ਪੰਚਾਇਤੀਕਰਨ ਦੀਆਂ ਨੀਤੀਆਂ ਜਿਵੇਂ ਬਿਜਲੀ ਸੋਧ ਬਿੱਲ, ਬੀਜ ਬਿੱਲ, ਮੁਕਤ ਵਪਾਰ ਸਮਝੌਤਾ, ਚਾਰ ਲੇਬਰ ਕੋਡਜ਼, ਮਗਨਰੇਗਾ ਦੀ ਥਾਂ ਨਵਾਂ ਲਿਆਂਦਾ ਮਜ਼ਦੂਰ ਵਿਰੋਧੀ ਜੀ ਰਾਮ ਜੀ ਕਾਨੂੰਨ, ਪੰਜਾਬ ਸਰਕਾਰ ਵੱਲੋਂ ਸਰਕਾਰੀ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਵਗੈਰਾ ਦੇ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਸੰਯੁਕਤ ਕਿਸਾਨ ਮੋਰਚੇ ਤੇ ਟਰੇਡ ਯੂਨੀਅਨਾਂ ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ 12 ਫਰਵਰੀ ਨੂੰ ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਕੀਤੀ ਜਾ ਰਹੀ ਹੜਤਾਲ ਵਿੱਚ ਮੋਗਾ ਮੇਨ ਚੌਂਕ ਵਿੱਚ ਤੇ ਬਾਘਾ ਪੁਰਾਣਾ ਡਿਵੀਜ਼ਨ ਅੱਗੇ ਸੰਯੁਕਤ ਕਿਸਾਨ ਮੋਰਚਾ ਜਥੇਬੰਦੀਆਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੀਆਂ। ਮੀਟਿੰਗ ਵਿੱਚ 12 ਫਰਵਰੀ ਨੂੰ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੀ ਐੱਸ ਕੇ ਐੱਮ ਜ਼ਿਲ੍ਹਾ ਮੋਗਾ ਤੇ ਟਰੇਡ ਯੂਨੀਅਨ ਵੱਲੋਂ ਠੋਸ ਵਿਉਂਤਬੰਦੀ ਕੀਤੀ ਗਈ।ਮੋਗਾ ਜ਼ਿਲ੍ਹੇ ਵਿੱਚ 22 ਫਰਵਰੀ ਨੂੰ ਆਮ ਆਦਮੀ ਪਾਰਟੀ ਦੇ ਐੱਮ ਐੱਲ ਏ ਡਾਕਟਰ ਅਮਨਦੀਪ ਕੌਰ ਅਰੋੜਾ ਤੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਹਰਜੋਤ ਕਮਲ ਦੇ ਘਰ ਅੱਗੇ ਅਜੀਤਵਾਲ 11 ਵਜੇ ਤੋਂ 3 ਵਜੇ ਤੱਕ ਧਰਨੇ ਦਿੱਤੇ ਜਾਣਗੇ। ਇਸ ਮੌਕੇ ਪ੍ਰਕਾਸ਼ ਸਿੰਘ ਦਫਤਰ ਇੰਚਾਰਜ ਲੱਖੋਵਾਲ, ਬਲਦੇਵ ਸਿੰਘ ਲੱਖੋਵਾਲ, ਪਿਆਰਾ ਸਿੰਘ ਲੱਖੋਵਾਲ, ਮੇਜਰ ਸਿੰਘ ਰਾਏ ਆਲ ਇੰਡੀਆ, ਲਵਪ੍ਰੀਤ ਸਿੰਘ, ਕੁਲਵੰਤ ਸਿੰਘ, ਕਸ਼ਮੀਰ ਸਿੰਘ ਭੇਖਾ ਕਿਰਤੀ ਕਿਸਾਨ ਯੂਨੀਅਨ, ਗੁਰਮੀਤ ਸਿੰਘ ਭੇਖਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਕੁਲਦੀਪ ਸਿੰਘ ਮਹਿਨਾ, ਬਲਤੇਜ ਸਿੰਘ ਟੀ ਐੱਸ ਯੂ ਆਦਿ ਅਲੱਗ ਅਲੱਗ ਯੂਨੀਅਨ ਦੇ ਆਗੂ ਹਾਜ਼ਰ ਸਨ।

## ਭਾਰਤ-ਅਮਰੀਕਾ ਸਮਝੌਤਾ ਦੇਸ਼ ਨੂੰ ਤਬਾਹੀ ਵੱਲ ਤੋਰਨ ਦਾ ਮੁੱਢ ਬੰਨ੍ਹਦੈ : ਸੇਖੋਂ

■ ਪ੍ਰਧਾਨ ਮੰਤਰੀ ਸੰਸਦ 'ਚ ਹਾਜ਼ਰ ਹੋ ਕੇ ਸਮਝੌਤੇ ਦੇ ਲਾਭ ਬਾਰੇ ਸਪੱਸ਼ਟ ਕਰਨ

**ਬਠਿੰਡਾ (ਬਖਤੌਰ ਢਿੱਲੋਂ)**

ਭਾਰਤ-ਅਮਰੀਕਾ ਸਮਝੌਤਾ ਦੇਸ਼ ਦੀ ਆਰਥਿਕ ਵਿਵਸਥਾ ਨੂੰ ਧੱਕ ਕੇ ਤਬਾਹੀ ਵੱਲ ਤੋਰਨ ਦਾ ਮੁੱਢ ਬੰਨ੍ਹਦਾ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਲੋਕ ਸਭਾ ਵਿੱਚੋਂ ਗੈਰ-ਹਾਜ਼ਰ ਰਹਿਣ ਦੀ ਬਜਾਏ ਸੰਸਦ ਵਿੱਚ ਇਸ ਸਮਝੌਤੇ ਬਾਰੇ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਇਸ ਦਾ ਕੀ ਲਾਭ ਹੋਵੇਗਾ ?

ਕਾ: ਸੇਖੋਂ ਨੇ ਕਿਹਾ ਕਿ ਭਾਰਤ-ਅਮਰੀਕਾ ਸਮਝੌਤਾ ਸਾਮਰਾਜੀ ਤਾਕਤਾਂ ਮੂਹਰੇ ਗੋਡੇ ਟੇਕ ਕੇ ਦੇਸ਼ ਨੂੰ ਗੁਲਾਮੀ ਵੱਲ ਧੱਕਣ ਵਾਲਾ ਹੈ, ਕਿਉਂਕਿ ਇਸ ਦਾ ਦੇਸ਼ ਦੀ ਅਰਥ ਵਿਵਸਥਾ 'ਤੇ ਸਿੱਧਾ ਮਾੜਾ ਪ੍ਰਭਾਵ ਪਵੇਗਾ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਤਹਿਤ ਅਮਰੀਕਾ ਭਾਰਤ ਤੋਂ ਆਯਾਤ ਕੀਤੇ ਸਾਮਾਨ 'ਤੇ ਅਠਾਰਾਂ ਫੀਸਦੀ ਟੈਰਿਫ ਲਾਵੇਗਾ, ਜਦਕਿ ਭਾਰਤ ਅਮਰੀਕਾ ਤੋਂ ਆਯਾਤ ਹੋਣ ਵਾਲੇ ਸਾਮਾਨ 'ਤੇ ਜ਼ੀਰੋ ਟੈਰਿਫ ਦੀ ਸ਼ਰਤ ਦਾ ਪਾਬੰਦ ਹੋਵੇਗਾ। ਇਸ ਦਾ ਸਿੱਧਾ ਅਰਥ ਹੈ ਕਿ ਇਸ ਸਮਝੌਤੇ ਦਾ ਅਮਰੀਕੀ ਉਦਯੋਗਪਤੀਆਂ ਨੂੰ ਫਾਇਦਾ ਹੋਵੇਗਾ ਤੇ ਭਾਰਤ ਦੀ ਅਰਥ ਵਿਵਸਥਾ 'ਤੇ ਸੱਟ ਵੱਜੇਗੀ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਕੇਂਦਰ ਦੀ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਸਮੇਂ ਵੀ ਅਜਿਹੇ ਸਮਝੌਤੇ ਲਈ ਯਤਨ ਅਰੰਭੇ ਸਨ, ਪਰ ਉਨ੍ਹਾਂ ਸਪੱਸ਼ਟ ਇਨਕਾਰ ਕਰ ਦਿੱਤਾ ਸੀ। ਹੁਣ ਮੋਦੀ ਸਰਕਾਰ ਨੇ ਦੇਸ਼ ਨਾਲੋਂ ਸਾਮਰਾਜੀ ਅਮਰੀਕਾ ਦੇ ਹਿੱਤਾਂ ਨੂੰ ਵਧੇਰੇ ਤਰਜ਼ੀਹ ਦਿੰਦਿਆਂ ਇਸ ਸਮਝੌਤੇ 'ਤੇ ਦਸਖ਼ਤ ਕਰ ਦਿੱਤੇ ਹਨ। ਸੂਬਾ ਸਕੱਤਰ ਨੇ ਕਿਹਾ ਕਿ ਸਮਝੌਤੇ ਅਨੁਸਾਰ ਦੂਜੀ ਮੱਦ ਤੇਲ ਖਰੀਦ ਬਾਰੇ ਹੈ, ਜਿਸ ਤਹਿਤ ਭਾਰਤ ਰੂਸ ਜਾਂ ਈਰਾਨ ਤੋਂ ਤੇਲ ਨਹੀਂ ਖਰੀਦ ਸਕੇਗਾ, ਉਸ ਨੂੰ ਤੇਲ ਅਮਰੀਕਾ ਤੋਂ ਹੀ ਖ੍ਰੀਦਣਾ ਪਵੇਗਾ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਦਾ ਸਿੱਧਾ ਅਸਰ ਦੇਸ਼ ਦੀ ਖੇਤੀ 'ਤੇ ਪਵੇਗਾ ਤੇ ਵੱਡਾ ਖੇਤੀ ਸੰਕਟ ਖੜਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪਹਿਲਾਂ ਵੀ ਤਿੰਨ ਖੇਤੀ ਕਾਲੇ ਕਾਨੂੰਨ ਲਿਆ ਕੇ ਕਿਸਾਨੀ ਨੂੰ ਤਬਾਹ ਕਰਨ ਦੇ ਰਾਹ ਤੁਰੀ ਸੀ, ਜਿਸ ਨੂੰ ਦੇਸ਼ ਦੇ ਕਿਸਾਨਾਂ ਨੇ ਸੰਘਰਸ਼ ਨਾਲ ਬਚਾਅ ਲਿਆ ਸੀ, ਪਰ ਹੁਣ ਭਾਰਤ ਅਮਰੀਕੀ ਸਮਝੌਤੇ ਨਾਲ ਦੇਸ਼ ਦੀ ਕਿਸਾਨੀ ਨੂੰ ਖਤਮ ਕਰਨ ਦਾ ਰਾਹ ਫੜ ਲਿਆ ਹੈ। ਕਾ: ਸੇਖੋਂ ਨੇ ਕਿਹਾ ਕਿ ਇਹ ਸਮਝੌਤਾ ਸਾਮਰਾਜੀ ਤਾਕਤਾਂ ਮੂਹਰੇ ਝੁਕ ਕੇ ਦੇਸ਼ ਨੂੰ ਗੁਲਾਮੀ ਵੱਲ ਧੱਕਣ ਵਾਲਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਮੋਦੀ ਸੰਸਦ ਵਿੱਚੋਂ ਗੈਰ-ਹਾਜ਼ਰ ਰਹਿਣ ਦੀ ਬਜਾਏ ਲੋਕ ਸਭਾ ਵਿੱਚ ਹਾਜ਼ਰ ਹੋ ਕੇ ਇਹ ਸਪੱਸ਼ਟ ਕਰਨ ਕਿ ਇਸ ਸਮਝੌਤੇ ਦਾ ਦੇਸ਼ ਨੂੰ ਵੀ ਲਾਭ ਹੋਵੇਗਾ।

11-FEB-PAGE-6.qxd 2/10/2026 9:35 PM Page 1



## ਸਿਲਵਰ ਓਕਸ ਸਕੂਲ 'ਚ ਰੇਡੀਓ ਜੌਕੀ ਮੁਕਾਬਲਾ ਕਰਵਾਇਆ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਲਵਰ ਓਕਸ ਸਕੂਲ ਵਿੱਚ ਵਿਦਿਆਰਥੀਆਂ ਦੀ ਭਾਸ਼ਾਈ ਕਾਬਲੀਅਤ ਤੇ ਰਚਨਾਤਮਕਤਾ ਨੂੰ ਨਿਖਾਰਨ ਦੇ ਉਦੇਸ਼ ਨਾਲ ਇੱਕ ਰੇਡੀਓ ਜੌਕੀ (ਆਰ ਜੇ) ਮੁਕਾਬਲਾ ਸਫਲਤਾਪੂਰਵਕ ਕਰਵਾਇਆ ਗਿਆ।ਇਸ ਮੌਕੇ ਆਲ ਇੰਡੀਆ ਰੇਡੀਓ ਐੱਫ. ਐੱਮ. ਬਠਿੰਡਾ ਦੀ ਬੁਲੰਦ ਅਵਾਜ਼ ਮਮਤਾ ਅਰੋੜਾ ਮੁੱਖ ਮਹਿਮਾਨ ਵਜੋਂ ਪਹੁੰਚੇ।ਉਨ੍ਹਾਂ ਦਾ ਸਵਾਗਤ ਕਰਦੇ ਹੋਏ ਇਸ ਮੁਕਾਬਲੇ ਦਾ ਆਗਾਜ਼ ਜੋਤੀ ਪ੍ਰਕਾਸ਼ਿਤ ਕਰਕੇ ਕੀਤਾ ਗਿਆ।ਇਸ ਮੁਕਾਬਲੇ ਵਿੱਚ ਵੱਖ-ਵੱਖ ਹਾਊਸ ਦੇ ਵਿਦਿਆਰਥੀਆਂ ਨੇ ਭਾਗ ਲਿਆ ਤੇ ਆਪਣੀ ਆਵਾਜ਼, ਉਚਾਰਨ, ਅਭਿਵਿਅਕਤੀ ਤੇ ਆਤਮਵਿਸ਼ਵਾਸ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਆਰ ਜੇ ਮਮਤਾ ਅਰੋੜਾ ਨੇ ਵਿਦਿਆਰਥੀਆਂ ਦੀ ਮਿਹਨਤ ਦੀ ਸਰਾਹਣਾ ਕੀਤੀ ਤੇ ਉਨ੍ਹਾਂ ਨੂੰ ਮਜ਼ਬੂਤ ਸੰਚਾਰ ਕੌਸ਼ਲ, ਆਤਮਵਿਸ਼ਵਾਸ ਤੇ ਰਚਨਾਤਮਕਤਾ ਵਿਕਸਿਤ ਕਰਨ ਲਈ ਪ੍ਰੇਰਿਤ ਕੀਤਾ, ਜੋ ਕਿ ਅੱਜ ਦੇ ਤੇਜ਼ ਰਫ਼ਤਾਰ ਵਾਲੇ ਸੰਸਾਰ ਵਿੱਚ ਬਹੁਤ ਜ਼ਰੂਰੀ ਗੁਣ ਹਨ।ਉਨ੍ਹਾਂ ਦੇ ਪ੍ਰੇਰਨਾਦਾਇਕ ਸ਼ਬਦਾਂ ਨੇ ਭਾਗੀਦਾਰਾਂ ਨੂੰ ਹੋਰ ਉਤਸ਼ਾਹ ਤੇ ਜਜ਼ਬੇ ਨਾਲ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।ਸਮਾਗਮ ਦਾ ਸਮਾਪਨ ਉਤਸ਼ਾਹਪੂਰਨ ਢੰਗ ਨਾਲ ਹੋਇਆ, ਜਿਸ ਦੌਰਾਨ ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨਾਂ ਲਈ ਸਨਮਾਨਤ ਕੀਤਾ ਗਿਆ।

## ਰਣਜੋਧ ਹਡਾਣਾ ਨੇ ਸਨੌਰ 'ਚ ਵਿਕਾਸ ਪ੍ਰੋਜੈਕਟਾਂ ਦੇ ਰੱਖੇ ਨੀਂਹ ਪੱਥਰ



**ਸਨੌਰ (ਰਾਜਿੰਦਰ ਸਿੰਘ ਥਿੰਦ)** ਹਲਕਾ ਸਨੌਰ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਉਣ ਦੇ ਮਕਸਦ ਨਾਲ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਸਤਿਗੁਰੂ ਦਾ ਓਟ ਆਸਰਾ ਲੈਣ ਉਪਰੰਤ ਸਥਾਨਕ ਆਗੂਆਂ ਤੇ ਨਿਵਾਸੀਆਂ ਦੀ ਹਾਜ਼ਰੀ ਵਿੱਚ ਕਰੀਬ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਮਹੱਤਵਪੂਰਨ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ।ਇਨ੍ਹਾਂ ਪ੍ਰੋਜੈਕਟਾਂ ਦੇ ਸ਼ੁਰੂ ਹੋਣ ਨਾਲ ਕਸਬਾ ਸਨੌਰ ਦੀਆਂ ਪੁਰਾਣੀਆਂ ਮੁਸ਼ਕਲਾਂ ਦਾ ਹੱਲ ਹੋਵੇਗਾ ਤੇ ਸ਼ਹਿਰ ਦੀ ਸੁੰਦਰਤਾ ਵਿੱਚ ਵੀ ਵਾਧਾ ਹੋਵੇਗਾ।ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਦੇ ਪ੍ਰਧਾਨ ਪ੍ਰਦੀਪ ਜੋਸਨ, ਈ ਓ ਲਖਬੀਰ ਸਿੰਘ ਤੇ ਹੋਰ ਸਥਾਨਕ ਆਗੂ ਮੌਜੂਦ ਰਹੇ। ਇਸ ਮੌਕੇ ਹਡਾਣਾ ਤੇ ਸਥਾਨਕ ਆਗੂਆਂ ਵੱਲੋਂ ਕਸਬੇ ਦੀ ਫਿਰਨੀ ਵਿਖੇ ਪਾਣੀ ਦੇ ਹੱਲ ਲਈ ਅੰਡਰਗਰਾਊਂਡ ਪਾਈਪਾਂ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ।ਇਸ ਦੇ ਨਾਲ ਹੀ ਇਲਾਕ ਸ਼ਹੀਦ ਊਧਮ ਸਿੰਘ ਪਾਰਕ ਦੇ ਰਹਿੰਦੇ ਕੰਮਾਂ ਤੇ ਇਸ ਦੀ ਰੈਨੋਵੇਸ਼ਨ (ਨਵੀਨੀਕਰਨ) ਦਾ ਨੀਂਹ ਪੱਥਰ ਰੱਖਿਆ ਗਿਆ।

ਇਸ ਤੋਂ ਇਲਾਵਾ ਵਿਸ਼ਵਕਰਮਾ ਭਵਨ ਵਿਖੇ ਇੱਕ ਆਧੁਨਿਕ ਕਮਿਊਨਿਟੀ ਸੈਂਟਰ ਬਣਾਉਣ ਦੇ ਕੰਮਾਂ ਦਾ ਵੀ ਨੀਂਹ ਪੱਥਰ ਰੱਖਿਆ ਗਿਆ, ਜਿਸ ਦੀ ਮੰਗ ਇਲਾਕਾ ਨਿਵਾਸੀਆਂ ਵੱਲੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਨੀਂਹ ਪੱਥਰ ਰੱਖਣ ਮੌਕੇ ਸਨੌਰ ਦੇ ਸਥਾਨਕ ਆਗੂਆਂ ਤੇ ਵਾਰਡ ਨਿਵਾਸੀਆਂ ਨੇ ਰਣਜੋਧ ਹਡਾਣਾ ਦਾ ਭਰਵਾਂ ਸਵਾਗਤ ਕੀਤਾ।ਸ਼ਹਿਰ ਨਿਵਾਸੀਆਂ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਿਰਫ਼ ਵੋਟਾਂ ਵੇਲੇ ਹੀ ਨੀਂਹ ਪੱਥਰ ਰੱਖੇ ਸਨ, ਪਰ ਹਡਾਣਾ ਦੀ ਸਰਗਰਮੀ ਸਦਕਾ ਅੱਜ ਜ਼ਮੀਨੀ ਪੱਧਰ 'ਤੇ ਕੰਮ ਸ਼ੁਰੂ ਹੋ ਰਹੇ ਹਨ।

ਹਡਾਣਾ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਤੇ ਠੇਕੇਦਾਰਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਵਿੱਚ ਵਰਤੇ ਜਾਣ ਵਾਲੇ ਮਟੀਰੀਅਲ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ। ਇਹ ਜਨਤਾ ਦਾ ਪੈਸਾ ਹੈ ਤੇ ਇਸ ਦੀ ਵਰਤੋਂ ਪੂਰੀ ਪਾਰਦਰਸ਼ਤਾ ਨਾਲ ਹੋਣੀ ਚਾਹੀਦੀ ਹੈ।

## ਸਰਕਾਰੀ ਸਕੂਲ ਟਿੱਬਾ ਦੇ ਵਿਦਿਆਰਥੀਆਂ ਵੱਲੋਂ ਮਾਤਾ ਗੁਜਰੀ ਕਾਲਜ ਦਾ ਵਿੱਦਿਅਕ ਦੌਰਾ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਿੱਬਾ (ਸੰਗਰੂਰ) ਦੇ ਵਿਦਿਆਰਥੀਆਂ ਨੇ ਮਾਤਾ ਗੁਜਰੀ ਕਾਲਜ ਦਾ ਵਿੱਦਿਅਕ ਦੌਰਾ ਕੀਤਾ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਿੱਬਾ ਦੇ ਪ੍ਰਿੰਸੀਪਲ ਕਮਲਜੀਤ ਕੌਰ ਨੇ ਸਮੂਹ ਕਾਲਜ ਸਟਾਫ਼ ਦਾ ਇਸ ਦੌਰੇ ਲਈ ਸਹਿਯੋਗ ਕਰਨ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇਹ ਦੌਰਾ ਭਾਰਤ ਸਰਕਾਰ ਦੀ ਸਕੀਮ ਨੈਸ਼ਨਲ ਸਕਿੱਲ ਕੁਆਲੀਫ਼ਿਕੇਸ਼ਨ ਫ਼ਰੇਮਵਰਕ ਸਕੀਮ ਤਹਿਤ ਕਰਵਾਇਆ ਗਿਆ, ਜੋ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਰਿਹਾ ਹੈ।ਇਸ ਮੌਕੇ ਸਕੂਲ ਦੇ ਅਧਿਆਪਕਾਂ ਉਜਾਗਰ ਸਿੰਘ, ਲਖਵੀਰ ਸਿੰਘ, ਦਲਵੀਰ ਸਿੰਘ, ਕਾਹਲਾ ਸਿੰਘ, ਸੋਹਨਜੀਤ ਕੌਰ, ਜਸ਼ਨਪ੍ਰੀਤ ਕੌਰ ਤੇ ਸੁਖਦੀਪ ਕੌਰ ਨੇ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਦੇ ਵਿਕਲਪਾਂ ਤੇ ਕਾਲਜ ਵਿਖੇ ਪੜ੍ਹਾਏ ਜਾ ਰਹੇ ਵੱਖ-ਵੱਖ ਕੋਰਸਾਂ ਸਬੰਧੀ ਜਾਗਰੂਕ ਕਰਨ ਲਈ ਕਾਲਜ ਦੇ ਸਟਾਫ਼ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਕਾਲਜ ਵਿਖੇ ਸਵਾਗਤ ਕਰਦਿਆਂ ਉਚੇਰੀ ਵਿੱਦਿਆ ਦੇ ਵਿਕਲਪਾਂ ਸਬੰਧੀ ਵਿਸਥਾਰ ਨਾਲ ਦੱਸਿਆ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਕਾਲਜ ਵਿਖੇ ਉਪਲੱਬਧ ਵਿੱਦਿਅਕ ਸਹੂਲਤਾਂ ਸਬੰਧੀ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ।ਇਸ ਮੌਕੇ ਕਾਲਜ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਡਾ. ਜਗਦੀਸ਼ ਸਿੰਘ, ਕੰਪਿਊਟਰ ਸਾਇੰਸ ਵਿਭਾਗ ਦੇ ਪ੍ਰੋ. ਹਰਸਿਮਰਤ ਕੌਰ ਤੇ ਪ੍ਰੋ. ਪ੍ਰਭਲੀਨ ਕੌਰ, ਖੇਤੀਬਾੜੀ ਵਿਭਾਗ ਦੇ ਡਾ. ਰਵਿੰਦਰ ਕੁਮਾਰ ਤੇ ਹੋਰ ਅਧਿਆਪਕਾਂ ਨੇ ਵਿਦਿਆਰਥੀਆਂ ਨਾਲ ਵੱਖ-ਵੱਖ ਵਿਸ਼ਿਆਂ ਸਬੰਧੀ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ।

## 21 ਲੋੜਵੰਦ ਪਰਵਾਰਾਂ ਨੂੰ ਮਹੀਨਾਵਾਰ ਰਾਸ਼ਨ ਵੰਡਿਆ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਮਾਨਵਤਾ ਦੀ ਸੇਵਾ ਤੇ 'ਕੋਈ ਭੁੱਖਾ ਨਾ ਸੋਏ' ਦੇ ਸੰਕਲਪ ਨੂੰ ਮੁੱਖ ਰੱਖਦਿਆਂ ਸਥਾਨਕ ਸ਼ਹਿਰ ਦੇ ਨਿਵਾਸੀ ਤੇ ਸੇਵਾਮੁਕਤ ਪੁਲਸ ਇੰਸਪੈਕਟਰ ਹਰੀਸ਼ ਵਰਮਾ ਦੇ ਪਰਵਾਰ ਵੱਲੋਂ ਬਾਬਾ ਸ਼ੇਖ ਫ਼ਰੀਦ ਜੀ ਦੇ ਆਸ਼ੀਰਵਾਦ ਸਦਕਾ ਨੇਕ ਕਮਾਈ ਵਿੱਚੋਂ ਦਸਵੰਧ ਕੱਢਦਿਆਂ ਲੋੜਵੰਦਾਂ ਦੀ ਮਦਦ ਕੀਤੀ ਗਈ।ਹਰੀਸ਼ ਵਰਮਾ (ਇੰਸਪੈਕਟਰ ਰਿਟਾ.), ਉਨ੍ਹਾਂ ਦੇ ਸਪੁੱਤਰ ਐਡਵੋਕੇਟ ਐੱਸ.ਵੀ.ਐੱਸ. ਵਰਮਾ (ਸਕੱਤਰ, ਬਾਰ ਐਸੋਸੀਏਸ਼ਨ ਫ਼ਰੀਦਕੋਟ) ਤੇ ਕੇ.ਵੀ.ਐੱਸ. ਵਰਮਾ (ਇੰਟੈਲੀਜੈਂਸ ਅਫ਼ਸਰ, ਮੈਕਸੀਕੋ ਸਿਟੀ) ਵੱਲੋਂ ਸਾਂਝੇ ਤੌਰ 'ਤੇ ਆਪਣੇ ਨਿਵਾਸ ਸਥਾਨ ਵਿਖੇ ਇਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਉਨ੍ਹਾਂ ਬਾਬਾ ਫ਼ਰੀਦ ਜੀ ਦੀ ਬਖਸ਼ਿਸ਼ ਕੀਤੀ ਨੇਕ ਕਮਾਈ ਵਿੱਚੋਂ 21 ਪਰਵਾਰਾਂ ਨੂੰ ਪੂਰੇ ਮਹੀਨੇ ਦਾ ਰਾਸ਼ਨ ਮੁਹੱਈਆ ਕਰਵਾਇਆ, ਜੋ ਕੈਂਸਰ ਵਰਗੀ ਨਾਮੁਰਾਦ ਬਿਮਾਰੀ, ਸਰੀਰਕ ਅਪੰਗਤਾ ਜਾਂ ਗੰਭੀਰ ਆਰਥਿਕ ਤੰਗੀ ਕਾਰਨ ਦੋ ਵੇਲੇ ਦੀ ਰੋਟੀ ਤੋਂ ਵੀ ਮੁਥਾਜ ਹਨ।ਵਰਮਾ ਪਰਵਾਰ ਨੇ ਦੱਸਿਆ ਕਿ ਉਹ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਬਾਬਾ ਜੀ ਦੇ ਸ਼ੁਕਰਾਨੇ ਵਜੋਂ ਇਹ ਸੇਵਾ ਨਿਭਾਅ ਰਹੇ ਹਨ।ਉਨ੍ਹਾਂ ਕਿਹਾ ਕਿ ਸਾਡਾ ਮਕਸਦ ਸਿਰਫ਼ ਇਹੀ ਹੈ ਕਿ ਬਾਬਾ ਫ਼ਰੀਦ ਜੀ ਦੀ ਨਗਰੀ ਵਿੱਚ ਕੋਈ ਵੀ ਇਨਸਾਨ ਭੁੱਖੇ ਪੇਟ ਨਾ ਸੌਂਵੇ।

## ਆਨੰਦ ਮੈਡੀਸਿਟੀ ਹਸਪਤਾਲ 'ਚ ਲਗਾਏ ਅੱਖਾਂ ਦੇ ਕੈਂਪ 'ਚ 170 ਮਰੀਜ਼ਾਂ ਦੀ ਜਾਂਚ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਆਨੰਦਜ਼ ਮੈਡੀਸਿਟੀ ਹਸਪਤਾਲ ਵਿਖੇ ਅੱਖਾਂ ਦਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਡਾਕਟਰ ਦੀਪ ਆਨੰਦ ਨੇ ਦੱਸਿਆ ਕਿ ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ ਲੁਧਿਆਣਾ ਤੋਂ ਆਈ ਡਾਕਟਰਾਂ ਦੀ ਟੀਮ ਵੱਲੋਂ ਕੈਂਪ ਦੌਰਾਨ ਕਰੀਬ 170 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਤੋਂ ਇਲਾਵਾ ਮਰੀਜ਼ਾਂ ਨੂੰ ਲੋੜੀਂਦੀਆਂ ਦਵਾਈਆਂ ਤੇ ਐਨਕਾਂ ਵੀ ਮੁਫ਼ਤ ਵੰਡੀਆਂ ਗਈਆਂ। ਅੱਖਾਂ ਦੀ ਮਾਹਰ ਡਾ. ਪ੍ਰਿਅੰਕਾ ਅਰੋੜਾ ਵੱਲੋਂ ਮਰੀਜ਼ਾਂ ਦੀ ਜਾਂਚ ਕਰ ਉਨ੍ਹਾਂ ਨੂੰ ਆਪਣੀਆਂ ਅੱਖਾਂ ਦੀ ਸਾਂਭ-ਸੰਭਾਲ ਤੇ ਬੀਮਾਰੀਆਂ ਤੋਂ ਬਚਾਅ ਪ੍ਰਤੀ ਵੀ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਕੈਂਪ ਵਿੱਚ 26 ਮਰੀਜ਼ ਅਜਿਹੇ ਚੁਣੇ ਗਏ, ਜਿਨ੍ਹਾਂ ਦੇ ਅੱਖਾਂ ਦੇ ਆਪ੍ਰੇਸ਼ਨ ਵੀ ਹਸਪਤਾਲ ਵੱਲੋਂ ਮੁਫ਼ਤ ਕਰਵਾਏ ਜਾਣਗੇ। ਡਾਕਟਰਾਂ ਵੱਲੋਂ ਕੈਂਪ ਵਿੱਚ ਨਜ਼ਰ, ਮੋਤੀਆ ਤੇ ਭੈਂਗੇਪਣ ਦੇ ਮਰੀਜ਼ਾਂ ਦੀ ਵੀ ਜਾਂਚ ਕੀਤੀ ਗਈ। ਡਾਕਟਰਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਮੋਬਾਇਲ ਫੋਨ ਤੋਂ ਦੂਰ ਰੱਖਣ, ਕਿਉਂਕਿ ਇਸ ਨਾਲ ਉਨ੍ਹਾਂ ਦੀਆਂ ਅੱਖਾਂ 'ਤੇ ਬੁਰਾ ਅਸਰ ਪੈਂਦਾ ਹੈ। ਡਾ. ਪ੍ਰਿਅੰਕਾ ਅਰੋੜਾ ਨੇ ਕਿਹਾ ਕਿ ਬੱਚਿਆਂ ਤੇ ਬਜ਼ੁਰਗਾਂ ਦੀਆਂ ਅੱਖਾਂ ਦੀ ਜਾਂਚ ਸਮੇਂ ਸਿਰ ਕਰਵਾਉਣੀ ਜ਼ਰੂਰੀ ਹੈ। ਇਸ ਕੈਂਪ ਵਿੱਚ ਸਵਾਮੀ ਗੰਗਾ ਨੰਦ ਜੀ ਭੂਰੀ ਵਾਲੇ ਸੇਵਾ ਸੰਮਤੀ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

## ਚੋਰੀ ਦੇ ਮੋਟਰਸਾਈਕਲਾਂ ਸਮੇਤ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੈਂਟ ਫ਼ਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਚੋਰੀ ਦੇ 2 ਮੋਟਰਸਾਈਕਲਾਂ ਸਮੇਤ ਗ੍ਰਿਫ਼ਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਐੱਸ. ਆਈ. ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਚੁੰਗੀ ਨੰਬਰ 7 ਕੈਂਟ ਫ਼ਿਰੋਜ਼ਪੁਰ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਹਨੀ ਪੁੱਤਰ ਰਮੇਸ਼ ਵਾਸੀ ਗੋਪੀ ਟੂਟੀਆਂ ਵਾਲੀ ਗਲੀ ਬਸਤੀ ਆਵਾ ਫ਼ਿਰੋਜ਼ਪੁਰ ਸ਼ਹਿਰ, ਜੋ ਮੋਟਰਸਾਈਕਲ ਚੋਰੀ ਕਰਨ ਦਾ ਆਦੀ ਹੈ ਤੇ ਹੁਣ ਵੀ ਚੋਰੀ ਕੀਤਾ ਮੋਟਰਸਾਈਕਲ ਵੇਚਣ ਲਈ ਸ਼ਮਸ਼ਾਨ ਘਾਟ ਰੋਡ 'ਤੇ ਝਾੜੀਆਂ ਪਾਸ ਖੜ੍ਹਾ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਜੇਕਰ ਉਸ 'ਤੇ ਹੁਣੇ ਹੀ ਛਾਪੇਮਾਰੀ ਕੀਤੀ ਜਾਵੇ ਤਾਂ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਆ ਸਕਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਕਾਬੂ ਕਰਕੇ ਉਸ ਕੋਲੋਂ ਚੋਰੀ ਦੇ 2 ਮੋਟਰਸਾਈਕਲ ਬਰਾਮਦ ਕੀਤੇ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

## ਬਰਸਟ ਦਾ ਨਿਰੋਲ ਕਾਸਕੋ ਕ੍ਰਿਕਟ ਕੱਪ ਟੂਰਨਾਮੈਂਟ ਪਹਾੜਪੁਰ ਦੀ ਟੀਮ ਨੇ ਜਿੱਤਿਆ



**ਸਮਾਣਾ (ਇਕਬਾਲ ਸਿੰਘ ਬੱਲ)**-ਹਲਕਾ ਸਮਾਣਾ ਦੇ ਪਿੰਡ ਬਰਸਟ ਵਿਖੇ ਨਿਰੋਲ ਕਾਸਕੋ ਕ੍ਰਿਕਟ ਕੱਪ ਟੂਰਨਾਮੈਂਟ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ, ਜਿਸ ਵਿੱਚ ਕੁੱਲ 32 ਟੀਮਾਂ ਨੇ ਭਰਪੂਰ ਉਤਸ਼ਾਹ ਨਾਲ ਹਿੱਸਾ ਲਿਆ।ਇਸ ਖੇਡ ਸਮਾਗਮ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍. ਹਰਚੰਦ ਸਿੰਘ ਬਰਸਟ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ।ਇਸ ਮੌਕੇ ਸ੍. ਬਰਸਟ ਵੱਲੋਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ ਤੇ ਨੌਜਵਾਨਾਂ ਨੂੰ ਖੇਡ ਭਾਵਨਾ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਤੰਦਰੁਸਤ ਸਰੀਰ ਤੇ ਖ਼ੁਸ਼ਹਾਲ ਜੀਵਨ ਲਈ ਖੇਡਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।ਹਰ ਵਿਅਕਤੀ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਤੰਦਰੁਸਤ ਰਹਿਣਾ ਚਾਹੀਦਾ ਹੈ, ਜਿਸ ਲਈ ਖੇਡਾਂ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ।ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਤਹਿਤ ਸੂਬੇ ਭਰ ਵਿੱਚ ਕਰੀਬ 3000 ਖੇਡ ਸਟੇਡੀਅਮ ਬਣਾਏ ਜਾ ਰਹੇ ਹਨ, ਤਾਂ ਜੋ ਨੌਜਵਾਨਾਂ ਨੂੰ ਖੇਡਾਂ ਲਈ ਬਿਹਤਰ ਸਹੂਲਤਾਂ ਮਿਲ ਸਕਣ।ਉਨ੍ਹਾਂ ਕਿਹਾ ਕਿ ਨੌਜਵਾਨ ਪੰਜਾਬ ਅਤੇ ਦੇਸ਼ ਦਾ ਭਵਿੱਖ ਹਨ ਤੇ ਉਨ੍ਹਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਉਣਾ ਬਹੁਤ ਜ਼ਰੂਰੀ ਹੈ।

ਇਸ ਟੂਰਨਾਮੈਂਟ ਵਿੱਚ ਪਹਾੜਪੁਰ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਪ੍ਰਾਪਤ ਕਰਕੇ 41 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਜਿੱਤੀ।ਪਿੰਡ ਬਰਸਟ ਦੀ ਟੀਮ ਦੂਜੇ ਸਥਾਨ 'ਤੇ ਰਹੀ, ਜਿਸ ਨੂੰ 31 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ।ਪਿੰਡ ਮੰਡੋਲੀ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕਰਕੇ 31,00 ਰੁਪਏ ਤੇ ਪਿੰਡ ਤਲਵੰਡੀ ਮਲਿਕ ਦੀ ਟੀਮ ਨੇ ਚੌਥਾ ਸਥਾਨ ਹਾਸਲ ਕਰਕੇ 31,00 ਰੁਪਏ ਦਾ ਇਨਾਮ ਜਿੱਤਿਆ।ਇਸ ਤੋਂ ਇਲਾਵਾ ਮੈਨ ਆਫ਼ ਦਿ ਸੀਰੀਜ਼ ਲਾਡੀ ਬਰਸਟ ਨੂੰ ਦਿੱਤਾ ਗਿਆ, ਜਦਕਿ ਸਰਵੋਤਮ ਬੱਲੇਬਾਜ਼ ਸੱਤੂ ਪਹਾੜਪੁਰ ਤੇ ਸਰਵੋਤਮ ਗੇਂਦਬਾਜ਼ ਰਿੰਕੂ ਪਹਾੜਪੁਰ ਰਹੇ।ਅੰਤ ਵਿੱਚ ਸ. ਹਰਚੰਦ ਸਿੰਘ ਬਰਸਟ ਵੱਲੋਂ ਸਾਰੇ ਜੇਤੂਆਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਨਰਿੰਦਰ ਸਿੰਘ ਸਰਪੰਚ ਪਿੰਡ ਬਰਸਟ, ਜੋਬਨ ਸੰਧੂ, ਹਰਿੰਦਰ ਸਿੰਘ ਧਬਲਾਨ, ਸੋਨੂੰ, ਹਰਭਿੰਦਰ ਸਿੰਘ ਰਾਠੀ ਸਮੇਤ ਸਮੂਹ ਗ੍ਰਾਮ ਪੰਚਾਇਤ ਮੈਂਬਰ ਤੇ ਇਲਾਕਾ ਨਿਵਾਸੀ ਮੌਜੂਦ ਰਹੇ।

## ਆਗਿਆ ਵੰਤੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) : ਸੁਭਾਸ਼ ਸ਼ਰਮਾ ਡਵੀਜ਼ਨ ਕੈਸ਼ੀਅਰ ਨਾਰਦਰਨ ਰੇਲਵੇ ਮੈਨਜ਼ ਯੂਨੀਅਨ ਤੇ ਪ੍ਰਧਾਨ ਆਲ ਇੰਪਲਾਈਜ ਕੋਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਮਾਤਾ ਆਗਿਆ ਵੰਤੀ ਪਤਨੀ ਸਵਰਗੀ ਕਾਮਰੇਡ ਫ਼ਕੀਰ ਚੰਦ ਸ਼ਰਮਾ ਪਿੰਡ ਬਾਜੀਦਪੁਰ 4 ਫਰਵਰੀ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਮਾਤਾ ਆਗਿਆ ਵੰਤੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਰਸਮ ਪਗੜੀ ਤੇ ਅੰਤਿਮ ਅਰਦਾਸ 17 ਫਰਵਰੀ ਬਾਅਦ ਦੁਪਹਿਰ ਇੱਕ ਤੋਂ ਦੋ ਵਜੇ ਤੱਕ ਆਨੰਦ ਬੈਂਕਟ ਹਾਲ ਮੋਗਾ ਰੋਡ ਫਿਰੋਜ਼ਪੁਰ ਛਾਉਣੀ ਵਿਖੇ ਹੋਵੇਗੀ।


**ਉੱਤਰ ਰੇਲਵੇ**

**ਟੈਂਡਰ ਸੂਚਨਾ**

ਉਪ ਮੁੱਖ ਇੰਜੀਨੀਅਰ/ਨਿਰਮਾਣ/ਜਲੰਧਰ ਸ਼ਹਿਰ ਭਾਰਤ ਸਰਕਾਰ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਸਿੰਗਲ ਪੈਕੇਟ ਸਿਸਟਮ ਦੇ ਅੰਤਰਗਤ ਈ-ਟੈਂਡਰ ਪ੍ਰਣਾਲੀ ਦੁਆਰਾ ਟੈਂਡਰਾ ਮੰਗ ਕੀਤੀ ਜਾਂਦੀ ਹੈ:-

| | |
|---|---|
| ਕੰਮ ਦਾ ਨਾਮ ਅਤੇ ਜਗ੍ਹਾਂ | ਉੱਤਰ ਰੇਲਵੇ ਦੇ ਫ਼ਿਰੋਜ਼ਪੁਰ ਡਵੀਜਨ ਵਿਚ ਲੁਧਿਆਨਾ-ਮੁਲਲਾਪੁਰ ਡਬਲਿੰਗ ਦੇ ਸੰਬਧ ਵਿਚ ਇਕ ਛੋਟ ਪੁਲ ਯਾਨੀ Br. No. 1A ਦਾ ਨਿਰਮਾਣ, ਜਿਸ ਵਿਚ ਬਾਕਸ ਪੁਸ਼ਿੰਗ ਤਕਨੀਕ ਤੋਂ ਅੰਦਰੂਨੀ ਆਕਾਰ (4.60Mx2.10 M) ਦੇ ਟਿਨ RCC ਬਾਕਸ ਦਾ ਪ੍ਰਾਵਧਾਨ ਹੈ ਅਤੇ ਲੁਧਿਆਨਾ ਯਾਰਡ ਰੀਮਾਡਲਿੰਗ ਦੇ ਹੋਰ ਬੱਚੇ ਹੋਏ ਕੰਮ ਜਿਸਤਰ੍ਹਾਂ ਹਾਈ ਲੇਵਲ ਪੈਸੇਂਜਰ ਪਲੇਟ-ਫਾਰਮ ਦਾ ਵਿਸਤਾਰ, ਡ੍ਰੇਨੇਜ ਦਾ ਕੰਮ। CC ਫੁਟਪਾਥ, ਹਾਈਡ੍ਰੇਂਟ ਦਾ ਕੰਮ, ਡਿਸਚਾਰਜ ਕੂੰਏ ਅਤੇ ਹੋਰ ਵਿਵਿਧ ਸਿਵਿਲ ਅਤੇ ਪੀ.ਵੇ ਕੰਮ। |
| ਕੰਮ ਪੂਰਾ ਕਰਨ ਦਾ ਸਮਾਂ | 12 (ਬਾਰਾ) ਮਹੀਨੇ |
| ਕੰਮ ਦੀ ਅਨੁਮਾਨਿਤ ਲਾਗਤ | ਰੁ: 8,27,87,573.17 |
| ਬਿਆਨਾ ਰਾਸ਼ੀ (ਆਨਲਾਇਨ ਜਮਾਂ ਕਰਵਾਣੀ ਹੋਵੇਗੀ) | ਰੁ: 5,63,900 /— |
| ਆਫਰ ਦੀ ਵੈਧਤਾ | 60 ਦਿਨ |
| ਟੈਂਡਰ ਜਮਾਂ ਕਰਨਾ ਅਤੇ ਖੁਲਣ ਦੀ ਮਿਤੀ ਅਤੇ ਸਮਾਂ | ਬੋਲੀਦਾਤਾ ਅਪਨੀ ਓਰਿਜਨਲ / ਰਿਵਾਇਜਡ ਬੋਲੀ ਕਲੋਜਿੰਗ ਡੇਟ ਯਾਨੀ 06.03.2026 ਨੂੰ 1500 ਵਜੇ ਤਕ IREPS ਵੇਬਸਾਈਟ www.ireps.gov.in ਉਤੇ ਸਬਮਿਟ ਕਰ ਸਕਣਗੇ। ਇਸ ਟੈਂਡਰ ਦੇ ਲਈ ਬੋਲੀ ਪ੍ਰਸਤਾਵ ਮੈਨੂੰਅਲ ਰੂਪ ਤੋਂ ਪੇਸ਼ ਕਰਨ ਦੀ ਅਨੁਮਤੀ ਨਹੀਂ ਹੈ ਅਤੇ ਪ੍ਰਾਪਤ ਕਿਸੀ ਵੀ ਐਸੇ ਮੈਨੂੰਅਲ ਪ੍ਰਸਤਾਵ ਨੂੰ ਨੰਜਰਅੰਦਾਜ ਕਰ ਦਿਤਾ ਜਾਵੇਗਾ। |
| ਪਤਾ ਜਿਥੋਂ ਤੋਂ ਟੈਂਡਰ ਖਰੀਦੀ ਜਾਂ ਸਕਦੀ ਹੈ | ਟੈਂਡਰ ਦਸਤਾਵੇਜ www.ireps.gov.in ਉਤੇ ਉਪਲਬਧ ਹੈ। ਉਪਰੋਕਤ ਟੈਂਡਰ ਦਸਤਾਵੇਜ ਆਈਆਰਈਪੀਐਸ ਵੇਬਸਾਈਟ ਯਾਨੀ www.ireps.gov.in ਉਤੇ 20.02.2026 ਤੋਂ 06.03.2026 ਨੂੰ 1500 ਤਕ ਪ੍ਰਸਤਾਵ ਜਮਾਂ ਕਰਨ ਦੇ ਲਈ ਉਪਲਬਧ ਹੋਵੇਗਾ। ਉਪਯੁਕਤ ਟੈਂਡਰ ਤੋਂ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਟੈਂਡਰਰ ਦਸਤਾਵੇਜ ਵਿਚ ਦਿਤੀ ਗਈ ਹੈ। |

ਨੋਟ:1. ਬੋਲੀ ਲਗਾਣ ਤੋਂ ਪਹਿਲਾ ਬੋਲੀਦਾਤਾਵਾਂ ਨੂੰ ਟੈਂਡਰ ਦੇ ਵਿਰੁਧ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਨੀ ਹੋਵੇਗੀ। 2. ਹਿੰਦੀ ਵਿਚ ਕਿਸੀ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

No. 1-W/2025-26/5/Dy.CE/C/JUC Dated: 09.02.2026 455/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਪਾਵਰਕਾਮ ਯੂਨੀਅਨ ਨੇ ਅੱਡਾ ਦਾਖਾ 'ਚ ਪੈਨਸ਼ਨ ਡੇ ਮਨਾਇਆ



**ਚੌਂਕੀਮਾਨ (ਇੰਜੀ ਬਲਬੀਰ ਸਿੰਘ ਮਾਨ)**-ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਰਜਿ ਪੰਜਾਬ ਸਬੰਧਤ ਏਟਕ, ਮੰਡਲ ਯੂਨਿਟ ਅੱਡਾ ਦਾਖਾ ਵਲੋਂ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਸਮਰਪਤ ਪੈਨਸ਼ਨਰਜ਼ ਡੇਅ ਮਨਾਉਂਦਿਆਂ 70 ਸਾਲ ਪੂਰੇ ਕਰ ਚੁੱਕੇ ਪੈਨਸ਼ਨਰਜ਼ ਤੇ ਪਰਵਾਰਕ ਪੈਨਸ਼ਨਰ ਬੀਬੀਆਂ ਨੂੰ ਸਨਮਾਨਤ ਕੀਤਾ ਗਿਆ।ਸਨਮਾਨ ਸਮਾਰੋਹ ਵਿੱਚ ਸੂਬਾਈ ਆਗੂ ਕੇਵਲ ਸਿੰਘ ਬਨਵੈਤ ਤੇ ਬਲਵੀਰ ਸਿੰਘ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਪੈਨਸ਼ਨਰਜ਼ ਯੂਨੀਅਨ ਦੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਸਾਥੀ ਕੇਵਲ ਸਿੰਘ ਬਨਵੈਤ ਨੇ ਦੱਸਿਆ ਕਿ ਪਾਵਰਕੌਮ ਮੈਨੇਜਮੈਂਟ ਹੋਈ ਮੀਟਿੰਗ ਵਿੱਚ ਮਨੇਜਮੈਂਟ ਨੇ ਭਰੋਸਾ ਦਿਵਾਇਆ ਕਿ ਥਰਮਲ ਪਲਾਂਟ ਬਠਿੰਡਾ ਤੋਂ ਇਲਾਵਾ ਪਾਵਰਕੌਮ ਦੀ ਕੋਈ ਹੋਰ ਪ੍ਰਾਪਰਟੀ ਨੂੰ ਨਹੀਂ ਵੇਚਿਆ ਜਾਵੇਗਾ। ਇਹ ਵੀ ਦੱਸਿਆ ਕਿ ਪਾਵਰਕੌਮ ਮੈਨੇਜਮੈਂਟ ਨੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਪਾਵਰਕੌਮ ਵਿੱਚ 11000 ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇਗੀ। ਜਥੇਬੰਦੀ ਦੇ ਚਲਦੇ ਸੰਘਰਸ਼ਾਂ ਸਬੰਧੀ ਜਾਣਕਾਰੀ ਦਿੱਤੀ ਕਿ ਆਉਣ ਵਾਲੇ ਸਮੇਂ ਵਿੱਚ ਜੇਕਰ ਪਾਵਰਕੌਮ ਮੈਨੇਜਮੈਂਟ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕਰਦੀ ਤਾਂ ਜਥੇਬੰਦੀ ਪਾਵਰਕੌਮ ਮੈਨੇਜਮੈਂਟ ਦੇ ਖਿਲਾਫ ਤਿੱਖੇ ਸੰਘਰਸ਼ ਦਿੱਤੇ ਜਾਣਗੇ।

ਜਾਣਕਾਰੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਵਲੋਂ ਬਕਾਇਆ ਪਈਆਂ ਡੀ.ਏ ਦੀਆਂ ਕਿਸ਼ਤਾਂ ਸਮੇਤ ਬਕਾਇਆ ਜਾਰੀ ਨਾ ਕੀਤਾ ਤਾਂ ਬਜਟ ਇਜਲਾਸ ਦੌਰਾਨ ਚੰਡੀਗੜ੍ਹ ਵਿੱਚ ਰੋਸ ਵਜੋਂ ਬਜਟ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ।ਸਾਥੀ ਬਨਵੈਤ ਜੀ ਨੇ ਪੈਨਸ਼ਨਰਜ਼ ਸਾਥੀਆਂ ਨਾਲ ਜਾਤੀ ਤਜਰਬੇ ਵੀ ਸਾਂਝੇ ਕੀਤੇ।ਸੂਬਾਈ ਆਗੂ ਬਲਵੀਰ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਾਲ 2025 ਦੌਰਾਨ ਕੋਈ ਵੀ ਕਿਸ਼ਤ ਨਹੀਂ ਦਿੱਤੀ, ਪਾਵਰਕੌਮ ਮੈਨੇਜਮੈਂਟ ਨੂੰ ਦਲੀਲਾਂ ਨਾਲ ਲਾ ਜਵਾਬ ਕਰਕੇ ਕਿਵੇਂ ਫੈਮਲੀ ਪੈਨਸ਼ਨਰਾਂ ਦਾ ਪੰਜਾਬ ਵਿਕਾਸ ਫੰਡ ਕੱਟਣਾ ਬੰਦ ਕਰਾਇਆ।

ਮਾਨ ਨੇ ਪਾਵਰਕੌਮ ਮੈਨੇਜਮੈਂਟ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨਾ ਮੰਨਣ ਦੇ ਰਵੱਈਏ ਤੇ ਨਿਰਾਸ਼ਾ ਪ੍ਰਗਟਾਈ ਤੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਾਇਜ਼ ਮੰਨੀਆਂ ਲਾਗੂ ਨਾ ਕੀਤੀਆਂ ਤਾਂ ਪਾਵਰਕੌਮ ਦੇ ਖਿਲਾਫ ਤਿੱਖੇ ਸੰਘਰਸ਼ ਦਿੱਤੇ ਜਾਣਗੇ।ਸਨਮਾਨ ਸਮਾਰੋਹ ਵਿੱਚ ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਮੰਡਲ ਯੂਨਿਟ ਅੱਡਾ ਦਾਖਾ, ਲਲਤੋਂ, ਰਾਏਕੋਟ ਤੇ ਜਗਰਾਉਂ ਦੇ ਆਗੂਆਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

## ਕਿਰਤੀ ਵਰਗ 12 ਦੀ ਹੜਤਾਲ 'ਚ ਵੱਧ ਚੜ੍ਹ ਕੇ ਹਿੱਸਾ ਲਵੇਗਾ-ਜਨਤਕ ਫਰੰਟ

ਬਰੇਟਾ (ਰੀਤਵਾਲ)-ਕੇਂਦਰ ਸਰਕਾਰ ਕੇਂਦਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਲਗਾਤਾਰ ਮਹਿੰਗਾਈ, ਬੇਰੁਜ਼ਗਾਰੀ ਤੇ ਗਰੀਬੀ ਵਿੱਚ ਪੀਸਦਾ ਆ ਰਿਹਾ ਹੈ।ਸਰਕਾਰਾਂ ਦੀਆਂ ਸਾਰੀਆਂ ਨੀਤੀਆਂ ਮਨੁੱਖਤਾ ਤੇ ਕੁਦਰਤ ਖਿਲਾਫ ਭੁਗਤ ਰਹੀਆਂ ਹਨ।ਮੌਜੂਦਾ ਸਰਕਾਰ ਦੇ ਤਾਜ਼ਾ ਸਮਝੌਤੇ, ਬਿਜਲੀ ਤੇ ਬੀਜ (ਸੋਧ) ਬਿਲ, ਮਨਰੇਗਾ ਦਾ ਖ਼ਾਤਮਾ, ਐੱਸ ਆਈ ਆਰ ਤੇ ਹਰ ਗੱਲ ਨੂੰ ਧਾਰਮਿਕ ਰੰਗਤ ਦੇ ਕੇ ਫਿਰਕਾਪ੍ਰਸਤੀ ਫੈਲਾਉਣਾ, ਹਰ ਖੇਤਰ ਵਿੱਚ ਪੱਕਾ ਰੁਜ਼ਗਾਰ ਤੇ ਪੈਨਸ਼ਨ ਖ਼ਤਮ ਕਰਨਾ ਆਦਿ ਕਿਰਤੀ ਤੇ ਮੱਧ ਵਰਗ ਦਾ ਜਿਉਣਾ ਦੁੱਭਰ ਕਰ ਰਹੇ ਹਨ।ਇਨ੍ਹਾਂ ਲੋਕ ਮਾਰੂ ਨੀਤੀਆਂ ਨੂੰ ਪੁੱਠਾ ਮੋੜਾ ਦੇਣ ਲਈ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਫ਼ੈਸਲਾਕੁਨ ਸਾਬਿਤ ਹੋਵੇਗੀ।ਇਸ ਐਕਸ਼ਨ ਦੀ ਤਿਆਰੀ ਲਈ ਅੱਜ ਇੱਥੇ ਪੱਲੇਦਾਰ ਯੂਨੀਅਨ ਦੇ ਦਫਤਰ ਵਿੱਚ ਭਰਵੀਂ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਐੱਫ਼ ਸੀ ਆਈ ਤੇ ਪੰਜਾਬ ਪ੍ਰਦੇਸ਼ ਪੱਲੇਦਾਰ ਯੂਨੀਅਨ, ਮਜ਼ਦੂਰ ਮੁਕਤੀ ਮੋਰਚਾ, ਜਮਹੂਰੀ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ, ਡਾ. ਅੰਬੇਡਕਰ ਰੇਹੜੀ ਯੂਨੀਅਨ ਤੇ ਜਨਤਕ ਸਮਾਜਿਕ ਤੇ ਲੋਕ ਜਥੇਬੰਦਕ ਮੰਚ ਇਲਾਕਾ ਬਰੇਟਾ ਦੇ ਆਗੂ ਸ਼ਾਮਲ ਹੋਏ।

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਖੇ ਫੁੱਟਬਾਲ ਟੂਰਨਾਮੈਂਟ ਸੰਪੰਨ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਆਰਗੇਨਾਈਜ਼ਰ ਫੈਮਜ਼ ਸਪੋਰਟਸ ਕਮੇਟੀ ਵੱਲੋਂ ਕਰਵਾਇਆ ਗਿਆ ਤਿੰਨ ਦਿਨਾ ਫੁੱਟਬਾਲ ਟੂਰਨਾਮੈਂਟ ਯਾਦਗਾਰੀ ਪੈੜਾਂ ਛੱਡਦਾ ਹੋਇਆ ਸਮਾਪਤ ਹੋ ਗਿਆ।ਕਮੇਟੀ ਦੇ ਪ੍ਰਧਾਨ ਵਿਵੇਕ ਕੁਮਾਰ ਮਿਸ਼ਰਾ ਤੇ ਸਕੱਤਰ ਰਜਤ ਤੇਟਰਵਾਲ ਦੀ ਦੇਖ-ਰੇਖ ਹੇਠ ਕਰਵਾਏ ਗਏ ਇਸ ਟੂਰਨਾਮੈਂਟ ਵਿੱਚ ਐੱਮ.ਬੀ.ਬੀ.ਐੱਸ. ਦੇ ਵੱਖ-ਵੱਖ ਬੈਚਾਂ ਦੇ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ।ਬੁਆਏਜ਼ ਹੋਸਟਲ ਦੇ ਫੁੱਟਬਾਲ ਗਰਾਊਂਡ ਵਿੱਚ ਕਰਵਾਏ ਇਨ੍ਹਾਂ ਮੁਕਾਬਲਿਆਂ ਵਿੱਚ ਬੈਚ-2020, 2022, 2023, 2024 ਤੇ 2025 ਦੀਆਂ ਟੀਮਾਂ ਵਿਚਕਾਰ ਸਖ਼ਤ ਟੱਕਰ ਦੇਖਣ ਨੂੰ ਮਿਲੀ ਤੇ ਫਾਈਨਲ ਦੇ ਸਖ਼ਤ ਮੁਕਾਬਲੇ ਵਿੱਚ ਬੈਚ-2020 ਨੇ ਸ਼ਾਨਦਾਰ ਜਿੱਤ ਦਰਜ ਕਰਕੇ ਟਰਾਫੀ 'ਤੇ ਕਬਜ਼ਾ ਕੀਤਾ ਤੇ ਬੈਚ-2022 ਦੀ ਟੀਮ ਉਪ-ਜੇਤੂ ਰਹੀ।ਸਟਾਰ ਖਿਡਾਰੀ ਡਾ. ਸੁਖਦੀਪ ਸਿੰਘ ਲੁਧਰ ਨੇ ਪੂਰੇ ਟੂਰਨਾਮੈਂਟ ਦੌਰਾਨ ਕੁੱਲ 6 ਗੋਲ ਕਰਕੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਤੇ ਵਿਸ਼ੇਸ਼ ਪ੍ਰਦਰਸ਼ਨ ਕੀਤਾ।ਸਨਮਾਨ ਸਮਾਰੋਹ ਟੂਰਨਾਮੈਂਟ ਦੇ ਆਖਰੀ ਦਿਨ ਡਾ. ਨਿਤਿਨ ਨਾਗਪਾਲ (ਪ੍ਰੋਫੈਸਰ ਤੇ ਮੁਖੀ, ਆਰਥੋਪੀਡਿਕ ਵਿਭਾਗ ਕਮ ਵਾਈਸ ਪ੍ਰਿੰਸੀਪਲ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਜੇਤੂ ਟੀਮਾਂ ਨੂੰ ਇਨਾਮ ਵੰਡੇ ਤੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਸਪੋਰਟਸ ਵਿਭਾਗ ਦੇ ਮੁਖੀ ਡਾ. ਕਵਿਤਾ ਸ਼ਰਮਾ ਤੇ ਡਾ. ਅਦਿੱਤਿਆ ਸੂਦ (ਸਪੋਰਟਸ ਮੈਡੀਸਨ) ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਕਾਲਜ ਪ੍ਰਿੰਸੀਪਲ ਡਾ. ਸੰਜੇ ਗੁਪਤਾ ਨੇ ਟੂਰਨਾਮੈਂਟ ਦੀ ਸਫਲਤਾ 'ਤੇ ਵਧਾਈ ਦਿੰਦਿਆਂ ਕਿਹਾ ਕਿ ਵਾਈਸ ਚਾਂਸਲਰ ਪ੍ਰੋਫੈਸਰ ਡਾ. ਰਾਜੀਵ ਸੂਦ ਦੀ ਯੋਗ ਅਗਵਾਈ ਹੇਠ ਯੂਨੀਵਰਸਿਟੀ ਤੇ ਕਾਲਜ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹਨ।

## ਮੈਕਰੋ ਗਲੋਬਲ ਨੇ ਕੈਨੇਡਾ ਦਾ ਸੁਪਰ ਵੀਜ਼ਾ ਲਵਾਇਆ



**ਜਗਰਾਉਂ (ਸੰਜੀਵ ਅਰੋੜਾ)**-ਮੈਕਰੋ ਗਲੋਬਲ ਮੋਗਾ ਦੀ ਜਗਰਾਉਂ ਬ੍ਰਾਂਚ ਪਿਛਲੇ ਬਹੁਤ ਸਮੇਂ ਤੋਂ ਧੜਾਧੜ ਵੀਜ਼ੇ ਲਗਵਾ ਕੇ ਖਿੱਚ ਦਾ ਕੇਂਦਰ ਬਣੀ ਹੋਈ ਹੈ। ਸੰਸਥਾ ਦੇ ਐੱਮ. ਡੀ. ਗੁਰਮਿਲਾਪ ਸਿੰਘ ਡੱਲਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਦੇ ਤਜਰਬੇਕਾਰ ਤੇ ਮਿਹਨਤੀ ਸਟਾਫ਼ ਵੱਲੋਂ ਦਿੱਤੀਆਂ ਜਾ ਰਹੀਆਂ ਯੋਗ ਸੇਵਾਵਾਂ ਕਰਕੇ ਸੰਸਥਾ ਦੇ ਵਿਦਿਆਰਥੀ ਆਈਲਟਸ ਵਿੱਚ ਵਧੀਆ ਸਕੋਰ ਪ੍ਰਾਪਤ ਕਰ ਰਹੇ ਹਨ ਅਤੇ ਇਮੀਗ੍ਰੇਸ਼ਨ ਦੇ ਪਾਰਦਰਸ਼ੀ ਢੰਗ ਨਾਲ ਕੀਤੇ ਜਾ ਰਹੇ ਕੰਮ ਕਰਕੇ ਵੱਡੀ ਗਿਣਤੀ ਵਿੱਚ ਲਗਾਤਾਰ ਕੈਨੇਡਾ, ਆਸਟ੍ਰੇਲੀਆ, ਜਾਣ ਵਾਲੇ ਚਾਹਵਾਨ ਲੋਕਾਂ ਦੇ ਵਿਜ਼ਟਰ ਵੀਜ਼ੇ ਲੱਗ ਰਹੇ ਹਨ, ਜਿਨ੍ਹਾਂ ਵਿੱਚੋਂ ਸੁਖਦੇਵ ਸਿੰਘ ਨਿਵਾਸੀ ਬੜੂੰਦੀ ਦਾ ਸੁਪਰ ਵੀਜ਼ਾ ਵੀ ਮੈਕਰੋ ਗਲੋਬਲ ਦੀ ਜਗਰਾਉਂ ਬ੍ਰਾਂਚ ਨੇ ਲਗਵਾ ਕੇ ਦਿੱਤਾ ਹੈ। ਇਸ ਮੌਕੇ ਗੁਰਮਿਲਾਪ ਸਿੰਘ ਡੱਲਾ ਨੇ ਸੁਖਦੇਵ ਸਿੰਘ ਤੇ ਉਸ ਦੇ ਪਰਵਾਰ ਨੂੰ ਵਧਾਈ ਦਿੱਤੀ।

## ਭਲਕ ਦੀ ਹੜਤਾਲ ਸੰਬੰਧੀ ਜਨਤਕ ਜਥੇਬੰਦੀਆਂ ਦੀ ਮੀਟਿੰਗ



**ਬੁਢਲਾਡਾ (ਅਸ਼ੋਕ ਲਾਕੜਾ)**-ਜ਼ਿਲ੍ਹਾ ਮਾਨਸਾ ਦੇ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਵਿੱਚ ਟਰੇਡ ਯੂਨੀਅਨ ਦੀ ਦੇਸ਼ ਪੱਧਰੀ ਹੜਤਾਲ ਦੀ ਤਿਆਰੀ ਸਬੰਧੀ ਗੱਲਬਾਤ ਕਰਕੇ ਫੈਸਲਾ ਕੀਤਾ ਗਿਆ ਕਿ 12 ਫਰਵਰੀ ਨੂੰ ਬੁਢਲਾਡਾ ਬੱਸ ਸਟੈਂਡ, ਬਰੇਟਾ ਬਿਜਲੀ ਘਰ ਤੇ ਬੋਹਾ ਦਾਣਾ ਮੰਡੀ ਵਿਖੇ ਇਕੱਠ ਕਰਕੇ ਦੇਸ਼ ਪੱਧਰੀ ਹੜਤਾਲ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇਗੀ।ਹੜਤਾਲ ਦੌਰਾਨ ਮੁਕੰਮਲ ਤੌਰ 'ਤੇ ਬੰਦ ਕੀਤਾ ਜਾਵੇਗਾ। ਇਸ ਤੋਂ ਇਲਾਵਾ ਦੂਜੇ ਏਜੰਡੇ ਵਿੱਚ ਉਗਰਾਹਾਂ ਜਥੇਬੰਦੀ ਦੇ ਆਗੂਆਂ ਤੇ ਵਰਕਰਾਂ 'ਤੇ ਹੋਏ ਲਾਠੀਚਾਰਜ ਕਰਨ ਦੀ ਨਿਖੇਧੀ ਕੀਤੀ ਅਤੇ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਨੇ ਗ੍ਰਿਫ਼ਤਾਰ ਕੀਤੇ ਆਗੂ ਵਰਕਰ ਜਲਦੀ ਰਿਹਾਅ ਨਾ ਕੀਤੇ ਤਾਂ ਮੋਰਚੇ ਵੱਲੋਂ ਉਗਰਾਹਾਂ ਜਥੇਬੰਦੀ ਦੇ ਸੰਘਰਸ਼ ਦੀ ਜ਼ੋਰਦਾਰ ਢੰਗ ਨਾਲ ਹਮਾਇਤ ਕੀਤੀ ਜਾਵੇਗੀ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਜਰਨਲ ਸਕੱਤਰ ਤਾਰਾ ਚੰਦ ਬਰੇਟਾ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੱਤਪਾਲ ਸਿੰਘ ਬਰੇ, ਬੀਕੇਯੂ ਡਕੌਂਦਾ ਬੂਟਾ ਸਿੰਘ ਬੁਰਜਗਿੱਲ ਦੇ ਸੂਬਾ ਆਗੂ ਲਛਮਣ ਸਿੰਘ ਚੱਕ ਅਲੀਸ਼ੇਰ, ਪੰਜਾਬ ਕਿਸਾਨ ਯੂਨੀਅਨ ਦੇ ਦਰਸ਼ਨ ਸਿੰਘ ਮੱਘਾਣੀਆ, ਜਮਹੂਰੀ ਕਿਸਾਨ ਸਭਾ ਦੇ ਅਮਰੀਕ ਸਿੰਘ ਫਫੜੇ ਭਾਈਕੇ, ਬੀਕੇਯੂ ਉਗਰਾਹਾਂ ਦੇ ਕਪੂਰ ਸਿੰਘ ਦਰੀਆਂ ਪੁਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਭਜਨ ਸਿੰਘ ਘੁੰਮਣ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਹਰਮੀਤ ਸਿੰਘ ਬੋੜਾਵਾਲ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੀਤਾ ਰਾਮ ਗੋਬਿੰਦਪੁਰਾ ਆਦਿ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਆਗੂ ਇਸ ਮੀਟਿੰਗ ਵਿੱਚ ਸ਼ਾਮਲ ਹੋਏ।

## ਲਾਈਫ ਲਾਈਨ ਵੈੱਲਫੇਅਰ ਕਲੱਬ ਨੇ 30 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼ਹਿਰ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਲਾਈਫ ਲਾਈਨ ਵੈੱਲਫੇਅਰ ਕਲੱਬ (ਰਜਿ:) ਵੱਲੋਂ ਮਨੁੱਖਤਾ ਭਲਾਈ ਦੇ ਕਾਰਜਾਂ ਨੂੰ ਲਗਾਤਾਰ ਅੱਗੇ ਵਧਾਉਂਦੇ ਹੋਏ ਬੀਤੇ ਦਿਨੀਂ 30 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ ਗਿਆ।ਕਲੱਬ ਦੇ ਮੈਂਬਰਾਂ ਨੇ ਇਹ ਰਾਸ਼ਨ ਪਰਵਾਰਾਂ ਦੇ ਘਰੋ-ਘਰੀ ਜਾ ਕੇ ਦਿੱਤਾ, ਤਾਂ ਜੋ ਲੋੜਵੰਦਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ।ਇਸ ਮੌਕੇ ਕਲੱਬ ਦੇ ਪ੍ਰਧਾਨ ਰਮਨ ਅਰੋੜਾ ਨੇ ਦੱਸਿਆ ਕਿ ਕਲੱਬ ਵੱਲੋਂ ਹਰ ਮਹੀਨੇ ਲਗਭਗ 1500 ਰੁਪਏ ਦਾ ਰਾਸ਼ਨ ਪ੍ਰਤੀ ਪਰਵਾਰ ਮੁਹੱਈਆ ਕਰਵਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਇਹ ਸਾਰਾ ਕਾਰਜ ਕਲੱਬ ਦੇ ਮੈਂਬਰਾਂ ਤੇ ਦਾਨੀ ਸੱਜਣਾਂ ਵੱਲੋਂ ਇਕੱਤਰ ਕੀਤੀ ਜਾਂਦੀ ਰਾਸ਼ੀ ਨਾਲ ਸੰਭਵ ਹੋ ਰਿਹਾ ਹੈ, ਜਿਸ ਨਾਲ ਲੋੜਵੰਦਾਂ ਦੀ ਸੇਵਾ ਦਾ ਇਹ ਉਪਰਾਲਾ ਨਿਰੰਤਰ ਜਾਰੀ ਹੈ।ਪ੍ਰਧਾਨ ਰਮਨਦੀਪ ਅਰੋੜਾ ਨੇ ਹੋਰ ਦੱਸਿਆ ਕਿ ਕਲੱਬ ਦੇ ਗਠਨ ਤੋਂ ਲੈ ਕੇ ਅੱਜ ਤੱਕ ਲੋੜਵੰਦ ਮਰੀਜ਼ਾਂ ਦੇ ਇਲਾਜ, ਦਵਾਈਆਂ ਦੀ ਸਹਾਇਤਾ ਤੇ ਹੋਰ ਭਲਾਈ ਕਾਰਜ ਲਗਾਤਾਰ ਕੀਤੇ ਜਾ ਰਹੇ ਹਨ।ਕਲੱਬ ਵੱਲੋਂ ਇੱਕ ਐਂਬੂਲੈਂਸ ਵੀ ਲੋਕਾਂ ਦੀ ਸੇਵਾ ਲਈ ਸਮਰਪਤ ਕੀਤੀ ਗਈ ਹੈ, ਜੋ ਜ਼ਰੂਰਤਮੰਦ ਮਰੀਜ਼ਾਂ ਨੂੰ ਹਸਪਤਾਲ ਤੱਕ ਪਹੁੰਚਾਉਣ ਵਿੱਚ ਮਦਦਗਾਰ ਸਾਬਿਤ ਹੋ ਰਹੀ ਹੈ।ਇਸ ਮੌਕੇ ਕਲੱਬ ਦੇ ਮੈਂਬਰ ਪ੍ਰਵੀਨ ਸੇਤੀਆ, ਵਿਜੇ ਮਿੱਤਲ ਮੁੰਨਾ, ਕਮਲ ਗਰਗ, ਦਵਿੰਦਰ ਕੁਮਾਰ ਬੱਲੂ, ਤਰੁਣ ਮਿੱਤਲ, ਤੀਰਥ ਬਾਂਸਲ, ਬੀਰਬਲ ਸ਼ਰਮਾ, ਰਵਿੰਦਰ ਸਿੰਘ, ਮਦਨ ਗਰਗ, ਰਵੀ ਸ਼ਰਮਾ, ਹੇਮ ਰਾਜ ਤੇ ਹੋਰਾਂ ਨੇ ਸਾਂਝੇ ਤੌਰ 'ਤੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਕਿ ਉਹ ਕਲੱਬ ਦੇ ਭਲਾਈ ਕਾਰਜਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ, ਤਾਂ ਜੋ ਪੁੰਨ ਦੇ ਇਹ ਕਾਰਜ ਹੋਰ ਸ਼ਿੱਦਤ ਨਾਲ ਵੱਡੇ ਪੱਧਰ 'ਤੇ ਜਾਰੀ ਰੱਖੇ ਜਾ ਸਕਣ।



**ਰਾਜਵਿੰਦਰ ਸਿੰਘ ਪੁੱਤਰ ਗੁਰਤੇਜ ਸਿੰਘ ਵਾਸੀ ਘਰਾਖਣਾ ਦਾ ਸ਼ੁਭ ਵਿਆਹ ਬੀਬੀ ਮਨਪ੍ਰੀਤ ਕੌਰ ਸਪੁੱਤਰੀ ਬਲਜੀਤ ਸਿੰਘ ਵਾਸੀ ਹਵਾਰਾ ਕਲਾਂ ਨਾਲ ਗੁਰਮਰਿਆਦਾ ਨਾਲ ਹੋਇਆ।ਇਸ ਜੋੜੇ ਨੂੰ ਆਸ਼ੀਰਵਾਦ ਦਿੰਦੇ ਹੋਏ ਖੇਡ ਪਰਮੋਟਰ ਕਾਕਾ ਘਡਾਣੀ ਯੂ.ਐੱਸ.ਏ., ਵਰਿੰਦਰ ਨਾਨੋਵਾਲ ਯੂ.ਐੱਸ.ਏ. ਤੇ ਤਿਮਨਦੀਪ ਸਿੰਘ ਬੋਪਾਰਾਏ ਯੂ.ਐੱਸ.ਏ.।(ਫੋਟੋ ਤੇ ਵੇਰਵਾ : ਸੁਰਜੀਤ ਸਿੰਘ, ਸਮਰਾਲਾ)**

## ਪੁਲਸ ਵੱਲੋਂ ਅਪਰਾਧੀਆਂ ਵਿਰੁੱਧ ਵੱਡੀ ਕਾਰਵਾਈ, 117 ਸ਼ੱਕੀ ਰਾਊਂਡਅੱਪ

**ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਡੀ.ਜੀ.ਪੀ. ਸ੍ਰੀ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸੂਬੇ ਨੂੰ ਅਪਰਾਧ ਮੁਕਤ ਬਣਾਉਣ ਲਈ ਵਿੱਢੀ ਮੁਹਿੰਮ ਤਹਿਤ ਫ਼ਰੀਦਕੋਟ ਪੁਲਿਸ ਨੇ 'ਆਪ੍ਰੇਸ਼ਨ ਪ੍ਰਹਾਰ 2.0' ਤਹਿਤ ਵੱਡੀ ਕਾਰਵਾਈ ਕੀਤੀ ਹੈ। ਇਸ 72 ਘੰਟਿਆਂ ਦੇ ਵਿਸ਼ੇਸ਼ ਅਭਿਆਨ ਦੌਰਾਨ ਪੁਲਿਸ ਨੇ ਜ਼ਿਲ੍ਹੇ ਭਰ ਵਿੱਚ ਸ਼ੱਕੀ ਟਿਕਾਣਿਆਂ 'ਤੇ ਦਬਿਸ਼ ਦੇ ਕੇ 117 ਵਿਅਕਤੀਆਂ ਨੂੰ ਪੁੱਛਗਿੱਛ ਲਈ ਰਾਊਂਡਅਪ ਕੀਤਾ ਹੈ।ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਕੋਟਕਪੂਰਾ ਸ਼ਹਿਰ ਵਿਖੇ ਡੀ.ਆਈ.ਜੀ. (ਕ੍ਰਾਈਮ) ਸ੍ਰੀ ਨਵੀਨ ਸੈਣੀ ਤੇ ਐਸ.ਐਸ.ਪੀ. ਡਾ. ਪ੍ਰਗਿਆ ਜੈਨ ਦੀ ਅਗਵਾਈ ਵਿੱਚ ਭਾਰੀ ਪੁਲਿਸ ਬਲ ਵੱਲੋਂ ਫਲੈਗ ਮਾਰਚ ਕੱਢਿਆ ਗਿਆ।ਇਹ ਮਾਰਚ ਬੱਤੀਆਂ ਵਾਲੇ ਚੌਕ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੁੱਖ ਬਾਜ਼ਾਰਾਂ 'ਚੋਂ ਲੰਘਿਆ, ਜਿਸ ਵਿੱਚ ਏ.ਆਰ.ਪੀ, ਪੀ.ਸੀ.ਆਰ ਤੇ ਟ੍ਰੈਫ਼ਿਕ ਟੀਮਾਂ ਸਮੇਤ ਲਗਭਗ 250 ਮੁਲਾਜ਼ਮ ਸ਼ਾਮਲ ਸਨ।ਡੀ.ਆਈ.ਜੀ. ਸ੍ਰੀ ਨਵੀਨ ਸੈਣੀ ਨੇ ਦੱਸਿਆ ਕਿ ਇਹ ਅਪ੍ਰੇਸ਼ਨ ਲਗਾਤਾਰ 72 ਘੰਟੇ ਜਾਰੀ ਰਹੇਗਾ।ਉਨ੍ਹਾਂ ਸਪੱਸ਼ਟ ਕੀਤਾ ਕਿ ਅਪਰਾਧਕ ਪਿਛੋਕੜ ਵਾਲੇ ਵਿਅਕਤੀਆਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।ਪੁਲਿਸ ਵੱਲੋਂ 67 ਟੀਮਾਂ ਜ਼ਿਲ੍ਹੇ ਦੇ ਕੋਨੇ-ਕੋਨੇ ਵਿੱਚ ਸਰਗਰਮ ਹਨ ਤਾਂ ਜੁ ਕਿਸੇ ਵੀ ਮਾੜੇ ਅਨਸਰ ਨੂੰ ਸਿਰ ਚੁੱਕਣ ਦਾ ਮੌਕਾ ਨਾ ਮਿਲੇ।


**YES BANK** — Registered and Corporate Office: YES BANK House, Off Western Express Highway, Santacruz East, Mumbai – 400055 India. Website: www.yesbank.in Email: comminications@yesbank.in, CIN: L65190MH2003PLC143249

**[(ਰੂਲ-8 (1)] ਕਬਜ਼ਾ ਨੋਟਿਸ**

ਜਦੋਂਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਨੂੰ ਹੇਠਾਂ ਦਿੱਤੇ ਖਾਤਿਆਂ 'ਚ ਹੇਠਾਂ ਵਰਣਿਤ ਰਕਮ ਅਤੇ ਇਸ ਉਪਰ ਵਿਆਜ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਸੰਬੰਧਤ ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਸੰਬੰਧਤ ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਠੇਕਾ ਦਰ ਵਿਆਜ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰਾਂ ਦਾ ਨਾਂਅ | ਸਕਿਉਰਡ ਐੱਸਟ ਦਾ ਵੇਰਵਾ | 13 (2) ਨੋਟਿਸ ਅਧੀਨ ਮਿਤੀ / ਨੋਟਿਸ 'ਚ ਰਕਮ (ਰੁਪਏ) / ਕਬਜ਼ੇ ਦੀ ਮਿਤੀ |
|---|---|---|
| (1) ਮੈਸ: ਅੰਸ਼ ਗਾਰਮੈਂਟਸ (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਮਾਰਫਤ ਦੁਕਾਨ # 6-109/110, ਬਜ਼ਾਰ ਸ਼ੇਖਾਂ, ਜਲੰਧਰ, ਪੰਜਾਬ-144001 (2) ਮੋਹਿਤ ਕੁਮਾਰ ਪੁੱਤਰ ਤਰਸੇਮ ਲਾਲ (ਇਸ ਤੋਂ ਬਾਅਦ ਸਹਿ-ਕਰਜ਼ਦਾਰ ਵਜੋਂ ਹਵਾਲਾ) ਵਾਸੀ ਮਕਾਨ # ਈ ਸੀ 99, ਕਾਜ਼ੀ ਮੁਹੱਲਾ, ਜਲੰਧਰ, ਪੰਜਾਬ-144001 ਅਤੇ (3) ਸ੍ਰੀਮਤੀ ਪ੍ਰਿਆ ਪਤਨੀ ਮੋਹਿਤ ਕੁਮਾਰ (ਇਸ ਤੋਂ ਬਾਅਦ ਸਹਿ-ਕਰਜ਼ਦਾਰ ਅਤੇ ਰਹਿਣਕਾਰ ਵਜੋਂ ਹਵਾਲਾ) ਵਾਸੀ ਮਕਾਨ # ਈ ਸੀ 99, ਕਾਜ਼ੀ ਮੁਹੱਲਾ, ਜਲੰਧਰ, ਪੰਜਾਬ-144001 ਖਾਤਾ ਨੰ. ਐੱਮ ਓ ਆਰ 007101408382 | ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਗੈਰ-ਖੇਤੀਬਾੜੀ ਵਾਲੀ ਜਾਇਦਾਦ, ਜੋ ਕਿ ਦੁਕਾਨ # ਬੀ-6, 109/110 ਏ, ਰਕਬਾ 115 ਵਰਗ ਫੁੱਟ, ਅਬਾਦੀ ਬਾਜ਼ਾਰ ਸ਼ੇਖਾਂ, ਫੁੱਲਾਂਵਾਲਾ ਵਿਖੇ ਸਥਿਤ, ਜਲੰਧਰ-144001 ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਸੁਭਾਸ਼ ਫਲਾਵਰ ਹਾਊਸ, ਦੱਖਣ : ਜੋਗੀ ਰਾਮ ਦੀ ਦੁਕਾਨ, ਪੂਰਬ : ਹੋਰ, ਪੱਛਮ : ਸੜਕ। ਰਹਿਣਕਾਰ : ਸ੍ਰੀਮਤੀ ਪ੍ਰਿਆ ਪਤਨੀ ਮੋਹਿਤ ਕੁਮਾਰ | 20 ਨਵੰਬਰ 2025 13 ਨਵੰਬਰ 25 ਨੂੰ ਆਈ ਐੱਨ ਆਰ 63, 01, 108,44 (ਤਰੇਹਠ ਲੱਖ, ਇੱਕ ਹਜ਼ਾਰ ਇੱਕ ਸੌ ਅੱਠ ਰੁਪਏ ਅਤੇ ਚੌਤਾਲੀ ਪੈਸੇ ਕੇਵਲ) 07/02/2026 |
| (1) ਮੈਸ: ਸਿੱਧ ਮੋਬਾਇਲ ਹੱਟ (ਕਰਜ਼ਦਾਰ) ਰਾਹੀਂ ਇਸ ਦੇ ਮਾਲਕ ਸ੍ਰੀ ਸੁਖਪਿੰਦਰ ਸਿੰਘ ਪਤਾ : ਦੁਕਾਨ ਨੰ. 1, ਵਿਵੇਕ ਨਗਰ, ਜਲੰਧਰ, ਪੰਜਾਬ-144004 (2) ਸੁਖਪਿੰਦਰ ਸਿੰਘ (ਸਹਿ-ਕਰਜ਼ਦਾਰ ਅਤੇ ਰਹਿਣਕਾਰ) ਪੁੱਤਰ ਵੀਰ ਬਹਾਦਰ ਸਿੰਘ ਪਤਾ : ਮਕਾਨ # 191, ਨਿਊ ਬਲਦੇਵ ਨਗਰ, ਜਲੰਧਰ-1, ਪੰਜਾਬ-144004 (3) ਸ੍ਰੀਮਤੀ ਜਸਵਿੰਦਰ ਕੌਰ ਪਤਨੀ ਵੀਰ ਬਹਾਦਰ ਸਿੰਘ ਪਤਾ : ਮਕਾਨ # 191, ਨਿਊ ਬਲਦੇਵ ਨਗਰ, ਜਲੰਧਰ-1, ਪੰਜਾਬ-144004 ਖਾਤਾ ਨੰ. ਐੱਮ ਓ ਆਰ 007100994613 ਅਤੇ ਐੱਮ ਓ ਆਰ 007101379623 | ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਰਿਹਾਇਸ਼ੀ ਜਾਇਦਾਦ, ਜੋ ਕਿ ਨਿਰਮਤ ਮਕਾਨ, ਕੁੱਲ ਰਕਬਾ 6 ਮਰਲੇ 81 ਵਰਗ ਫੁੱਟ, ਖੱਤਾ # 3375/3943, ਖਸਰਾ # 10616, 10617, ਜਮ੍ਹਾਂਬੰਦੀ ਸਾਲ 2009-10, ਬਲਦੇਵ ਨਗਰ, ਜਲੰਧਰ-1, ਜਲੰਧਰ, ਪੰਜਾਬ-144004 ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਮਕਾਨ # 192, ਜਸਵਿੰਦਰ ਕੌਰ, ਪੱਛਮ : ਮਕਾਨ # 190 ਛੋਟੂ ਰਾਮ, ਉੱਤਰ : ਗਲੀ, ਦੱਖਣ : ਮਕਾਨ # 179 ਇਕਬਾਲ ਸਿੰਘ ਰਹਿਣਕਾਰ : ਸ੍ਰੀ ਸੁਖਪਿੰਦਰ ਸਿੰਘ ਪੁੱਤਰ ਵੀਰ ਬਹਾਦਰ ਸਿੰਘ। | 20 ਨਵੰਬਰ 2025 20.11.2025 ਨੂੰ ਰੁਪਏ 47,91,351.54/- (ਸੰਤਾਲੀ ਲੱਖ ਇਕਾਨਵੇਂ ਹਜ਼ਾਰ ਇੱਕ ਸੌ ਇਕਵੰਜਾ ਰੁਪਏ ਅਤੇ ਚੁਰੰਜਾ ਪੈਸੇ ਕੇਵਲ) 07/02/2026 |

ਕਿਰਪਾ ਕਰਕੇ ਨੋਟ ਕੀਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਅਧੀਨ ਜੇਕਰ ਸਾਰੇ ਬਕਾਏ ਸਮੇਤ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਜਨਤਕ ਨਿਲਾਮੀ/ਵਿਕਰੀ ਲਈ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਜਮ੍ਹਾਂ ਕਰਵਾਏ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਦੀ ਵਿਕਰੀ ਨਹੀਂ ਕੀਤੀ ਜਾਵੇਗੀ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਦੀ ਵਿਕਰੀ ਜਾਂ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਸਾਡੇ ਵੱਲੋਂ ਉਸ ਸਕਿਉਰਡ ਐੱਸਟ ਦੀ ਵਿਕਰੀ ਜਾਂ ਤਬਦੀਲੀ ਲਈ ਹੋਰ ਕੋਈ ਕਦਮ ਨਹੀਂ ਉਠਾਇਆ ਜਾਵੇਗਾ।

ਮਿਤੀ : 11/02/2026 ਸਹੀ/- (ਅਧਿਕਾਰਤ ਅਫਸਰ)
ਸਥਾਨ : ਲੁਧਿਆਣਾ ਵਾਸਤੇ ਯੈੱਸ ਬੈਂਕ ਲਿਮਟਿਡ



**STATE BANK OF INDIA** — Retail Assets Central Processing Centre, 1st Floor, Above Main Branch, Civil Lines, Jalandhar

**ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ ਨੇ ਬੈਂਕ ਵੱਲੋਂ ਕਰਜ਼ਾ ਸਹੂਲਤ ਪ੍ਰਾਪਤ ਕੀਤੀ ਸੀ ਅਤੇ ਉਨ੍ਹਾਂ ਨੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਭੁੱਲਾਂ ਕੀਤੀਆਂ ਹਨ ਅਤੇ ਉਕਤ ਸਹੂਲਤਾਂ ਨਾਨ-ਪ੍ਰਫਾਰਮਿੰਗ ਐੱਸਟਸ 'ਚ ਤਬਦੀਲ ਹੋ ਗਏ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟੀਜ਼ੇਸ਼ਨ ਐਂਡ ਰੀਕਸੰਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਅਧੀਨ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਗਏ। ਕਰਜ਼ਦਾਰਾਂ ਅਤੇ ਗਰੰਟਰ ਨੂੰ ਸਪੀਡ ਪੋਸਟ ਰਾਹੀਂ ਭੇਜੇ ਗਏ ਪੱਤਰ ਬਿਨਾਂ ਤਾਮੀਲ ਵਾਪਸ ਆ ਗਏ। ਇਸ ਲਈ ਡਿਮਾਂਡ ਨੋਟਿਸ ਦੀ ਨਾ-ਪ੍ਰਾਪਤੀ/ਅਗਿਆਨਤਾ ਨੂੰ ਮੁੱਖ ਰੱਖਦਿਆਂ ਇਹ ਜਨਤਕ ਨੋਟਿਸ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਉਹੀ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

| ਕਰਜ਼ਦਾਰ/ਗਰੰਟਰ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਸ੍ਰੀ ਅਜੀਤ ਸਿੰਘ ਪੁੱਤਰ ਸ੍ਰੀ ਸੁੰਦਰ ਸਿੰਘ 2. ਸ੍ਰੀਮਤੀ ਜੀਤ ਕੌਰ ਪਤਨੀ ਸ੍ਰੀ ਅਜੀਤ ਸਿੰਘ 3. ਸ੍ਰੀ ਭੁਪਿੰਦਰ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ 4. ਸ੍ਰੀ ਜਸਪਾਲ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ 5. ਸ੍ਰੀ ਗਗਨਦੀਪ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਸਾਰੇ ਵਾਸੀ ਮਕਾਨ ਨੰ. 73, ਗੁਰਜੈਪਾਲ ਨਗਰ, ਕੂਲ ਰੋਡ, ਜਲੰਧਰ | ਰਿਹਾਇਸ਼ੀ ਜਾਇਦਾਦ ਦਾ ਉਚਿਤ ਗਿਰਵੀਨਾਮਾ, ਮਕਾਨ ਨੰ. ਈ ਐੱਚ 6 (ਜਾਇਦਾਦ ਨੰ. ਬੀ-9/2-2796) ਰਕਬਾ 10 ਮਰਲੇ, ਬੈਨਾਮਾ ਨੰ. 2525, ਮਿਤੀ 21.06.2025 ਅਨੁਸਾਰ, ਅਬਾਦੀ ਕੂਲ ਰੋਡ ਵਿਖੇ ਸਥਿਤ (ਗਰੀਨ ਪਾਰਕ) ਜਲੰਧਰ, ਸ੍ਰੀ ਅਜੀਤ ਸਿੰਘ ਪੁੱਤਰ ਸੁੰਦਰ ਸਿੰਘ, ਸ੍ਰੀਮਤੀ ਜੀਤ ਕੌਰ ਪਤਨੀ ਸ੍ਰੀ ਅਜੀਤ ਸਿੰਘ, ਸ੍ਰੀ ਭੁਪਿੰਦਰ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ, ਸ੍ਰੀ ਜਸਪਾਲ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ, ਸ੍ਰੀ ਗਗਨਦੀਪ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਦੇ ਨਾਂਅ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : 30'-00"/ਮਕਾਨ ਨੰ. 21 ਗਰੀਨ ਪਾਰਕ, ਪੱਛਮ : 30' ਕੂਲ ਰੋਡ, ਉੱਤਰ : 69'-00"/ਮਕਾਨ ਨੰ. ਈ ਐੱਚ-6 ਦਾ ਬਾਕੀ ਹਿੱਸਾ, ਦੱਖਣ : 69'-0"/ਮਕਾਨ ਨੰ. 7 ਗਰੀਨ ਪਾਰਕ। | 30.01.2026 | 01.04.2022 | 29.01.2026 ਨੂੰ ਰੁਪਏ 12,53,749/- (ਬਾਰਾਂ ਲੱਖ ਤਿਰਵੰਜਾ ਹਜ਼ਾਰ ਸੱਤ ਸੌ ਉਣੰਜਾ ਰੁਪਏ ਕੇਵਲ) + ਇਸ 'ਤੇ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਵਸੂਲੀ ਘਟਾ ਕੇ ਜੇਕਰ ਕੋਈ ਹੋਵੇ। |

ਉਪਰੋਕਤ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਰਕਮ ਅਦਾ ਕਰਨ ਲਈ ਸਲਾਹ ਦਿੱਤੀ ਜਾਂਦੀ ਹੈ, ਜਿਸ 'ਚ ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟੀਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੀਆਂ ਵਿਵਸਥਾਵਾਂ ਤਹਿਤ ਅਗਲੇ ਕਦਮ ਉਠਾਏ ਜਾਣਗੇ।
ਕਰਜ਼ਦਾਰਾਂ/ਗਰੰਟਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੰਬੰਧਤ ਸ਼ਾਖਾ ਤੋਂ ਨੋਟਿਸ ਦੀ ਕਾਪੀ ਪ੍ਰਾਪਤ ਕਰ ਲੈਣ।

ਮਿਤੀ : 10.02.2026, ਸਥਾਨ : ਜਲੰਧਰ ਅਧਿਕਾਰਤ ਅਫਸਰ



**DEBTS RECOVERY TRIBUNAL CHANDIGARH(DRT 3)**
**Ground Floor, SCO No.33-34-35, Sector-17-A, Chandigarh - 160017**

ਮੁਕੱਦਮਾ ਨੰ. ਓ ਏ/1882/2021

ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2-ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਈ ਐੱਕਸ ਐੱਚ ਨੰ. 29347

ਇੰਡੀਅਨ ਬੈਂਕ
ਬਨਾਮ
ਮੈਸ. ਨਰੰਗ ਵਾਇਰਜ਼ ਪ੍ਰਾਈਵੇਟ ਲਿਮਟਿਡ ਅਤੇ ਹੋਰ

ਸੇਵਾ 'ਚ
(3) ਹਰਵਿੰਦਰ ਪਾਲ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਡਾਇਰੈਕਟਰ, ਗਰੰਟਰ ਅਤੇ ਰਹਿਣਕਾਰ ਨਰੰਗ ਵਾਇਰਜ਼ ਪ੍ਰਾਈਵੇਟ ਲਿਮਟਿਡ ਵਾਸੀ ਮਕਾਨ ਨੰ. 4642, ਗਲੀ ਨੰ. 11, ਨੇੜੇ ਡਾਬਾ ਰੋਡ, ਲੁਧਿਆਣਾ, ਪੰਜਾਬ ਰਾਹੀਂ ਇਸ ਦੇ ਕਾਨੂੰਨੀ ਵਾਰਸਾਂ:-
(ਏ) ਸ੍ਰੀ ਭਵਜੋਤ ਸਿੰਘ (ਪੁੱਤਰ)
(ਬੀ) ਹਰਵਿਪਨ ਕੌਰ (ਪੁੱਤਰੀ)
ਦੋਵੇਂ ਵਾਸੀ ਮਕਾਨ ਨੰ. 4642, ਗਲੀ ਨੰ. 11, ਨੇੜੇ ਡਾਬਾ ਰੋਡ, ਲੁਧਿਆਣਾ।
(5) ਸ੍ਰੀਮਤੀ ਅਰਦਾਮਨ ਪ੍ਰੀਤ ਕੌਰ ਪਤਨੀ ਹਰਵਿੰਦਰ ਪਾਲ ਸਿੰਘ ਗਰੰਟਰ ਅਤੇ ਰਹਿਣਕਾਰ ਵਾਸੀ ਮਕਾਨ ਨੰ. 4642, ਗਲੀ ਨੰ. 11, ਨੇੜੇ ਡਾਬਾ ਰੋਡ, ਲੁਧਿਆਣਾ, ਪੰਜਾਬ ਰਾਹੀਂ ਇਸ ਦੇ ਕਾਨੂੰਨੀ ਵਾਰਸਾਂ :-
(ਏ) ਸ੍ਰੀ ਭਵਜੋਤ ਸਿੰਘ (ਪੁੱਤਰ)
(ਬੀ) ਹਰਵਿਪਨ ਕੌਰ (ਪੁੱਤਰੀ)
ਦੋਵੇਂ ਵਾਸੀ ਮਕਾਨ ਨੰ. 4642, ਗਲੀ ਨੰ. 11, ਨੇੜੇ ਡਾਬਾ ਰੋਡ, ਲੁਧਿਆਣਾ।

**ਸੰਮਨ**

ਜਦੋਂ ਕਿ ਓ ਏ/1882/2621 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 30/01/2026 ਨੂੰ ਸੂਚੀਬੱਧ ਕੀਤਾ ਗਿਆ ਸੀ।

ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 9,05,92,460/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹੈ।

ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :
(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।
(ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।
(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਉਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।
(iv) ਜਿਹੜੀ ਸਕਿਉਰਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।
(v) ਸਕਿਉਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਉਰਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।

ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 22/04/2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।

ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ 31/01/2026 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

# ਸ੍ਰੀ ਭੋਲੇ ਲੰਗਰ ਕਮੇਟੀ ਦੀ ਲੰਗਰ ਲਾਉਣ ਸੰਬੰਧੀ ਮੀਟਿੰਗ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਸ੍ਰੀ ਸ਼ਿਵ ਬਾਬਾ ਸ਼ਿਵ ਭੋਲੇ ਲੰਗਰ ਕਮੇਟੀ ਦੀ ਮੀਟਿੰਗ ਸ੍ਰੀ ਸੰਜੀਵ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਆਉਣ ਵਾਲੇ ਸਮੇਂ ਅੰਦਰ ਜੰਮੂ ਕਸ਼ਮੀਰ ਵਿੱਚ ਸ਼ਿਵ ਭੋਲੇ ਦਾ ਲੰਗਰ ਲਾਉਣ ਲਈ ਤਿਆਰੀਆਂ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਵਿੱਚ ਹਾਜਰ ਮੈਂਬਰਾਂ ਨੇ ਆਪਣੇ ਆਪਣੇ ਸੁਝਾਉ ਦਿੱਤੇ ਤੇ ਤਿਆਰੀਆਂ ਦੀ ਰੂਪ ਰੇਖਾ ਤੇ ਵੀ ਵਿਚਾਰਾਂ ਹੋਈਆਂ।ਇਸ ਮੌਕੇ ਤੇ ਪ੍ਰਧਾਨ ਸੰਜੀਵ ਕੁਮਾਰ ਤੋਂ ਇਲਾਵਾ ਚੇਅਰਮੈਨ ਜੀਵਨ ਗੁਪਤਾ, ਜਨਰਲ ਸਕੱਤਰ ਸੁਰਿੰਦਰ ਕੁਮਾਰ, ਜੁਆਇੰਟ ਸਕੱਤਰ ਮਹੇਸ਼ ਕੁਮਾਰ,ਕੈਸੀ ?ਅਰ ਮੁਨੀਸ਼ ਕੁਮਾਰ, ਜੁਆਇੰਟ ਕੈਸ਼ੀਅਰ ਸੰਤੋਸ਼ ਕੁਮਾਰ, ਪ੍ਰੈਸ ਸਕੱਤਰ ਡਾ, ਨਰਿੰਦਰ ਸੰਧੇ, ਸਮੇਤ ਮੈਂਬਰਾਂ ਅਸ਼ੋਕ ਕੁਮਾਰ, ਦੀਪਕ ਗਰਗ, ਟੋਨੀ ਗੋਇਲ, ਮੁਕੇਸ਼ ਕੁਮਾਰ, ਰਾਮੇਸ਼ਵਰ ਦਾਸ, ਨਰੇਸ਼ ਸਿੰਗਲਾ, ਸੁਸ਼ੀਲ ਭਟੇਜਾ, ਪਵਨ ਕੁਮਾਰ ਭੋਲਾ, ਨਰੇਸ਼ ਕੁਮਾਰ ਨੇਸੀ, ਵਿਪਨ ਗੋਇਲ, ਰਾਜੇਸ਼ ਕੁਮਾਰ, ਹਿਟਲਰ ਗਰਗ, ਰਜਨੀਸ਼ ਕੁਮਾਰ, ਭੀਮ ਸੈਨ ਤੇ ਬਬਲੂ ਸਮੇਤ ਕਮੇਟੀ ਮੈਂਬਰਾਂ ਨੇ ਮੀਟਿੰਗ ਵਿੱਚ ਹਾਜ਼ਰੀ ਲਵਾਈ।

# ਪਰਗਟ ਨਾਥ ਭਗਵਾਨ ਵਾਲਮੀਕਿ ਤੀਰਥ ਸਥਲ ਸ਼ਰਾਇਨ ਬੋਰਡ ਦੇ ਸਲਾਹਕਾਰ ਬੋਰਡ ਦੇ ਚੇਅਰਮੈਨ ਨਿਯੁਕਤ

**ਚੰਡੀਗੜ੍ਹ**—ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਵੱਡੇ ਅਤੇ ਕੌਮਾਂਤਰੀ ਕੇਂਦਰ ਵਜੋਂ ਵਿਕਸਤ ਕਰਨ ਦੇ ਸਪਸ਼ਟ ਵਿਜ਼ਨ ਦੇ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਬਾਲ ਜੋਗੀ ਪਰਗਟ ਨਾਥ ਨੂੰ ਦੇ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਦੇ ਸ਼ਰਾਈਨ ਬੋਰਡ ਦੇ ਸਲਾਹਕਾਰ ਬੋਰਡ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਦਲਿਤ ਆਸਥਾ, ਵਿਰਾਸਤ ਅਤੇ ਅਧਿਆਤਮਿਕ ਫਲਸਫੇ ਦੇ ਵਿਸ਼ਵ ਪੱਧਰੀ ਮਾਨਤਾ ਪ੍ਰਾਪਤ ਕੇਂਦਰ ਵਜੋਂ ਉਭਾਰਨ ਦੀ ਭਗਵੰਤ ਮਾਨ ਸਰਕਾਰ ਦੀ ਨੀਅਤ ਨੂੰ ਦਰਸਾਉਂਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬਾਲ ਜੋਗੀ ਪਰਗਟ ਨਾਥ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾ ਦੀ ਅਗਵਾਈ ਹੇਠ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਦਲਿਤ ਆਸਥਾ ਦੇ ਕੌਮਾਂਤਰੀ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ, ਜੋ ਦੁਨੀਆ ਭਰ ਦੇ ਸ਼ਰਧਾਲੂਆਂ, ਵਿਦਵਾਨਾਂ ਅਤੇ ਸੈਲਾਨੀਆਂ ਨੂੰ ਆਪਣੇ ਵੱਲ ਖਿੱਚੇਗਾ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਰਤ ਦੇ ਵਿਕਾਸ ਵਿੱਚ ਦਲਿਤ ਭਾਈਚਾਰੇ ਦਾ ਵੱਡਾ ਯੋਗਦਾਨ ਰਿਹਾ ਹੈ ਅਤੇ ਮਾਨ ਸਰਕਾਰ ਇਸ ਯੋਗਦਾਨ ਦਾ ਸਤਿਕਾਰ ਕਰਨ ਅਤੇ ਇਸ ਨੂੰ ਘਰ-ਘਰ ਪਹੁੰਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾ ਕਿਹਾ—ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨਾ ਸਿਰਫ਼ ਆਸਥਾ ਦਾ ਪਵਿੱਤਰ ਸਥਾਨ ਹੈ, ਸਗੋਂ ਬਹੁਤ ਵੱਡੀ ਸੱਭਿਅਤਾ ਵਾਲਾ ਮਹੱਤਵਪੂਰਨ ਸਥਾਨ ਵੀ ਹੈ। ਚੀਮਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਨੂੰ ਅਜਿਹੇ ਤਰੀਕੇ ਨਾਲ ਵਿਕਸਤ ਕਰਨ ਦੇ ਲੰਬੇ ਸਮੇਂ ਦੇ ਵਿਜ਼ਨ ਨਾਲ ਕੰਮ ਕਰ ਰਹੀ ਹੈ ਕਿ ਭਗਵਾਨ ਵਾਲਮੀਕਿ ਜੀ ਦੇ ਜੀਵਨ, ਫਲਸਫੇ ਅਤੇ ਸਦੀਵੀ ਯੋਗਦਾਨ ਨੂੰ ਵਿਸ਼ਵ ਮੰਚ 'ਤੇ ਪੇਸ਼ ਕੀਤਾ ਜਾ ਸਕੇ।

# ਸ਼ਹੀਦ ਭਗਤ ਸਿੰਘ ਵਰਗੀ ਪੱਗ ਬੰਨ੍ਹਣ ਨਾਲ ਕੋਈ ਭਗਤ ਸਿੰਘ ਨਹੀਂ ਬਣਦਾ : ਮੁਹੰਮਦ ਸਦੀਕ



**ਦੋਰਾਹਾ (ਹਰਮਿੰਦਰ ਸੇਠ)** ਪੰਜਾਬ ਵਾਸੀਆਂ ਨਾਲ ਆਮ ਆਦਮੀ ਪਾਰਟੀ ਨੇ ਧੋਖਾ ਕੀਤਾ। ਪ੍ਰਧਾਨ ਗਿੱਲ ਬੇਰਕਲਾਂ ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਸਾਬਕਾ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਦੀ ਹਾਜ਼ਰੀ ਵਿੱਚ ਸਾਬਕਾ ਮੈਂਬਰ ਪਾਰਲੀਮੈਂਟ ਮਹੁੰਮਦ ਸਦੀਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਝੂਠੇ ਇਨਕਲਾਬੀ ਚੁਟਕਲੇ ਸੁਣਾਉਣ ਵਾਲੇ ਤੇ ਵਾਅਦਿਆਂ ਤੋਂ ਭੱਜਣ ਵਾਲੇ ਲੋਕਾਂ ਦਾ ਟੋਲਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸ਼ਹੀਦ ਭਗਤ ਸਿੰਘ ਦੀ ਪੱਗ ਜਿਹੀ ਪੱਗ ਬਨਣ ਨਾਲ ਉਨ੍ਹਾਂ ਵਰਗਾ ਨਹੀਂ ਬਣਿਆ ਜਾ ਸਕਦਾ। ਬਲਾਕ ਕਾਂਗਰਸ ਮਲੋਦ ਦੇ ਪ੍ਰਧਾਨ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਕਿਹਾ ਕਿ ਪੰਜਾਬ ਵਾਸੀਆਂ ਨਾਲ ਆਮ ਆਦਮੀ ਪਾਰਟੀ ਨੇ ਕੋਈ ਵੀ ਵਾਅਦਾ ਨਾ ਪੂਰਾ ਕਰਕੇ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿਹਤ ਬੀਮਾ ਯੋਜਨਾ ਤਹਿਤ ਆਮ ਆਦਮੀ ਪਾਰਟੀ ਵੱਲੋਂ ਬਣਾਏ ਜਾ ਰਹੇ ਕਾਰਡ ਸਿਰਫ ਇੱਕ ਚੋਣ ਸਟੰਟ ਤੇ ਲੋਕਾਂ ਨੂੰ ਗੁੰਮਰਾਹ ਕਰਨ ਤੱਕ ਹੀ ਸੀਮਤ ਹਨ।

# ਵਿਧਾਇਕ ਰਾਏ ਨੇ ਵਿਕਾਸ ਕਾਰਜ ਦਾ ਰੱਖਿਆ ਨੀਂਹ ਪੱਥਰ



**ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਨਗਰ ਕੌਂਸਲ ਸਰਹਿੰਦ ਦੇ ਅਧੀਨ ਆਉਂਦੇ ਹੁਮਾਯੂੰਪੁਰਾ ਵਿਖੇ ਇੰਟਰਲੌਕ ਟਾਇਲਾਂ ਦੇ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਕਾਰਜ ਦੇ ਸ਼ੁਰੂ ਹੋਣ ਦੇ ਨਾਲ ਸ਼ਹਿਰ ਵਾਸੀਆਂ ਵਿੱਚ ਖੁਸ਼ੀ ਦੇਖਣ ਨੂੰ ਮਿਲੀ।ਸ਼ਹਿਰ ਵਾਸੀਆਂ ਦੇ ਕਹਿਣ ਅਨੁਸਾਰ ਪਿਛਲੇ 10 ਕੁ ਸਾਲਾਂ ਤੋਂ ਇਸ ਸੜਕ ਦੀ ਕਿਸੇ ਨੇ ਸਾਰ ਨਹੀਂ ਲਈ, ਜਿਸ ਕਾਰਨ ਇੱਥੋਂ ਦੇ ਰਹਿਣ ਵਾਲੇ ਲੋਕ ਤੇ ਆਉਣ-ਜਾਣ ਵਾਲੇ ਰਾਹਗੀਰਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਵਿਧਾਇਕ ਲਖਬੀਰ ਸਿੰਘ ਰਾਏ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਲ 2026 ਨੂੰ ਵਿਕਾਸ ਦੇ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ।ਇਸ ਸਾਲ ਜਿੱਥੇ ਨਵੇਂ ਵਿਕਾਸ ਕਾਰਜ ਸ਼ੁਰੂ ਹੋਣਗੇ, ਉੱਥੇ ਹੀ ਪੁਰਾਣੇ ਕਾਰਜਾਂ ਨੂੰ ਪੂਰਾ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਹ ਸੜਕ ਪਿਛਲੇ ਲੰਮੇ ਸਮੇਂ ਤੋਂ ਨਹੀਂ ਬਣੀ, ਸ਼ਹਿਰ ਵਾਸੀਆਂ ਦੀ ਮੰਗ ਅਨੁਸਾਰ ਇਸ ਸੜਕ ਨੂੰ ਬਣਾਇਆ ਜਾ ਰਿਹਾ ਹੈ।ਇਸ ਸੜਕ ਨੂੰ ਹੁਣ ਇੰਟਰਲੌਕ ਟਾਈਲ ਦੇ ਨਾਲ ਬਣਾਇਆ ਜਾਵੇਗਾ ਤੇ ਵਾਲ ਟੂ ਵਾਲ ਕਵਰ ਕੀਤਾ ਜਾਵੇਗਾ। ਤਾਂ ਜੋ ਦੁਬਾਰਾ ਟੁੱਟਣ ਦੀ ਗੁੰਜਾਇਸ਼ ਨਾ ਰਹੇ।

ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ ਦਿਨੀਂ ਕੁਝ ਕਾਂਗਰਸੀਆਂ ਵੱਲੋਂ ਫੋਕੀ ਵਾਹ ਵਾਹ ਖੱਟਣ ਦੇ ਲਈ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ, ਪ੍ਰੰਤੂ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਇਹ ਸੜਕ ਬਣਨੀ ਹੈ ਜਾਂ ਬਣਾ ਕੇ ਟਾਈਲ ਲੱਗਣੀ ਹੈ।ਇਸ ਲਈ ਉਨ੍ਹਾਂ ਅਪੀਲ ਕੀਤੀ ਕਿ ਕੋਈ ਵੀ ਨਕਲ ਮਾਰਨ ਤੋਂ ਪਹਿਲਾਂ ਉਸ ਦੀ ਪੂਰੀ ਜਾਣਕਾਰੀ ਲੈ ਲਿਆ ਕਰਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਸੇਵਾ ਦੇ ਲਈ ਵਚਨਬੱਧ ਹੈ।ਪੰਜਾਬ ਸਰਕਾਰ ਵੱਲੋਂ ਜਿੱਥੇ ਆਮ ਲੋਕਾਂ ਨੂੰ ਬਿਜਲੀ ਮੁਆਫ਼ੀ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਉੱਥੇ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕਰਕੇ ਵੱਡਾ ਤੋਹਫ਼ਾ ਦਿੱਤਾ ਗਿਆ ਹੈ। ਜਦੋਂ ਵਿਧਾਇਕ ਲਖਬੀਰ ਸਿੰਘ ਰਾਏ ਹਮਾਯੂੰਪੁਰ ਵਿਖੇ ਇੰਟਰਲੌਕ ਟਾਈਲਾਂ ਦੇ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਣ ਦੇ ਲਈ ਆਏ ਸਨ, ਉਸ ਸਮੇਂ ਆਪ ਆਗੂ ਰਮੇਸ਼ ਕੁਮਾਰ ਸੋਨੂ ਨੇ ਕਿਹਾ ਕਿ ਉਕਤ ਕਾਰਜ ਨਗਰ ਕੌਂਸਲ ਸਰਹਿੰਦ ਵੱਲੋਂ ਕਰਵਾਇਆ ਜਾ ਰਿਹਾ ਹੈ, ਜੋ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੈ। ਇਸ ਕਾਰਜ ਦੇ ਲਈ ਜੇਕਰ ਇੱਕ ਵੀ ਰੁਪਈਆ ਐਮਪੀ ਕੋਟੇ ਦੇ ਵਿੱਚੋਂ ਆਇਆ ਹੋਵੇ ਤਾਂ ਉਹ ਰਾਜਨੀਤੀ ਛੱਡ ਦੇਣਗੇ।

# ਏ ਐੱਸ ਆਈ ਨਿਸ਼ਾਨ ਸਿੰਘ ਬੋਪਾਰਾਏ ਸਬ-ਇੰਸਪੈਕਟਰ ਬਣੇ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**- ਪੰਜਾਬ ਪੁਲਸ ਵਿੱਚ ਇਮਾਨਦਾਰੀ ਨਾਲ ਸੇਵਾਵਾਂ ਨਿਭਾਅ ਰਹੇ ਨਿਸ਼ਾਨ ਸਿੰਘ ਬੋਪਾਰਾਏ ਨੂੰ ਤਰੱਕੀ ਦੇ ਕੇ ਸਬ ਇੰਸਪੈਕਟਰ ਬਣਾਇਆ ਗਿਆ ਹੈ।ਪਦ-ਉਨਤੀ ਮਗਰੋਂ ਨਿਸ਼ਾਨ ਸਿੰਘ ਬੋਪਾਰਾਏ ਨੂੰ ਐੱਸ ਪੀ ਪਟਿਆਲਾ ਸਵਰਨਜੀਤ ਕੌਰ ਤੇ ਰੀਡਰ ਅਵਤਾਰ ਸਿੰਘ ਨੇ ਸਟਾਰ ਲਗਾਏ।ਇਸ ਦੌਰਾਨ ਡੀ ਐੱਸ ਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ, ਥਾਣਾ ਮੁਖੀ ਹਰਪ੍ਰੀਤ ਸਿੰਘ ਤੇ ਸਿਟੀ ਪੁਲਸ ਚੌਕੀ ਦੇ ਇੰਚਾਰਜ ਲਵਪ੍ਰੀਤ ਸਿੰਘ ਨੇ ਮੁਬਾਰਕਬਾਦ ਦਿੱਤੀ।

# ਦੇਸ਼-ਵਿਆਪੀ ਹੜਤਾਲ 'ਚ ਹਿੱਸਾ ਲਿਆ ਜਾਵੇਗਾ ਮੈਲਡੇ : ਮਨਸੂਰਾ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)** ਪੰਜਾਬ ਪੈਨਸ਼ਨਰ ਯੂਨੀਅਨ (ਏਟਕ) ਜ਼ਿਲ੍ਹਾ ਲੁਧਿਆਣਾ ਦੀ ਭਰਵੀਂ ਮੀਟਿੰਗ ਪ੍ਰਧਾਨ ਮਨਜੀਤ ਸਿੰਘ ਮਨਸੂਰਾ ਦੀ ਪ੍ਰਧਾਨਗੀ ਹੇਠ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਹੋਈ।ਹਰਜਿੰਦਰ ਸਿੰਘ ਸੀਲੋ ਸਕੱਤਰ ਨੇ ਮੀਟਿੰਗ ਦੀ ਸੰਖੇਪ ਜਾਣਕਾਰੀ ਦਿੱਤੀ ਤੇ ਵਿਛੜੇ ਹੋਏ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪੈਨਸ਼ਨਰਾਂ ਦੇ ਕੋਰਟ ਵਿੱਚ ਚੱਲ ਰਹੇ ਕੇਸਾਂ ਦੀ ਜਾਣਕਾਰੀ ਦਿੱਤੀ।

ਸੂਬਾਈ ਆਗੂ ਜਗਮੇਲ ਸਿੰਘ ਪੱਖੋਵਾਲ ਅਤੇ ਸੂਬਾਈ ਮੁੱਖ ਸਲਾਹਕਾਰ ਗੁਰਮੇਲ ਸਿੰਘ ਮੈਲਡੇ ਨੇ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀ ਕੋਈ ਮੰਗ ਮੰਨਣ ਲਈ ਤਿਆਰ ਨਹੀਂ ਹੈ। ਪਹਿਲਾਂ ਤਾਂ ਸਰਕਾਰ ਸੰਘਰਸ਼ ਕਰਨ ਦੇ ਬਾਵਜੂਦ ਮੀਟਿੰਗ ਦਾ ਸਮਾਂ ਨਹੀਂ ਦਿੰਦੀ। ਜੇਕਰ ਮੀਟਿੰਗ ਹੋ ਵੀ ਜਾਵੇ ਤਾਂ ਮੰਗਾਂ ਦੀ ਸੁਣਵਾਈ ਨੂੰ ਅਣਸੁਣਿਆ ਕਰਕੇ ਟਾਲ ਦਿੰਦੀ ਹੈ।

ਇਸ ਲਈ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਸਰਕਾਰ ਵਿਰੁੱਧ ਬੇਚੈਨੀ ਤੇ ਰੋਸ ਵਧ ਰਿਹਾ ਹੈ।ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ ਮਾਨਯੋਗ ਸੁਪਰੀਮ ਕੋਰਟ ਵੱਲੋਂ ਪਿਛਲੇ ਦਿਨੀ ਫੈਸਲਾ ਕੀਤਾ ਗਿਆ ਹੈ ਕਿ ਡੀ.ਏ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਹੱਕ ਹੈ ਇਸ ਰਾਸ਼ੀ ਦੀ ਤੁਰੰਤ ਅਦਾਇਗੀ ਕੀਤੀ ਜਾਵੇ।ਇਸ ਫੈਸਲੇ ਨਾਲ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀ.ਏ ਮਿਲਣ ਦੀ ਆਸ ਬੱਝੀ ਹੈ, ਜੋ 16% ਡੀ.ਏ ਸਰਕਾਰ ਆਪਣੇ ਪੈਨਸ਼ਨਰਾਂ ਨੂੰ ਘੱਟ ਦੇ ਰਹੀ ਹੈ ਤੇ ਇਸ ਨੂੰ ਤੁਰੰਤ ਪੂਰਾ ਕੀਤਾ ਜਾਵੇ ਤੇ ਪੈਨਸ਼ਨਰਾਂ ਦਾ ਪੈਨਸ਼ਨ ਸੋਧ ਫਾਰਮੂਲਾ 2.59 ਗੁਣਾਂਕ ਨਾਲ ਸੋਧ ਕੇ ਲਾਗੂ ਕੀਤਾ ਜਾਵੇ।

# ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਨੇ ਧਾਰਮਿਕ ਸਮਾਗਮ ਕਰਵਾਇਆ



**ਸੰਗਰੂਰ (ਪ੍ਰਵੀਨ ਸਿੰਘ)** ਬਨਾਸਰ ਬਾਗ ਸਥਿਤ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦੇ ਦਫਤਰ ਵਿਖੇ ਨਵੇਂ ਸਾਲ ਦੀ ਖੁਸ਼ੀ ਵਿੱਚ, ਸਰਬ ਸਾਂਝੀਵਾਲਤਾ ਤੇ ਸੰਸਥਾ ਦੀ ਚੜ੍ਹਦੀ ਕਲਾ ਦੇ ਮੰਤਵ ਨੂੰ ਲੈ ਕੇ ਧਾਰਮਿਕ ਸਮਾਗਮ ਸ਼ਰਧਾ ਅਤੇ ਭਾਵਨਾ ਨਾਲ ਕਰਵਾਇਆ ਗਿਆ। ਸੰਸਥਾ ਪ੍ਰਧਾਨ ਡਾ ਨਰਵਿੰਦਰ ਸਿੰਘ ਕੌਸ਼ਲ, ਇੰਜ: ਪਰਵੀਨ ਬਾਂਸਲ ਚੇਅਰਮੈਨ, ਜਗਜੀਤ ਸਿੰਘ ਜਨਰਲ ਸਕੱਤਰ ਦੇ ਨਾਲ ਸ਼ਕਤੀ ਮਿੱਤਲ ਖਜ਼ਾਨਚੀ, ਰਾਜ ਕੁਮਾਰ ਬਾਂਸਲ, ਅਵਿਨਾਸ਼ ਸ਼ਰਮਾ ਦੀ ਦੇਖ-ਰੇਖ ਹੇਠ ਇਸ ਸਮਾਗਮ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਭਾਈ ਪ੍ਰਭਜੋਤ ਸਿੰਘ ਰਾਗੀ ਗੁਰਦੁਆਰਾ ਗੁਰਸਾਗਰ ਮਸਤੁਆਣਾ ਸਾਹਿਬ ਦੇ ਜਥੇ ਨੇ ਰਸਭਿੰਨਾ ਕੀਰਤਨ ਕੀਤਾ, ਜਦੋਂ ਕਿ ਭਾਈ ਕੁਲਵੰਤ ਸਿੰਘ ਬੁਰਜ ਹੈੱਡ ਗ੍ਰੰਥੀ ਗੁਰਦੁਆਰਾ ਬਾਬਾ ਨਾਮਦੇਵ ਜੀ ਨੇ ਕਥਾ ਵਿਚਾਰ ਕੀਤੀ ਤੇ ਸਭ ਘਰਾਂ ਵਿੱਚ ਸੁੱਖ ਸ਼ਾਂਤੀ, ਸਰਬੱਤ ਦਾ ਭਲਾ ਤੇ ਸੰਸਥਾ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ।ਸੰਸਥਾ ਵੱਲੋਂ ਸਜੇ ਭਾਈ ਕੁਲਵੰਤ ਸਿੰਘ ਨੂੰ ਡਾ. ਨਰਵਿੰਦਰ ਸਿੰਘ ਕੌਸ਼ਲ, ਇੰਜ: ਪਰਵੀਨ ਬਾਂਸਲ, ਰਾਜ ਕੁਮਾਰ ਅਰੋੜਾ ਸੀਨੀਅਰ ਮੀਤ ਪ੍ਰਧਾਨ, ਸ਼ਕਤੀ ਮਿੱਤਲ ਖਜ਼ਾਨਚੀ ਤੇ ਸੁਰਿੰਦਰ ਪਾਲ ਸਿੰਘ ਸਿਦਕੀ ਮੀਡੀਆ ਇੰਚਾਰਜ ਨੇ ਸਿਰੋਪਾਓ ਦੇ ਕੇ ਸਤਿਕਾਰ ਕੀਤਾ। ਸਮਾਗਮ ਦੌਰਾਨ ਅਮਰਜੀਤ ਸਿੰਘ ਪਾਹਵਾ, ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ, ਨਿਰਮਲ ਸਿੰਘ ਮਾਣਾ, ਬਾਲ ਕ੍ਰਿਸ਼ਨ, ਕੁਲਵੰਤ ਸਿੰਘ ਅਕੋਈ, ਰਤੀ ਰਾਮ ਸ਼ਰਮਾ, ਸੰਤੋਖ ਸ਼ਰਮਾ, ਸ਼ਿੰਗਾਰਾ ਸਿੰਘ, ਵਾਸਦੇਵ ਸ਼ਰਮਾ, ਡੀ ਐਸ ਖੁਰਮੀ, ਸੁਰਿੰਦਰ ਸ਼ੋਰੀ ਆਦਿ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਗੁਰਦੁਆਰਾ ਸਾਹਿਬ ਬਾਬਾ ਨਾਮਦੇਵ ਜੀ ਵੱਲੋਂ ਗੁਰਦੁਆਰਾ ਸਾਹਿਬ ਕਮੇਟੀ ਮੈਂਬਰ ਗੋਬਿੰਦਰ ਸਿੰਘ ਸੋਸਲ ਦੇ ਨਾਲ ਰਾਜ ਕੁਮਾਰ ਅਰੋੜਾ ਤੇ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਸਾਥੀ ਪ੍ਰਧਾਨ ਡਾ ਕੌਸ਼ਲ, ਪਰਵੀਨ ਬਾਂਸਲ ਨੂੰ ਸਨਮਾਨਤ ਕੀਤਾ।ਸੰਸਥਾ ਦੇ ਸਰਪ੍ਰਸਤ ਬਲਦੇਵ ਸਿੰਘ ਗੋਸਲ, ਗੁਰਪਾਲ ਸਿੰਘ ਗਿੱਲ, ਦਲਜੀਤ ਸਿੰਘ ਜਖਮੀ, ਸੁਰਿੰਦਰ ਪਾਲ ਗੁਪਤਾ, ਏ.ਪੀ ਸਿੰਘ ਬਾਬਾ ਨੇ ਸੰਸਥਾ ਵੱਲੋਂ ਕੀਤੇ ਦੇ ਭਲੇ ਲਈ ਕਰਾਏ ਇਸ ਸਮਾਗਮ ਦੀ ਸ਼ਲਾਘਾ ਕੀਤੀ।





## Change of Name

I, Komaljeet Singh S/o Ranjeet Singh R/o VPO. Wadala Bangar , District Gurdaspur, Punjab, India Pin Code 143505 , I have changed my name from Komaljeet Singh to Singh Komaljeet Singh, Surname as Singh and given name as Komaljeet.

I, Harpreet S/o Jasvir Chand R/o 39, 2, Sham Chaurasi (Rural) Distt. Hoshiarpur 144105 Punjab have changed my name from Harpreet to Harpreet Singh. Concerned note.

I, Darshana Rani W/o Subhash Chander R/o Near Verka Milk Palant, Ajjowal Distt. Hoshiarpur 146001 Punjab declare that Darshana Rani and Kanchan Sharma is one and the same Person. Concerned note.

I, Varun S/O Vinod Kumar R/O F-22/2553, Abadi Kundia Wala Khooh,Tung Pai, Amritsar, Punjab have changed my name from Varun to Varun Kumar.Concerned note.

I, Rejwant Kaur W/o Joginder Singh R/o 68, Anmol Enclave Phase-2, Mahal Sub Urban, PO: Chheharta, Amritsar, Punjab have changed my name from Rejwant Kaur to Rajwant Kaur.

I, Parmjeet Kaur W/o Gurbir Singh R/o Kikarwala Rupa, Fazilka, Punjab-152123 have changed my name after marriage from Parmjeet Kaur to Paramjeet Kaur.

I Anil Kumar son of Jagdish Chander Resident of Ward No 4 Patti, Distt Tarn Taran, have changed my name from Anil Kumar to Anil Marwaha pl note it.

I, Bhim Sain S/o Ram Lal Khosla R/o 282 Green Field near Balaji Temple Majitha Road Amritsar have changed my name to Bhim Sain Khosla Please Note It.

I, Surinder S/o Vishesh Kumar R/o H.No.194, Gali No.4, Guru Nanak Enclave, Jhand Peer Khadwala, District Amritsar have changed my name from Surinder to Surinder Kumar.

I, Sandip Kaur W/o Sukhwinder Singh R/o Kothi No 70, Ajit Nagar, Sultanwind Road, Amritsar have changed my name from Sandip Kaur to Sandeep Kaur.

I, Amritpal Singh son of Sukhbir Singh resident of House No. 346, Gali No. 5, Het Ram Colony, Naraingarh, Chheharta, Amritsar, Punjab, have changed my name to Amritpal as my Given name and Singh as my Surname.

I, Sajan Singh S/o Amrik Singh R/o Kothi Number 11, Fateh Singh Avenue, Gali No.7, Main 88 Foot Majitha Road, Amritsar have declare that Sajan is my Given name and Singh is Given name.

I, Rajandeep Kaur D/o Manjit Singh R/o Village Wadala Viram Distt Amritsar Punjab have declare that Kaur is my Surname Rajandeep is my given name.

I, Amritpal Singh S/O Darbara Singh R/O VPO. Khanowal, Distt. Kapurthala - 144601, Punjab have changed my name from Amritpal Singh to Amritpal Singh Sandhar. All concerned please note.

I PALMINDER SINGH ALIAS PALWINDER SINGH S/o Kirpal Singh R/o Kishangarh Road, Kartarpur, Distt. Jalandhar, Punjab-144801, declare that I have changed my name from PALMINDER SINGH ALIAS PALWINDER SINGH to PALWINDER SINGH. Concerned Please Note.

I Shallu W/o Harish Kumar R/o H.No. 256, Shaheed Bhagat Singh colony, Jalandhar, Punjab - 144008, India , declare that both names Shallu as well as Shalu , belongs to one and same person. All concerned please note.

I, Jasbir Singh s/o Kartar Singh r/o VPO. Jamsher Khas, Mohalla Bagichi, Distt. Jalandhar, Punjab have changed the spelling of my name as Jasvir Singh. All Please Note.

I, Neetu Chopra w/o Vivek Malhotra r/o H.No.57, Manjit Nagar, Basti Guzan, Jalandhar have changed my name from Neetu Chopra to Neetu Malhotra. All Please Note.

I, Buta Ram s/o Charn Dass r/o Po. Kurala, Sohian, Distt. Hoshiarpur have changed the spelling of my name from Buta Ram to Butta Ram. All Please Note.

I, Vikramjeet s/o Amar Nath r/o H.No.B-II/454/12, Gandhi Camp, Jalandhar, Punjab-144008 have changed the name of my minor daughter from Parul to Parul Kumari. All Please Note.

I, Abhay s/o Balwinder r/o 137, Near Kabir Mandir, Tilak Nagar, Jalandhar have added my surname as Abhay Yadav (Yadan as Surname) All Please Note.

I, Mahesh Kumar Alias Mahesh Gupta s/o Hussan Lal r/o H.No. 92, Backside Dussehra Ground, Puran Road, Jalandhar Cantt., Jalandhar have changed my name as Mahesh Gupta. All Please Note.

I, Jaspal Singh s/o Harbhajan Singh r/o Gona Chak, Jalandhar, Punjab have changed my name from Jaspal Singh to Singh Jaspal (Surname as Singh) All Please Note.

I, Anjali W/o Manish Christian R/o H.No. 202, Near Church, VPO. Dhina, Jalandhar-II, Distt. Jalandhar, Punjab have changed my name from Anjali to Anjali Christian (Surname as Christian) All Please Note.

## Change of Name

I, Parvinder Kaur W/o Ajit Singh R/o Village Raipur Rasulpur, Distt. Jalandhar, Punjab have changed the spelling of my name from Parvinder Kaur to Parwinder Kaur. All Please Note.

I, Jasvir Singh S/o Mohan Singh R/o Tahli Sahib, Po. Kartar Pur, Distt.Jalandhar, Punjab have changed my name from Jasvir Singh to Singh Jasvir (Surname as Singh) All Please Note.

I, Dilbag Alias Dilbagh Singh S/o Sadha Singh R/o Vill. Aloudipur, Po. Bhawanipur, Distt. Kapurthala, Punjab have changed my name from Dilbag alias Dilbagh Singh to Singh Dilbag (Surname as Singh) All Please Note.

I, Mohinder Singh S/o Chanan Singh R/o Nawan Pind Bhathe, Kapurthala have changed my name from Mohinder Singh to Mahinder Singh. All Please Note.

I Dawinder Singh S/o Balwant Singh R/o VPO. Dadiala Nazaran, Teh. Batala, Distt. Gurdaspur (Pb) have changed my name from Dawinder Singh to Davinder Singh. Concerned Note.

I, Dalwinder Kumari W/O Makhan Lal R/O Kot Rani, P.O. Satnampura, Phagwara, District Kapurthala, Punjab -144401 Have Changed My Name From Dalwinder Kumari To Kumari Dalwinder (Kumari As Surname). All Concerned Please Note. (R)

I, Sahil Sharma S/o Satpal Sharma R/o House No 560, Vpo Dakoha Jalandhar Punjab 144023 have changed my name to given name as Sahil & Surname as Sharma. Please all note.

## PUBLIC NOTICE

I Ram Ji S/o Dault Ram, R/o Village Kathar, Distt. Jalandhar, declare that my name spelling is written in my Passport as Ramji which is wrong. My correct name Spelling is Ram Ji. All concerned to note.

I, Gagandeep S/o Sat Pal R/o H.No. 94, Sahi Enclave, Salempur Musalmana, Distt. Jalandhar, Punjab, declare that my father Sat Pal is out of my control. I disinherit him from my moveable and immovable properties. I and my family shall not be held responsible for any of his acts, deeds and things.

## ਆਮ ਸੂਚਨਾ

ਮੈਂ ਪੱਪੂ ਪੁੱਤਰ ਸਲਾਮਤ ਵਾਸੀ ਮੋਰਾਂਵਾਲਾ ਤਹਿਸੀਲ ਜਲਾਲਾਬਾਦ ਜਿਲ੍ਹਾ ਫਜਿਲਕਾ ਬਿਆਨ ਕਰਦਾ ਹਾਂ ਕਿ ਮੇਰੇ ਅਧਾਰ ਕਾਰਡ ਵਿੱਚ ਮੇਰਾ ਨਾਮ ਪੱਪੂ ਹੈ ਜਦਕਿ ਮੇਰੀ ਲੜਕੀ ਸਪਨਾ ਰਾਣੀ ਦੇ ਸਕੂਲ ਸਰਟੀਫਿਕੇਟ ਸਮੇਤ ਹੋਰਨਾਂ ਦਸਤਾਵੇਜਾਂ ਤੇ ਮੇਰਾ ਨਾਮ ਕਸ਼ਮੀਰ ਸਿੰਘ ਲਿਖਿਆ ਹੈ। ਇਹ ਦੋਵੇਂ ਨਾਮ ਮੇਰੇ ਹੀ ਹਨ ਤੇ ਮੈਂ ਇਹਨਾਂ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹਾਂ, ਸੰਬੰਧਤ ਨੋਟ ਕਰਨ।

ਮੈਂ, ਭੁਪਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ, ਵਾਸੀ ਪਿੰਡ ਸੈਂਸਰਾ ਕਲਾਂ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਪੁੱਤਰ ਸੁਰਜੀਤ ਸਿੰਘ ਉਰਫ ਬੱਬਲੂ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮਿਤੀ 21.06.2019 ਨੂੰ 'ਪਹਿਰੇਦਾਰ' ਅਖਬਾਰ ਵਿਚ ਇਸ਼ਤਿਹਾਰ ਦੇ ਕੇ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਸੁਰਜੀਤ ਸਿੰਘ ਉਰਫ ਬੱਬਲੂ ਮੇਰੇ ਕਹਿਣੇ ਵਿਚ ਹੈ ਅਤੇ ਮੇਰੇ ਤੇ ਮੇਰੇ ਪਰਵਾਰ ਨਾਲ ਸਹੀ ਵਤੀਰਾ ਰੱਖਦਾ ਹੈ। ਮੈਂ ਜੋ ਇਸ ਨੂੰ ਆਪਣੀ ਚੱਲ-ਅਚੱਲ ਸੰਪਤੀ ਤੋਂ ਬੇਦਖਲ ਕੀਤਾ ਸੀ, ਉਹ ਵਾਪਸ/ਰੱਦ ਕਰਦਾ ਹਾਂ।

ਪਿੰਡ ਪੂਰੋਵਾਲ ਰਾਜਪੂਤਾਂ ਵਿਚ ਚੱਲ ਰਹੇ ਟਿਊਬਵੈਲ ਖ਼ਾਤਾ ਨੰਬਰ AP63/1353M ਜੋ ਕਿ ਜਗੀਰ ਸਿੰਘ ਸਪੁੱਤਰ ਉਧਮ ਸਿੰਘ ਦੇ ਨਾਮ ਤੇ ਹੈ, ਨੂੰ ਹੁਣ ਸਿਮਰਦੀਪ ਸਿੰਘ ਵਾਸੀ ਸੋਹਲ ਸਪੁੱਤਰ ਅਵਤਾਰ ਸਿੰਘ ਆਪਣੇ ਨਾਮ ਤੇ ਕਰਵਾ ਰਹੇ ਹਨ। ਇਤਰਾਜ ਕਰਤਾ 15 ਦਿਨ ਦੇ ਅੰਦਰ-ਅੰਦਰ ਆ ਕੇ ਆਪਣਾ ਇਤਰਾਜ ਉਪ ਮੰਡਲ ਅਫਸਰ ਪਾਵਰਕਾਮ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ।

ਪਿੰਡ ਪੂਰੋਵਾਲ ਰਾਜਪੂਤਾਂ ਵਿਚ ਚੱਲ ਰਹੇ ਟਿਊਬਵੈਲ ਖ਼ਾਤਾ ਨੰਬਰ AP63/1352K ਜੋ ਕਿ ਰੁਪਿੰਦਰ ਕੌਰ ਉਰਫ ਰਮਿੰਦਰ ਕੌਰ ਦੇ ਨਾਮ ਤੇ ਹੈ। ਹੁਣ ਸਿਮਰਦੀਪ ਸਿੰਘ ਵਾਸੀ ਸੋਹਲ ਸਪੁੱਤਰ ਅਵਤਾਰ ਸਿੰਘ ਆਪਣੇ ਨਾਮ ਤੇ ਕਰਵਾ ਰਹੇ ਹਨ। ਇਤਰਾਜ਼ ਕਰਤਾ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਉਪ ਮੰਡਲ ਅਫਸਰ ਪਾਵਰਕਾਮ ਜੌੜਾ-ਛੱਤਰਾ ਨੂੰ ਪੇਸ਼ ਕਰ ਸਕਦਾ ਹੈ।

ਟਿਊਬਵੈੱਲ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 05/1112 ਐੱਫ ਸ੍ਰੀ Arjun Sigh ਪੁੱਤਰ ਸ੍ਰੀ Parar Singh ਪਿੰਡ ਖਜੂਰਲਾ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚੱਲ ਰਿਹਾ ਹੈ। ਇਹ ਮੋਟਰ ਕੁਨੈਕਸ਼ਨ ਤਬਦੀਲ ਹੋਣ ਲਈ ਉਪ ਮੰਡਲ ਦਫ਼ਤਰ ਵਿਖੇ ਸ੍ਰੀ ਹਰਪ੍ਰੀਤ ਸਿੰਘ ਪੁੱਤਰ ਸ੍ਰੀ ਸਤਨਾਮ ਸਿੰਘ ਦੇ ਨਾਂਅ ਤਬਦੀਲ ਕੀਤਾ ਜਾ ਰਿਹਾ ਹੈ। ਜਿਸ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿਚ ਪੀ ਐੱਸ ਪੀ ਸੀ ਐੱਲ ਚਹੇੜੂ ਉਪ ਮੰਡਲ ਵਿਖੇ 15 ਦਿਨਾਂ ਦੇ ਅੰਦਰ-ਅੰਦਰ ਸੂਚਿਤ ਕੀਤਾ ਜਾਵੇ।

## ਨਾਂਅ ਦੀ ਬਦਲੀ

ਮੈਂ, ਸੀਮਾ ਪੁੱਤਰੀ ਤੁਲਸੀ ਦਾਸ ਪਤਨੀ ਸੁਨੀਲ ਡਾਵਰ, ਵਾਸੀ ਮਕਾਨ ਨੰ: 26 ਰਮਣੀਕ ਨਗਰ, ਮਿੱਠਾਪੁਰ ਰੋਡ, ਜਲੰਧਰ ਨੇ ਆਪਣਾ ਨਾਂਅ ਵਿਆਹ ਤੋਂ ਬਾਅਦ ਸੀਮਾ ਤੋਂ ਬਦਲ ਕੇ ਕੀਰਤੀ ਡਾਵਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਇੰਦਰਜੀਤ ਗੁਲਾਟੀ ਪੁੱਤਰੀ ਤੁਲਸੀ ਦਾਸ, ਪਤਨੀ ਗਗਨ ਜੁਨੇਜਾ, ਵਾਸੀ ਮਕਾਨ ਨੰ: 200 ਆਦਰਸ਼ ਨਗਰ ਜਲੰਧਰ ਨੇ ਆਪਣਾ ਨਾਂਅ ਵਿਆਹ ਤੋਂ ਬਾਅਦ ਇੰਦਰਜੀਤ ਗੁਲਾਟੀ ਤੋਂ ਬਦਲ ਕੇ ਇੰਦੂ ਜੁਨੇਜਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਜਤਿੰਦਰ ਜੁਗਨੀ ਰਾਜਪੂਤ ਪੁੱਤਰ ਸੁਖਵਿੰਦਰ ਸਿੰਘ, ਵਾਸੀ ਮਕਾਨ ਨੰਬਰ 11-ਏ/98, ਸ਼ਿਵਪੁਰੀ ਮੁਹੱਲਾ, ਨੇੜੇ ਬੱਸ ਸਟੈਂਡ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਜਤਿੰਦਰ ਜੁਗਨੀ ਰੱਖ ਲਿਆ ਹੈ।

ਮੈਂ, ਪਰਮਜੀਤ ਸਿੰਘ ਪੁੱਤਰ ਮਹਿੰਦਰ ਸਿੰਘ, ਨਿਵਾਸੀ ਤੋਤੀ ਕਪੂਰਥਲਾ, ਪੰਜਾਬ-144626, ਨੇ ਆਪਣੇ ਨਾਬਾਲਗ ਪੁੱਤਰ ਕੇਸ਼ਵ, ਜਿਸਦੀ ਉਮਰ ਲਗਭਗ 17 ਸਾਲ ਹੈ ਦਾ ਨਾਮ ਬਦਲ ਦਿੱਤਾ ਹੈ ਅਤੇ ਉਸਨੂੰ ਇਸ ਤੋਂ ਬਾਅਦ ਕੇਸ਼ਵ ਵੜਵਾਲ ਵਜੋਂ ਜਾਣਿਆ ਜਾਵੇਗਾ।

ਮੈਂ, ਵਿਸ਼ਾਲ ਪੁੱਤਰ ਨਰੇਸ਼ ਕੁਮਾਰ ਵਾਸੀ ਪਿੰਡ ਤੇ ਡਾਕ: ਕਠਾਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਂ ਵਿਸ਼ਾਲ ਤੋਂ ਬਦਲ ਕੇ ਵਿਸ਼ਾਲ ਕੁਮਾਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਅਸੀਂ ਜੀਤੋ ਪਤਨੀ ਮਦਨ ਲਾਲ ਅਤੇ ਮਦਨ ਲਾਲ ਪੁੱਤਰ ਮੁਨਸ਼ੀ ਰਾਮ, ਵਾਸੀ ਮਕਾਨ ਨੰ: 972, ਬੂਟਾ ਮੰਡੀ ਜਲੰਧਰ-1, ਸੂਚਿਤ ਕਰਦੇ ਹਾਂ ਕਿ ਸਾਡਾ ਪੁੱਤਰ ਰਜਤ ਕੁਮਾਰ ਅਤੇ ਉਸ ਦੀ ਪਤਨੀ ਕਮਲਜੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਾਜ ਰਾਣੀ ਪਤਨੀ ਸਵਰਗੀ ਜਗਦੀਸ਼, ਵਾਸੀ ਗਾਂਧੀ ਬਸਤੀ ਧੂਰੀ (ਸੰਗਰੂਰ) ਆਪਣੇ ਲੜਕੇ ਨੀਰਜ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖ਼ੁੱਦ ਜ਼ਿੰਮੇਵਾਰ ਹੋਣਗੇ।

ਮੈਂ ਮਨੋਹਰ ਲਾਲ ਪੁੱਤਰ ਅਜੀਤ ਰਾਮ ਵਾਸੀ ਮਕਾਨ ਨੰਬਰ-488/2 ਆਦਮਪੁਰ, ਤਹਿਸੀਲ ਆਦਮਪੁਰ ਜਿਲਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦੀਪਕ ਕੁਮਾਰ ਅਤੇ ਉਸਦੀ ਪਤਨੀ ਰਜਵਿੰਦਰ ਕੌਰ ਦੋਵੇ ਮੇਰੇ ਕਹਿਣੇ ਤੋ ਬਾਹਰ ਹਨ। ਇਹ ਦੋਵੇ ਮੇਰੇ ਨਾਲ ਲੜਾਈ ਝਗੜਾ ਕਰਦੇ ਰਹਿੰਦੇ ਹਨ।ਇਸ ਲਈ ਮੈਂ ਆਪਣੇ ਲੜਕੇ ਦੀਪਕ ਕੁਮਾਰ ਅਤੇ ਉਸਦੀ ਪਤਨੀ ਰਜਵਿੰਦਰ ਕੌਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਮਕਾਨ ਵਾ ਪੰਜਾਬ ਰਾਜ ਵਾ ਭਾਰਤ ਵਿੱਚ ਕਿਤੇ ਵੀ ਹੋਵੇ, ਤੋਂ ਬੇਦਖਲ ਕਰਦਾ ਹਾਂ। ਜੋ ਵੀ ਵਿਅਕਤੀ ਇਹਨਾਂ ਨਾਲ ਲੈਣ ਦੇਣ ਕਰੇਗਾ ਉਹ ਉਸਦਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਅਤੇ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਵਲੀ ਸਿੰਘ ਪੁੱਤਰ ਪ੍ਰੀਤਮ ਸਿੰਘ, ਵਾਸੀ ਸਠਿਆਲਾ ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਜੈਸ਼ਿਵਰਾਜ ਸਿੰਘ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਮਨਜੀਤ ਕੌਰ ਪਤਨੀ ਲੇਟ ਰਵਿੰਦਰ ਪਾਲ ਵਾਸੀ ਪਿੰਡ ਮਹੇੜੂ ਤਹਿਸੀਲ ਫਗਵਾੜਾ ਜਿਲਾਂ ਕਪੂਰਥਲਾ ਦੀ ਹਲਫੀਆ ਬਿਆਨ ਕਰਦੀ ਹਾਂ ਮੇਰਾ ਲੜਕਾ ਸਰਬਜੀਤ ਕੁਮਾਰ ਨੂੰਹ ਰਾਜਵਿੰਦਰ ਕੌਰ ਪੋਤਾ ਤਨਵੀਰ ਪੋਤੀ ਗੁਰਮਨਪਰੀਤ ਕੌਰ ਮੇਰੇ ਨਾਲ ਲੜਾਈ ਝਗੜਾ ਕਰਦੇ ਹਨ। ਮੇਰੇ ਕਹਿਣੇ ਵਿੱਚ ਨਹੀਂ ਹਨ। ਮੈਂ ਇਹਨਾਂ ਨੂੰ ਸਮੇਤ ਪਰਿਵਾਰ ਅਪਨੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਬਲਵਿੰਦਰ ਕੌਰ ਪਤਨੀ ਲੇਟ ਜਸਪਾਲ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਅਜਨੋਹਾ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਜੋਤ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜ਼ੁੰਮੇਵਾਰ ਹੋਣਗੇ।

ਮੈਂ ਮਮਤਾ ਰਾਣੀ ਪਤਨੀ ਸੰਜੀਵ ਕੁਮਾਰ ਵਾਸੀ ਪਿੰਡ ਤੇ ਡਾਕਖਾਨਾ ਕੋਟ ਫਤੂਹੀ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਸ਼ਾਦੀਸ਼ੁਦਾ ਲੜਕਾ ਦਕਸ਼ ਕੁਮਾਰ ਗੱਗ ਅਤੇ ਉਸਦੀ ਪਤਨੀ ਨਿਸ਼ਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜ਼ੁੰਮੇਵਾਰ ਹੋਣਗੇ।

ਅਸੀਂ, ਹਰਬੰਸ ਲਾਲ ਪੁੱਤਰ ਦੇਵ ਰਾਮ ਅਤੇ ਪੁਸ਼ਮਾ ਰਾਣੀ ਪਤਨੀ ਹਰਬੰਸ ਲਾਲ, ਵਾਸੀ ਪਿੰਡ ਨਵਾਂ ਪਿੰਡ ਅਰਾਈਆਂ, ਡਾਕਖਾਨਾ ਸਰੀਂਹ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਨਮੋਲ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਸ ਨਾਲ ਕੋਈ ਸੰਬੰਧ ਨਹੀਂ।

ਮੈਂ, ਮਹਿਲ ਸਿੰਘ ਪੁੱਤਰ ਦਲੀਪ ਸਿੰਘ, ਵਾਸੀ ਝਬਾਲ ਰੋਡ, ਨੇੜੇ ਗੁਰਦੁਆਰਾ ਸਾਹਿਬ, ਮੰਡਿਆਲਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਵਿੰਦਰ ਸਿੰਘ ਅਤੇ ਇਸ ਦੀ ਪਤਨੀ ਤਨੀਸ਼ਾ ਚੰਦੇਲ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਘਰ ਵਿਚ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪਰਮਜੀਤ ਕੌਰ ਪਤਨੀ ਰਾਮ ਲੁਭਾਇਆ ਵਾਸੀ ਪਿੰਡ ਕਾਲਾ ਬਾਹੀਆ, ਡਾਕਖਾਨਾ ਨੂਸੀ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੱਤਪਾਲ ਅਤੇ ਉਸਦੀ ਪਤਨੀ ਕਿਰਨਦੀਪ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਹਰਭਜਨ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਵਾਰਡ ਨੰਬਰ, ਤਿੱਬੜੀ ਰੋਡ ਗੁਰਦਾਸਪੁਰ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਅੰਮ੍ਰਿਤਪਾਲ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੋਗੇਸ਼ ਕੁਮਾਰ ਪੁੱਤਰ ਬਚਨਾ ਰਾਮ, ਵਾਸੀ ਖੁਰਦਪੁਰ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਮੇਰੀ ਨੂੰਹ ਅੰਕਿਤਾ ਪਤਨੀ ਸੰਦੀਪ ਕੁਮਾਰ, ਜੋ ਕਿ ਮੇਰੇ ਕਹਿਣੇ ਵਿਚ ਨਹੀਂ ਹਨ। ਮੈਂ ਆਪਣੀ ਨੂੰਹ ਅੰਕਿਤਾ ਪਤਨੀ ਸੰਦੀਪ ਕੁਮਾਰ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਰਜੀਤ ਕੌਰ ਪਤਨੀ ਪ੍ਰੀਤਮ ਸਿੰਘ, ਵਾਸੀ ਪਿੰਡ ਡਗਰੂ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਅਮਨਦੀਪ ਕੌਰ (ਤਲਾਕਸ਼ੁਦਾ), ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਜੋ ਮੈਨੂੰ ਦੱਸੇ ਬਿਨਾ ਕਿੱਤੇ ਚੱਲੀ ਗਈ। ਮੈਂ ਇਸ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਚਰਨ ਸਿੰਘ ਪੁੱਤਰ ਰਾਮ ਸਿੰਘ ਵਾਸੀ ਮਕਾਨ ਨੰ: 216, ਵਾਰਡ ਨੰ: 9, ਮੁੱਹਲਾ ਸੰਤੋਖਪੁਰਾ, ਸ੍ਰੀਹਰਗੋਬਿੰਦਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਦੇਵ ਸਿੰਘ ਅਤੇ ਉਸਦੀ ਪਤਨੀ ਖੁਸ਼ਬੂ ਰਾਣੀ ਪਤਨੀ ਸੁਖਦੇਵ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਗੀਤਾ ਦੇਵੀ ਪਤਨੀ ਲੇਟ ਜਗਦੀਪ ਸਿੰਘ ਵਾਸੀ ਮਕਾਨ ਨੰਬਰ 106, ਪਟੇਲ ਨਗਰ, ਮਕਸੂਦਾਂ, ਜ਼ਿਲ੍ਹਾ ਜਲੰਧਰ, ਪੰਜਾਬ-144008 ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਭਾਵਨਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਮਨੀਸ਼ਾ ਪਤਨੀ ਸਵ. ਮਨੀਸ਼ ਕੁਮਾਰ ਉਰਫ ਮਨੀਸ਼ ਮਹਾਜਨ ਵਾਸੀ ਮਕਾਨ ਨੰਬਰ 20-21, ਮੁਹੱਲਾ ਲਾਠੀਮਾਰ, ਸੋਡਲ, ਜਲੰਧਰ ਹਲਫੀਆ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਲਕਸ਼ ਮਹਾਜਨ ਅਤੇ ਮੇਰਾ ਦਿਉਰ ਇਸ਼ ਮਹਾਜਨ ਜੋ ਕਿ ਦੋਵੇਂ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਆਪਣੇ ਲੜਕੇ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਕੋਈ ਵੀ ਮੇਰੇ ਲੜਕੇ ਅਤੇ ਮੇਰੇ ਦਿਉਰ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਦਾ ਹੈ ਉਹ ਉਸ ਦਾ ਖ਼ੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਜਨਤਕ ਸੂਚਨਾ

ਅਸੀਂ, ਪਿਰਾਮਲ ਫਾਇਨਾਂਸ ਲਿਮਟਿਡ ਦੀ ਤਰਫੋਂ ਬਿਆਨ ਕਰਦੇ ਹਾਂ ਕਿ ਪਿਰਾਮਲ ਫਾਇਨਾਂਸ ਲਿਮਟਿਡ ਸਟੋਰੇਜ ਵੈਂਡਰ ਗੁੜਗਾਉਂ ਦੁਆਰਾ ਬੈਨਾਮਾ ਨੰ: 6391 ਮਿਤੀ 30/8/2016 ਕਿਧਰੇ ਗੁਆਚ ਗਿਆ ਹੈ। ਜੇਕਰ ਕਿਸੇ ਨੂੰ ਉਕਤ ਬੈਨਾਮਾ ਮਿਲਦਾ ਹੈ ਜਾਂ ਉਕਤ ਬੈਨਾਮੇ ਸੰਬੰਧੀ ਕੋਈ ਇਤਰਾਜ਼ ਹੈ ਤਾਂ ਕ੍ਰਿਪਾ ਕਰਕੇ ਪਿਰਾਮਲ ਫਾਇਨਾਂਸ ਲਿਮਟਿਡ ਦੇ ਸ੍ਰੀ ਵਿਕਰਮ, ਮੋਬਾਇਲ ਨੰ: 99887-98682, ਛੋਟੀ ਬਾਰਾਂਦਰੀ ਭਾਗ-1, ਜਲੰਧਰ ਜਾਂ ਐਡਵੋਕੇਟ ਸ੍ਰੀ ਵਿਕਾਸ ਸੂਦ, ਮੋਬਾਇਲ ਨੰ: 98140-94356 ਜ਼ਿਲ੍ਹਾ ਕਚਹਿਰੀਆਂ ਜਲੰਧਰ ਨਾਲ ਇਸ ਇਸ਼ਤਿਹਾਰ ਦੇ ਛਪਣ ਤੋਂ 7 ਦਿਨਾਂ ਦੇ ਅੰਦਰ-ਅੰਦਰ ਸੰਪਰਕ ਕਰੇ।

## COURT NOTICE

(U/o 5 Rule 20 CPC)
In the Court of Ms. Prabhjot Kaur
Additional Civil Judge (Senior Division), Pathankot
CNR No. PBP002-001534-2025
Next Date:- 16-03-2026
Pawan Mahajan
Vs.
General Public

Application under section 372 of Indian Succession Act for grant of succession certificate in respect of the estate of Late Sh. Raman Kumar S/o Late Sh. Jagdish Raj, R/o 47/128, Mohalla Charjian Pathankot-145001

Publication Issued To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 16-03-2026 at 10:00 a.m.

For details logon to https://highcourtchd.gov.in/?mod=district_notice&district=Pathankot

Additional Civil Judge (Senior Division) Pathank
Dated, this day of 09-02-2026

## COURT NOTICE

(U/o 5 Rule 20 CPC)
In the Court of
Sh. Prateek Gupta
Civil Judge (Junior Division)-9, Jalandhar
CNR No. PBJL02-000879-2025
Next Date :- 24-02-2026
Bhim Sain Dua
Vs. Suman

Suit for grant of decree for specific performance of agreement to self. Suit for grant of decree of Permanent Injunction as prayed for

Publication Issued To:
Suman W/o Vinod Kumar
R/o H.No. 121, Sodal Nagar, Jalandhar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 24-02-2026 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-9 Jalandhar
Dated, this day of 07-02-2026

## COURT NOTICE

(U/o 5 Rule 20 CPC)
(Under Guardian And Ward Act)
In The Court of
Sh. Vineet Kumar Narang
Additional Principal Judge Family Court-1, Jalandhar
CNR No. PBJL01-015288-2025
Next Date:-26-02-2026
Sahil Chhabra
son of Raj Kumar Chhabra, resident of MIG-406, Flat Improvement Trust, Guru Arjan Dev Nagar, Kartarpur, District Jalandhar
Vs.
1. Gouri Chhabra
wife of Sh. Sahil Chhabra daughter of Narayan Kumar Takkar, R/o H.No. 39, Street No.1, New Guru Nanak Nagar, Mundian Kalan, Jamalpur, Ludhiana
2. General Public

Notice To : General Public
General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 26-02-2026 at 10:00 a.m.

For details logon to https://highcourtchd.gov.in/?mod=district_notice&district=Jalandhar

Additional Principal Judge Family Court-I Jalandhar
Dated, this day of 10-02-2026

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਗੁਰਪ੍ਰੀਤ ਕੁਮਾਰ ਨਾਇਬ ਤਹਿਸੀਲਦਾਰ-ਕਮ- ਸਹਾਇਕ ਕੁਲੈਕਟਰ ਦਰਜਾ ਦੋਮ, ਗੁਰਦਾਸਪੁਰ।
ਮੁਕੱਦਮਾ ਨੰਬਰ:- 6.ਐਨ.ਟੀ., ਮਿਤੀ ਰਜੂਆ 19.09.2025
ਕਿਸਮ ਕੇਸ :- ਸਿਹਤ ਗਿਰਦਾਵਰੀ ਪੇਸ਼ੀ ਮਿਤੀ :- 10.03.2026
ਰਕਬਾ ਵਾਕਿਆ ਪਿੰਡ :- ਥਾਨੇਵਾਲ/354
ਅਨੁਵਾਨ ਕੇਸ : - 1. ਗੁਰਮੀਤ ਸਿੰਘ, 2. ਗੁਰਦੀਪ ਸਿੰਘ ਪੁੱਤਰਾਨ ਅਜੀਤ ਸਿੰਘ ਵਾਸੀਆਨ ਪਿੰਡ ਘੁਰਾਲਾ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ। (ਦਰਖਾਸਤਕਰਤੇ)
ਬਨਾਮ
8. ਗੁਰਵਿੰਦਰ ਸਿੰਘ ਪੁੱਤਰ ਚਰਨ ਸਿੰਘ 9 ਦਾ ਵਾਰਸ (i) ਪਿਆਰਾ ਸਿੰਘ ਪੁੱਤਰ ਕਿਸਨ ਸਿੰਘ, ਗੁਰਮੀਤ ਸਿੰਘ ਪੁੱਤਰ ਕਿਸਨ ਸਿੰਘ 10. ਬਿਸ਼ਨ ਸਿੰਘ ਪੁੱਤਰ ਸਾਈਂ, 11 ਦਾ (i) ਜਤਿੰਦਰ ਸਿੰਘ ਪੁੱਤਰ ਦੂਨੀ (ii) ਸੁਰਜੀਤ ਸਿੰਘ ਮ੍ਰਿਤਕ ਦਾ ਵਾਰਸ (a) ਸੁਰਿੰਦਰ ਕੌਰ (iii) ਗੁਰਨਾਮ ਸਿੰਘ ਮ੍ਰਿਤਕ ਦੇ ਵਾਰਸ (a) ਮਨਜੀਤ ਸਿੰਘ, (b) ਸੁਖਜਿੰਦਰ ਸਿੰਘ, 13 ਚਮਨ ਲਾਲ ਪੁੱਤਰ ਤਾਰੂ, 14. ਬੀਰ ਸਿੰਘ ਪੁੱਤਰ ਤਾਰੂ 15. ਚੂਨੀ ਲਾਲ ਪੁੱਤਰ ਸੰਕਰ ਮ੍ਰਿਤਕ ਦਾ ਵਾਰਸ (i) ਮਨਜੀਤ ਸਿੰਘ (ii) ਸੁਲੱਖਣ ਸਿੰਘ (iv) ਦਰਸ਼ਨ ਸਿੰਘ, 16. ਕਰਨੈਲ ਸਿੰਘ ਮ੍ਰਿਤਕ ਦਾ ਵਾਰਸ (i) ਹਰਦੇਵ ਸਿੰਘ 17. ਬਾਬੂ ਰਾਮ ਮ੍ਰਿਤਕ ਦਾ ਵਾਰਸ (ii), 26. ਗੁਰਮੁੱਖ ਸਿੰਘ ਪੁੱਤਰ ਕਪੂਰ ਸਿੰਘ, 27. ਸੁਰਿੰਦਰ ਸਿੰਘ ਪੁੱਤਰ ਕਪੂਰ ਸਿੰਘ, 34. ਸਿੰਗਾਰਾ ਸਿੰਘ ਪੁੱਤਰ ਦੇਵਾ ਸਿੰਘ, 39. ਕੁਲਜੀਤ ਸਿੰਘ ਪੁੱਤਰ ਦਲੀਪ ਸਿੰਘ, ਸਾਰੇ ਵਾਸੀਆਨ ਪਿੰਡ ਕੋਠੇ ਘੁਰਾਲਾ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ। (ਉੱਤਰਦਾਤੇ)

ਉਪਰੋਕਤ ਅਨੁਵਾਨ ਕੇਸ ਵਿੱਚ ਖੇਵਟ ਨੰਬਰ 1/1 ਖਤੌਨੀ 10 ਕੁੱਲ ਰਕਬਾ 6 ਕਨਾਲਾਂ 3 ਮਰਲੇ ਰਕਬਾ ਵਾਕਿਆ ਪਿੰਡ ਥਾਨੇਵਾਲ ਹੱਦਬਸਤ ਨੰਬਰ 354 ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਦਾ ਸਿਹਤ ਗਿਰਦਾਵਰੀ ਕੇਸ ਨਿਮਨਹਸਤਾਖਰੀ ਦੇ ਅਦਾਲਤ ਵਿੱਚ ਚੱਲ ਰਿਹਾ ਹੈ ਅਤੇ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਉੱਤਰਦਾਤਿਆਂ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 10.03.2026 ਨੂੰ ਸਵੇਰੇ 10.00 ਵਜੇ ਤਾਰੀਖ ਪੇਸ਼ੀ ਨਿਯਤ ਕਰਕੇ ਇਸ ਨੋਟਿਸ ਅਖਬਾਰ ਇਸ਼ਤਿਹਾਰ ਰਾਹੀਂ ਉਪਰੋਕਤ ਉੱਤਰਦਾਤਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਾਰੀਖ ਉੱਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਇਆ ਜਾਵੇ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਅਖਬਾਰ ਇਸ਼ਤਿਹਾਰ ਮਿਤੀ 06.02.2026 ਨੂੰ ਜਾਰੀ ਕੀਤਾ ਗਿਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਦੋਮ, ਗੁਰਦਾਸਪੁਰ

## COURT NOTICE

(U/o 5 Rule 20 CPC)
In the Court of
Sh. Harbans Singh Lekhi
Principal Judge, Family Court, Hoshiarpur
CNR No. PBHO01-004075-2025
Next Date: 13-03-2026
Anita
D/o Rajpal R/o Village Nijjran, P.S. Kala Sangha, District Kapurthala, At present R/o Village Nasrala, P.S. Bullowal, Teh. And Distt. Hoshiarpur.
Vs.
Sanjiv Kumar
S/o Banvari Lal, R/o Village Nijjran, P.S. Kala Sangha, District Kapurthala.

Petition u/s 13 (1) (ia) & (ib) of the Hindu Marriage Act for dissolution of marriage by passing decree of divorce on the ground of cruelty and desertion.

Publication Issued To:
Sanjiv Kumar
Father : Banvari Lal R/o Village Nijjran, P.S. Kala Sangha, Distt. Kapurthala.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-03-2026 at 10:00 a.m.

For details logon to https://highcourtchd.gov.in/?trs=district_notice&district=Hoshiarpur

Principal Judge, Family Court Hoshiarpur
Dated, this day of 06-02-2026

## COURT NOTICE

(U/o 5 Rule 20 CPC)
(Under Guardian And Ward Act)
In The Court of
Ms. Reeta Hans
Additional Civil Judge (Senior Division), Sangrur
CNR No. PBSG02-001594-2025
Next Date:- 09-03-2026
Paramjit Kaur
Vs.
General Public

Notice To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 09-03-2026 at 10:00 a.m.

For details logon to https://highcourtchd.gov.in/?mod=district_notice&district=Sangrur

Additional Civil Judge (Senior Division) Sangrur
Dated, this day of 09-02-2026

## IN THE COURT OF MS. UPINDERJEET KAUR BRAR, PCS, ASSISTANT COLLECTOR GRADE-1-CUM-SUB DIVISIONAL MAGISTRATE, JAGRAON.

Subject: Case Khangi Mutation No. 5477, Village Bodalwala.

Whereas, the Court of undersigned is satisfied that respondent could not be served via normal means of communication. That through this newspaper notice, the Party No.1. Sarabjit Kaur, 2. Rajvir Kaur, 3. Veerpal Singh and 5. Karamjit Kaur is directed to appear in the court of undersigned on Dated- 23/02/2026 (in person or through counsel). Otherwise Ex-partie proceedings shall be initiated and case will be decided on the basis of merit.

This newspaper notice was issued under my Signatures and official seal of the Court.

Assistant Collector Grade-1-cum- Sub Divisional Magistrate, Jagraon

NO: 238/PB Dated: 6/2/2026.

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

**ਨਿਵਿਦਾ ਨੰਬਰ:** 232-2025-26-ADEN-I-ASR **ਤਾਰੀਕ:** 09.02.2026. ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ **02.03.2026** ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 07.02.2026 | 16.02.2026 | 02.03.2026 15:00 ਵਜੇ |

**ਲੜੀ ਨੰਬਰ:1** **ਨਿਵਿਦਾ ਨੰਬਰ :** 232-2025-26-ADEN-I-ASR

**ਨਿਵਿਦਾ ਦਾ ਵੇਰਵਾ:** ਸਹਾਇਕ ਮੰਡਲ ਇੰਜੀਨੀਅਰ-ਫਸਟ ਅੰਮ੍ਰਿਤਸਰ ਦੇ ਤਹਿਤ SSE/W/BL/ASR ਦੇ ਸੇਕਸ਼ਨ ਵਿਚ VKA-BAT ਅਤੇ BAT-QDN ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਲਈ ਸਲਾਨਾ ਜੋਨ ਦਾ ਕੰਮ। (2025-2026)

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 7999994.75 | 160000.00 | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ :"ਟ੍ਰੈਕ ਉਸਾਰੀ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 454/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਟੈਂਡਰ ਸੂਚਨਾ ਨੰ: 433-ਸਿਗ-ਟੀ-76-25-26 ਬੰਦ ਹੋਣ ਦੀ ਮਿਤੀ/ਸਮਾਂ: ਨੂੰ
ਮਿਤੀ : 09.02.2026 02.03.2026, 15:00 ਵਜੇ

ਸੀਨੀਅਰ ਡਵੀਜਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: **433-ਸਿਗ-ਟੀ-76-25-26** ਈ-ਟੈਂਡਰਿੰਗ ਦੁਆਰਾ ਤੋਂ ਮਿਤੀ **02.03.2026 15.00** ਵਜੇ ਤਕ https://www.ireps.gov.in ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ । ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ । ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਂਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ ।
ਐਨ । ਆਈ । ਟੀ

| | | | |
|---|---|---|---|
| ਕੰਮ ਦਾ ਨਾਮ | (i) ਫ਼ਿਰੋਜ਼ਪੁਰ ਡਵੀਜਨ ਵਿਚ B ਅਤੇ D ਰੂਟ ਉਤੇ ਪੁਰਾਨੀ / ਖਰਾਬ ਹੋ ਚੁਕੀ ਇਲੇਕਿਟ੍ਰਕਲੀ ਆਪਰੇਟੇਡ ਲਿਫਿਟਿੰਗ ਬੈਰਿਯਰ ਨੂੰ ਬਦਲਨ ਦਾ ਕੰਮ । (ii) ਇਲੇਕਿਟ੍ਰਕਲ ਲੋਕੋ ਸ਼ੇਡ/ਲੁਧਿਆਨਾ ਵਿਚ ਹੋਮਿੰਗ ਕੈਪੇਸਿਟੀ ਨੂੰ 200 ਤੋਂ ਵਧਾਕੇ 300 ਲੋਕੋਮੋਟਿਵ ਕਰਨ ਦੇ ਸਬੰਧ ਵਿਚ ਟੇਲੀਕਾਮ ਦਾ ਕੰਮ । | | |
| ਟੈਂਡਰ ਬੰਦ ਕਰਨ ਦੀ ਮਿਤੀ ਸਮਾਂ | (i) 02.03.2026, 15:00 (ii) 06.03.2026, 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 09.02.2026, 17:45 |
| ਅਨੁਮਾਨਿਤ ਕੀਮਤ (ਰੁ:) | (i) 3,13,41,852.58 (ii) 96,00,830.51 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | (i) 16.02.2026 (ii) 20.02.2026 |
| ਬਿਆਨਾ ਰਾਸ਼ੀ (ਰੁ:) | (i) 3,06,700.00 (ii) 1,92,000.00 | ਕੰਮ ਪੂਰਾ ਕਰਨ ਦਾ ਸਮਾਂ | (i) 6 ਮਹੀਨੇ (ii) 6 ਮਹੀਨੇ |

ਨੋਟ : ਟੈਂਡਰਕਰਤਾ ਨਿਯਮਿਤ ਰੂਪ ਤੋਂ ਵੈਂਬਸਾਈਟ ਦੇ ਸੰਪਰਕ ਵਿਚ ਰਹਿਕੇ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੇ ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 451/2026

## AXIS BANK LTD.

ਰਿਟੇਲ ਐਸੇਟ ਸੈਂਟਰ : ਐੱਸ ਸੀ ਓ-390, ਸੈਕਟਰ-20, ਦੂਸਰੀ ਮੰਜ਼ਲ, ਪੰਚਕੂਲਾ, ਹਰਿਆਣਾ-134117

ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025,
ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫ਼ਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ 1. ਪਾਰਵਤੀ ਬੋਰਡ ਐਂਡ ਪੇਪਰ ਮਿੱਲਜ਼ ਰਾਹੀਂ ਇਸ ਦੇ ਭਾਈਵਾਲ 1) ਰਮਣੀਕ ਸਿੰਘ ਪੁੱਤਰ ਰਮਰੀਕ ਸਿੰਘ ਸਿੰਘ 2) ਅਵਤਾਰ ਕੌਰ 3) ਹਰਪ੍ਰਨਾਮ ਸਿੰਘ 4) ਹਰਮਿੰਦਰ ਸਿੰਘ ਤੋਂ ਸਕਿਉਰਡ ਕ੍ਰੈਡਿਟਰ ਦੀ 31 ਦਸੰਬਰ 2020 ਨੂੰ ਬਕਾਇਆ ਰਕਮ ਰੁਪਏ 5,31,63,522/- (ਪੰਜ ਕਰੋੜ ਇਕੱਤੀ ਲੱਖ ਤਰੇਂਹਠ ਹਜ਼ਾਰ ਪੰਜ ਸੌ ਬਾਈ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਆਧਾਰ 'ਤੇ 27 ਫਰਵਰੀ 2026 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 3,20,00,000/- (ਤਿੰਨ ਕਰੋੜ ਵੀਹ ਲੱਖ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 32,00,000/- (ਬੱਤੀ ਲੱਖ ਰੁਪਏ ਕੇਵਲ) ਡੀ ਡੀ/ਪੀ ਓ ਰਾਹੀਂ ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ ਪੰਚਕੂਲਾ ਵਿਖੇ ਅਦਾਇਗੀਯੋਗ । |
| ਬੋਲੀ ਵਾਧਾ ਰਕਮ | 50,000/- (ਪੰਜਾਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ, ਐੱਸ ਸੀ ਓ-390, ਸੈਕਟਰ-20, ਦੂਜੀ ਮੰਜ਼ਲ, ਪੰਚਕੂਲਾ, ਹਰਿਆਣਾ-134117 ਵਿਖੇ 26 ਫਰਵਰੀ 2026 ਨੂੰ 05.00 ਵਜੇ ਸ਼ਾਮ ਤੱਕ। |
| ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 27 ਫਰਵਰੀ 2026 ਨੂੰ ਸਵੇਰੇ 10.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ ਜਾਇਦਾਦ ਦਾ ਵੇਰਵਾ : ਅਚੱਲ ਲੀਜ਼ ਹੋਲਡ ਜਾਇਦਾਦ ਦਾ ਉਚਿਤ ਗਿਰਵੀਨਾਮਾ ਨੰ. 22, ਰਕਬਾ 2612 ਵਰਗ ਗਜ਼ ਫੋਕਲ ਪੁਆਇੰਟ ਵਿਖੇ ਸਥਿਤ, ਅੰਮ੍ਰਿਤਸਰ ਵਿਖੇ ਪਾਰਵਤੀ ਬੋਰਡ ਅਤੇ ਪੇਪਰ ਮਿੱਲਜ਼ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਪਲਾਟ ਨੰ. 21, ਪੱਛਮ : ਪਲਾਟ ਨੰ. 23, ਉੱਤਰ : ਗੁਆਂਢੀ ਦਾ ਪਲਾਟ, ਦੱਖਣ : ਸੜਕ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੁਮਿਤ ਕੁਮਾਰ (ਮੋਬਾਇਲ ਨੰ. 9646223355) ਡਿਸਪੋਜ਼ਲ ਅਫਸਰ ਅਤੇ ਪ੍ਰਵੀਨ ਕੁਮਾਰ ਯਾਦਵ (ਮੋਬਾਇਲ ਨੰ. 9914220078) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 11 ਫਰਵਰੀ 2026, ਸਥਾਨ : ਅੰਮ੍ਰਿਤਸਰ ਸਹੀ/-, (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

11 Feb Page 8.qxd 2/10/2026 8:27 PM Page 1



## ਹੈਰੋਇਨ ਸਮੇਤ ਕਾਬੂ

**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਥਾਣਾ ਰਾਹੋਂ ਦੀ ਪੁਲਸ ਵੱਲੋਂ ਇਕ ਵਿਅਕਤੀ ਨੂੰ ਹੈਰੋਇਨ ਸਮੇਤ ਕਾਬੂ ਕੀਤਾ ਗਿਆ । ਦਰਜ ਮਾਮਲੇ ਅਨੁਸਾਰ ਹੈੱਡ ਕਾਂਸਟੇਬਲ ਹਰਪ੍ਰੀਤ ਸਿੰਘ ਸਮੇਤ ਪੁਲਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸੰਬੰਧੀ ਗਸ਼ਤ ਦੌਰਾਨ ਨਹਿਰ ਜੀ ਟੀ ਰੋਡ ਤੋਂ ਪਿੰਡ ਘੁੱਕੇਵਾਲ ਹੁੰਦੇ ਹੋਏ ਰੇਲਵੇ ਲਾਈਨ ਦੇ ਨਾਲ-ਨਾਲ ਰੇਲਵੇ ਸਟੇਸ਼ਨ ਰਾਹੋਂ ਵੱਲ ਨੂੰ ਜਾ ਰਹੇ ਸਨ ਤਾਂ ਉਨ੍ਹਾਂ ਨੇ ਸਾਹਮਣੇ ਤੋਂ ਇਕ ਨੌਜਵਾਨ ਨੂੰ ਆਉਂਦੇ ਦੇਖਿਆ ਜਿਹੜਾ ਪੁਲਸ ਦੀ ਗੱਡੀ ਨੂੰ ਦੇਖ ਕੇ ਘਬਰਾ ਗਿਆ ਅਤੇ ਆਪਣੀ ਪੈਂਟ ਦੀ ਜੇਬ ਵਿਚੋਂ ਕੋਈ ਚੀਜ਼ ਕੱਢ ਕੇ ਸੜਕ ਕਿਨਾਰੇ ਸੁੱਟ ਦਿੱਤੀ। ਆਪ ਕਮਾਦ ਦੇ ਖੇਤ ਵੱਲ ਨੂੰ ਖਿਸਕਣ ਦੀ ਕੋਸ਼ਿਸ਼ ਕੀਤੀ ਪਰ ਪੁਲਸ ਪਾਰਟੀ ਨੇ ਉਸ ਨੂੰ ਕਾਬੂ ਕਰ ਲਿਆ। ਪੁਲਿਸ ਵੱਲੋਂ ਕਾਬੂ ਕੀਤੇ ਗਏ ਕਥਿਤ ਮੁਲਜ਼ਮ ਕੁਲਵਿੰਦਰ ਕੁਮਾਰ ਉਰਫ਼ ਘੁੱਗੀ ਖਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਗਈ ।

## ਮਜੀਠੀਆ ਦੇ ਫਗਵਾੜਾ ਪੁੱਜਣ 'ਤੇ ਖੁਰਾਣਾ-ਚੰਦੀ ਦੀ ਅਗਵਾਈ 'ਚ ਹੋਇਆ ਭਰਵਾਂ ਸਵਾਗਤ



**ਫਗਵਾੜਾ (ਡਾ. ਰਮਨ)**- ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਦਾਲਤ ਤੋਂ ਜ਼ਮਾਨਤ ਮਿਲਣ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਨਤਮਸਤਕ ਹੋਣ ਜਾਂਦੇ ਸਮੇਂ ਫਗਵਾੜਾ ਬਾਈਪਾਸ ਰੋਡ 'ਤੇ ਪਾਰਟੀ ਵਰਕਰਾਂ ਦੇ ਰੂ-ਬ-ਰੂ ਹੋਏ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਹਲਕਾ ਫਗਵਾੜਾ ਸ਼ਹਿਰੀ ਇੰਚਾਰਜ ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਹਲਕਾ ਇੰਚਾਰਜ ਰਾਜਿੰਦਰ ਸਿੰਘ ਚੰਦੀ ਦੀ ਅਗਵਾਈ ਹੇਠ ਸਮੂਹ ਅਕਾਲੀ ਆਗੂਆਂ ਅਤੇ ਵਰਕਰਾਂ ਨੇ ਬੋਲੇ ਸੋ ਨਿਹਾਲ ਅਤੇ ਸ਼੍ਰੋਮਣੀ ਅਕਾਲੀ ਦਲ ਜ਼ਿੰਦਾਬਾਦ ਦੇ ਅਕਾਸ਼ ਗੁੰਜਾਊ ਜੈਕਾਰੇ ਤੇ ਨਾਅਰੇ ਲਗਾ ਕੇ ਮਜੀਠੀਆ ਦਾ ਫੁੱਲਾਂ ਦੇ ਹਾਰ ਪਾ ਕੇ ਜ਼ੋਰਦਾਰ ਸਵਾਗਤ ਕੀਤਾ। ਸਵਾਗਤ ਕਰਨ ਵਾਲਿਆਂ ਵਿੱਚ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਸਰਦਾਰ ਜਰਨੈਲ ਸਿੰਘ ਵਾਹਦ ਵੀ ਉਚੇਰੇ ਤੌਰ 'ਤੇ ਮੌਜੂਦ ਰਹੇ। ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਬਿਕਰਮ ਮਜੀਠੀਆ ਨੇ ਕਿਹਾ ਕਿ ਪਾਰਟੀ ਵਰਕਰਾਂ ਦੀਆਂ ਦੁਆਵਾਂ ਅਤੇ ਪਰਮਾਤਮਾ ਦੀ ਮਿਹਰ ਸਦਕਾ ਉਹਨਾਂ ਨੂੰ ਜ਼ਮਾਨਤ ਮਿਲੀ ਹੈ। ਉਹਨਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਪ੍ਰਤੀ ਹਮਲਾਵਰ ਹੁੰਦਿਆਂ ਕਿਹਾ ਕਿ ਸਰਕਾਰ ਦੀ ਹੱਥਠੋਕਾ ਬਣੇ ਪੁਲਸ ਅਤੇ ਜੇਲ੍ਹ ਪ੍ਰਸ਼ਾਸਨ ਨੇ ਉਹਨਾਂ ਨੂੰ ਦਿਮਾਗੀ ਤੌਰ 'ਤੇ ਪਰੇਸ਼ਾਨ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਇੱਥੋਂ ਤੱਕ ਕੇ ਪਰਵਾਰ ਨੂੰ ਵੀ ਮਿਲਣ ਤੋਂ ਰੋਕਿਆ ਜਾਂਦਾ ਸੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਜਨਤਾ ਨੂੰ ਇਹ ਕਹਿ ਕੇ ਗੁਮਰਾਹ ਕੀਤਾ ਕਿ ਮੈਨੂੰ ਨਸ਼ੇ ਦੇ ਕੇਸ ਵਿੱਚ ਗ੍ਰਿਫਤਾਰ ਕੀਤਾ ਹੈ, ਜਦਕਿ ਐਫ.ਆਈ.ਆਰ. ਵਿੱਚ ਕਿਸੇ ਨਸ਼ੇ ਦਾ ਕੋਈ ਜ਼ਿਕਰ ਨਹੀਂ ਬਲਕਿ ਆਮਦਨ ਤੋਂ ਵੱਧ ਜਾਇਦਾਦ ਦਾ ਝੂਠਾ ਕੇਸ ਪਾਇਆ ਗਿਆ ਸੀ। ਮਜੀਠੀਆ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਜਿੰਨੇ ਮਰਜ਼ੀ ਝੂਠੇ ਕੇਸ ਪਾ ਲਵੇ ਪਰ ਉਹਨਾਂ ਦੀ ਆਵਾਜ਼ ਨੂੰ ਦਬਾਅ ਨਹੀਂ ਸਕੇਗੀ।ਮਜੀਠੀਆ ਨੇ ਆਮ ਆਦਮੀ ਪਾਰਟੀ ਸਰਕਾਰ ਉੱਪਰ ਸਰਕਾਰੀ ਜਾਇਦਾਦਾਂ ਨੂੰ ਵੇਚਣ ਅਤੇ ਵੱਡੇ ਘੋਟਾਲੇ ਕਰਨ ਦਾ ਦੋਸ਼ ਵੀ ਲਗਾਇਆ ਅਤੇ ਕਿਹਾ ਕਿ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਭਗਵੰਤ ਮਾਨ ਅਤੇ ਆਪ ਪਾਰਟੀ ਤੋਂ ਸਾਰਾ ਹਿਸਾਬ ਵਸੂਲ ਕੀਤਾ ਜਾਵੇਗਾ।ਇਸ ਮੌਕੇ ਵੱਡੀ ਗਿਣਤੀ 'ਚ ਸ਼੍ਰੋਮਣੀ ਅਕਾਲੀ ਦਲ (ਬ) ਦੇ ਵਰਕਰ ਅਤੇ ਸਮਰਥਕ ਹਾਜ਼ਰ ਸਨ।

## ਪਬਲਿਕ-ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ ਤਹਿਤ ਇੰਟਰਨਸ ਦੀ ਕਾਰਗੁਜ਼ਾਰੀ ਦੀ ਸਮੀਖਿਆ

**ਜਲੰਧਰ (ਸੁਰਿੰਦਰ ਕੁਮਾਰ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹੇ ਵਿੱਚ ਚੱਲ ਰਹੇ ਪਬਲਿਕ-ਪਾਲਿਸੀ ਇੰਟਰਨਸ਼ਿਪ ਪ੍ਰੋਗਰਾਮ ਤਹਿਤ ਵੱਖ-ਵੱਖ ਵਿਭਾਗਾਂ ਵਿੱਚ ਬਤੌਰ ਇੰਟਰਨ ਸ਼ਾਮਲ ਕੀਤੇ ਗਏ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕੀਤੀ ਗਈ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਸ ਸਬੰਧੀ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਇੰਟਰਨਸ ਨਾਲ ਰੂ-ਬਰੂ ਗੱਲਬਾਤ ਕਰਦਿਆਂ ਉਨ੍ਹਾਂ ਵੱਲੋਂ ਵੱਖ-ਵੱਖ ਵਿਭਾਗਾਂ ਵਿੱਚ ਹਾਸਲ ਕੀਤੇ ਤਜਰਬਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਇੰਟਰਨਸ ਵੱਲੋਂ ਪੇਸ਼ ਕੀਤੇ ਗਏ ਪ੍ਰਾਜੈਕਟਾਂ ਦਾ ਜਾਇਜ਼ਾ ਵੀ ਲਿਆ। ਡਾ. ਅਗਰਵਾਲ ਨੇ ਅਧਿਕਾਰੀਆਂ ਨੂੰ ਇੰਟਰਨਸ਼ਿਪ ਦੌਰਾਨ ਇਨ੍ਹਾਂ ਵਿਦਿਆਰਥੀਆਂ ਨੂੰ ਸਰਕਾਰੀ ਵਿਭਾਗਾਂ ਦੀਆਂ ਆਫ਼ਲਾਈਨ ਤੇ ਆਨਲਾਈਨ ਮੀਟਿੰਗਾਂ ਵਿੱਚ ਸ਼ਾਮਲ ਕਰਨ ਲਈ ਵੀ ਕਿਹਾ ਤਾਂ ਜੋ ਉਹ ਵਿਭਾਗਾਂ ਦੀ ਕਾਰਜਸ਼ੈਲੀ ਨੂੰ ਨੇੜਿਓਂ ਦੇਖ ਤੇ ਸਮਝ ਸਕਣ ਅਤੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਆਪਣੇ ਸੁਝਾਅ ਦੇ ਸਕਣ।

## ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ 13 ਨੂੰ ਮਨਾਏ ਜਾਣਗੇ

**ਹੁਸ਼ਿਆਰਪੁਰ (ਓ ਪੀ ਰਾਣਾ)**- ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ 13 ਫਰਵਰੀ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਏ ਜਾਣਗੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ ਤੇ ਜਨਰਲ ਸਕੱਤਰ ਸੰਤ ਇੰਦਰ ਦਾਸ ਸੇਖੇ ਨੇ ਦੱਸਿਆ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ 13 ਫਰਵਰੀ ਸ਼ੁਕਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸੁਸਾਇਟੀ ਵੱਲੋਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਪੂਰਵਕ ਮਨਾਏ ਜਾਣਗੇ। ਉਨਾਂ ਦੱਸਿਆ ਕਿ 11 ਫਰਵਰੀ ਨੂੰ ਸ੍ਰੀ ਆਖੰਡ ਪਾਠ ਆਰੰਭ ਹੋਣਗੇ ਤੇ 13 ਫਰਵਰੀ ਨੂੰ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ ਅਤੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਮੌਕੇ ਸੰਤ ਸਰਵਣ ਦਾਸ ਬੋਹਣ ਚੇਅਰਮੈਨ, ਸੰਤ ਪਰਮਜੀਤ ਦਾਸ ਕੈਸ਼ੀਅਰ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਬਲਵੰਤ ਸਿੰਘ ਡਿੰਗਰੀਆਂ ਮੀਤ ਪ੍ਰਧਾਨ, ਸੰਤ ਰਮੇਸ਼ ਦਾਸ ਸ਼ੇਰਪੁਰ ਢਕੌਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਸੰਤ ਧਰਮਪਾਲ ਸ਼ੇਰਗੜ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ,ਸੰਤ ਮਨਜੀਤ ਦਾਸ ਵਿਛੋਹੀ, ਬਾਬਾ ਬਲਕਾਰ ਸਿੰਘ ਵਡਾਲਾ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਮਨੋਹਰ ਦਾਸ,ਸੰਤ ਗੁਰਮੀਤ।ਦਾਸ,ਸੰਤ ਪ੍ਰਮੇਸ਼ਵਰੀ ਦਾਸ ਸੇਖੈ, ਭੈਣ ਸੰਤੋਸ਼ ਕੁਮਾਰੀ,ਸੰਤ ਬੀਬੀ ਕਮਲੇਸ਼ ਕੌਰ ਨਾਹਲਾਂ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜਰ ਸਨ।



## ਬਲਾਚੌਰ ਪਹੁੰਚਣ 'ਤੇ ਮਜੀਠੀਆਂ ਦਾ ਨਿੱਘਾ ਸਵਾਗਤ

### ਪੰਜਾਬ 'ਚ ਲਾਅ ਐਂਡ ਆਰਡਰ ਦੀ ਸਥਿਤੀ ਬੇਹੱਦ ਗੰਭੀਰ ਤੇ ਚਿੰਤਾਜਨਕ

**ਬਲਾਚੌਰ (ਜਸਵਿੰਦਰ ਬੈਂਸ)**- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਬਲਾਚੌਰ ਪਹੁੰਚਣ ਤੇ ਵਰਕਰਾਂ ਤੇ ਸਮਰਥਕਾਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਤੇ ਲੱਡੂਆਂ ਨਾਲ ਤੋਲਿਆ। ਇਸ ਮੌਕੇ ਮਜੀਠੀਆ ਨਾਲ ਸਾਬਕਾ ਸਿੱਖਿਆ ਮੰਤਰੀ ਡਾ ਦਲਜੀਤ ਸਿੰਘ ਚੀਮਾ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਵੀ ਉਚੇਚੇ ਤੌਰ 'ਤੇ ਹਾਜ਼ਰ ਸੀ।ਇਸ ਮੌਕੇ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਦੀ ਕਾਨੂੰਨ ਵਿਵਸਥਾ ਤੇ ਗੰਭੀਰ ਚਿੰਤਾਂ ਜਾਹਰ ਕਰਦਿਆ ਸੀਨੀਅਰ ਆਗੂ ਸਰਹਦੀ ਰਾਜ ਹੋਣ ਹੋਣ ਦੇ ਬਾਵਜੂਦ ਪੰਜਾਬ ਵਿੱਚ ਲਾ ਐਂਡ ਆਰਡਰ ਦੀ ਸਥਿਤੀ ਬੇਹੱਦ ਚਿੰਤਾਜਨਕ ਬਣੀ ਹੋਈ ਹੈ। ਉਨ੍ਹਾਂ ਦੋ ਟੂੱਕ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਦੇ ਲੋਕ ਅਤੇ ਨੌਜਵਾਨ ਹੀ ਸੂਬੇ ਦਾ ਭਵਿੱਖ ਤੈਅ ਕਰਨਗੇ। ਇਸ ਮੌਕੇ ਸਾਬਕਾ ਵਿਧਾਇਕ ਸਵਰਗਵਾਸੀ ਚੌਧਰੀ ਨੰਦ ਲਾਲ ਦੇ ਪੋਤਰੇ ਰਮਨ ਨੰਦ ਲਾਲ ਤੇ ਸਮੂਹ ਅਕਾਲੀ ਵਰਕਰਾਂ ਤੇ ਸਮਰਥਕਾਂ ਵੱਲੋਂ ਬਿਕਰਮ ਸਿੰਘ ਮਜੀਠੀਆ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਲੱਡੂਆਂ ਨਾਲ ਤੋਲਿਆ ਅਤੇ ਸਭਨਾਂ ਦਾ ਮੂੰਹ ਮਿੱਠਾ ਕਰਾਇਆ।ਇਸ ਮੌਕੇ ਸਾਬਕਾ ਚੇਅਰਮੈਨ ਅਸ਼ੋਕ ਚੌਧਰੀ ਕਰੀਮਪੁਰ ਧਿਆਨੀ, ਚੇਤਨ ਚੌਧਰੀ, ਯਾਦਵਿੰਦਰ ਯਾਦੀ ਚੌਧਰੀ, ਚੌਧਰੀ ਗੁਰਨਾਮ ਸਿੰਘ ਜੋਗੇਵਾਲ ਸਪੁੱਤਰ ਚੌਧਰੀ ਰਾਮ ਧੰਨ ਸਾਬਕਾ ਚੇਅਰਮੈਨ ਬਲਾਕ ਸੰਮਤੀ, ਚਰਨਜੀਤ ਬਿੱਟੂ ਆਦੋਆਣਾ, ਸਤਨਾਮ ਸਿੰਘ ਰਵੀ ਬਾਗੋਵਾਲ, ਜੋਗਿੰਦਰ ਸਿੰਘ ਅਟਵਾਲ, ਸਤਨਾਮ ਸਿੰਘ ਸਹੂੰਗੜਾ, ਗੁਰਦੀਪ ਸਿੰਘ ਬੱਕਾਪੁਰ, ਬਹਾਦਰ ਸਿੰਘ ਬੱਬੂ, ਸ਼ੰਮੀ ਜਲਾਲਪੁਰ, ਅਸ਼ੋਕ ਨਾਨੋਵਾਲ, ਹਜ਼ੂਰਾ ਸਿੰਘ ਪੈਲੀ, ਗੁਰਬਖਸ਼ ਸਿੰਘ ਨਿਆਣਾ ਬੇਟ ਤੇ ਹੋਰ ਹਾਜ਼ਰ ਸਨ।



## ਲਤੀਫ਼ਪੁਰਾ 'ਚ ਕਾਰਵਾਈ ਦੇ ਵਿਰੋਧ 'ਚ ਪਾਣੀ ਦੀ ਟੈਂਕੀ 'ਤੇ ਚੜ੍ਹੇ ਲੋਕ, ਇੱਕ ਮਹਿਲਾ ਹੋਈ ਬੇਹੋਸ਼

**ਜਲੰਧਰ (ਸੁਰਿੰਦਰ ਕੁਮਾਰ)**- ਲਤੀਫ਼ਪੁਰਾ ਇਲਾਕੇ ਵਿੱਚ ਤਿੰਨ ਸਾਲਾਂ ਬਾਅਦ ਇੱਕ ਵਾਰ ਫਿਰ ਮਾਹੌਲ ਤਣਾਅਪੂਰਨ ਹੋ ਗਿਆ ਹੈ।ਭਾਰੀ ਪੁਲਸ ਫੋਰਸ ਇੱਥੇ ਪਹੁੰਚੀ ਤੇ ਕਬਜ਼ਾਧਾਰੀਆਂ ਨੂੰ ਹਟਾਉਣ ਦੀ ਕਾਰਵਾਈ ਸ਼ੁਰੂ ਕੀਤੀ। ਕਰੀਬ ਇੱਕ ਘੰਟਾ ਚੱਲੀ ਇਸ ਕਾਰਵਾਈ ਦੌਰਾਨ ਪੁਲਿਸ ਨੇ ਜ਼ਮੀਨ 'ਤੇ ਲੱਗੇ ਟੈਂਟ ਹਟਾ ਦਿੱਤੇ ਅਤੇ ਉੱਥੇ ਬੈਠੇ ਲੋਕਾਂ ਨੂੰ ਹਟਾ ਕੇ ਟੈਂਟ ਜ਼ਬਤ ਕਰ ਲਏ। ਉੱਥੇ ਹੀ ਲਤੀਫ਼ਪੁਰਾ ਦੇ ਵਸਨੀਕ ਇਸ ਘਟਨਾ ਦਾ ਵਿਰੋਧ ਕਰਨ ਲਈ ਪੰਜਾਬ ਮੰਡੀ ਬੋਰਡ ਦੀ ਪਾਣੀ ਦੀ ਟੈਂਕੀ 'ਤੇ ਚੜ੍ਹ ਗਏ। ਟੈਂਕੀ 'ਤੇ ਵਿਰੋਧ ਕਰਦੇ ਹੋਏ ਇੱਕ ਔਰਤ ਬੇਹੋਸ਼ ਹੋ ਗਈ। ਪਾਣੀ ਦੀ ਟੈਂਕੀ 'ਤੇ ਚੜ੍ਹਨ ਵਾਲੇ ਲੋਕਾਂ ਦੇ ਵਿਰੋਧ ਨੇ ਇੱਕ ਵਾਰ ਫਿਰ ਸਥਿਤੀ ਨੂੰ ਗਰਮਾ ਦਿੱਤਾ ਹੈ। ਲਤੀਫਪੁਰਾ ਮਾਮਲੇ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੇ ਕਬਜ਼ੇ ਹਟਾਉਣ ਲਈ ਅਦਾਲਤ ਤੋਂ 9 ਫਰਵਰੀ ਤੱਕ ਦਾ ਸਮਾਂ ਮੰਗਿਆ ਸੀ ਅਤੇ 10 ਫਰਵਰੀ ਨੂੰ ਅਦਾਲਤ ਵਿੱਚ ਆਪਣਾ ਜਵਾਬ ਦਾਇਰ ਕਰਨਾ ਸੀ। ਪ੍ਰਸ਼ਾਸਨ ਨੇ ਕਾਰਵਾਈ ਕੀਤੀ, ਜਿਸ ਨਾਲ ਵਸਨੀਕਾਂ ਨੂੰ ਲਤੀਫਪੁਰਾ ਤੋਂ ਆਪਣਾ ਸਮਾਨ ਹਟਾਉਣ ਲਈ ਕਿਹਾ ਗਿਆ। ਸਵੇਰ ਦੀ ਕਾਰਵਾਈ ਦੌਰਾਨ, 100 ਤੋਂ ਵੱਧ ਪੁਲਿਸ ਕਰਮਚਾਰੀ ਲਤੀਫਪੁਰਾ ਪਹੁੰਚੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਖਾਲੀ ਕਰਵਾਉਣ ਦੌਰਾਨ ਕੋਈ ਸਮੱਸਿਆ ਨਾ ਆਵੇ। ਪੁਲਸ ਅਤੇ ਨਗਰ ਨਿਗਮ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਬੈਰੀਕੇਡ ਲਗਾ ਕੇ ਸਾਰੇ ਰਸਤਿਆਂ ਨੂੰ ਬੰਦ ਕਰ ਦਿੱਤਾ। ਇਸ ਦੌਰਾਨ ਐਂਟਰੀ 'ਤੇ ਪਾਬੰਦੀ ਸੀ। ਕਿਸਾਨ ਆਗੂ ਗੁਰਦੀਪ ਸਿੰਘ ਨੇ ਦੱਸਿਆ ਕਿ ਪ੍ਰਸ਼ਾਸਨ ਨੇ ਹਾਈ ਕੋਰਟ ਦੇ ਹੁਕਮਾਂ 'ਤੇ ਕਾਰਵਾਈ ਕਰਦਿਆਂ ਅੱਜ ਸਵੇਰੇ 20 ਜੇਸੀਬੀ ਮਸ਼ੀਨਾਂ ਅਤੇ ਟਿੱਪਰਾਂ ਦੀ ਵਰਤੋਂ ਕਰਕੇ ਕਬਜ਼ੇ ਹਟਾ ਦਿੱਤੇ ਹਨ। ਇਸ ਦੌਰਾਨ, ਮਾਡਲ ਟਾਊਨ ਮਾਰਕੀਟ ਦੇ ਦੁਕਾਨਦਾਰਾਂ ਨੇ ਇਸ ਕਾਰਵਾਈ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ, ਇਸ ਮੁੱਦੇ ਨੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ।




## ਸਾਂਝਾ ਅਧਿਆਪਕ ਮੋਰਚਾ ਨੇ ਸੂਬਾ ਸਰਕਾਰ ਖਿਲਾਫ ਖੋਲ੍ਹਿਆ ਮੋਰਚਾ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ ਓਂਕਾਰ ਸਿੰਘ)**- ਸਾਂਝਾ ਅਧਿਆਪਕ ਮੋਰਚਾ ਪੰਜਾਬ ਨੇ ਪਦਉਨਤੀਆਂ 'ਚ ਟੈੱਟ ਪਾਸ ਕਰਨ ਦੀ ਸ਼ਰਤ ਲਾਉਣ ਅਤੇ ਸਾਰੇ ਅਧਿਆਪਕਾਂ ਤੇ ਜਬਰੀ ਟੈੱਟ ਦੀ ਸ਼ਰਤ ਲਗਾਉਣ ਖਿਲਾਫ ਮੋਰਚਾ ਖੋਲ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜੀ ਟੀ ਯੂ ਹੁਸ਼ਿਆਰਪੁਰ ਦੇ ਵਾਈਸ ਪ੍ਰਧਾਨ ਅਮਰ ਸਿੰਘ ਬਲਾਕ ਟਾਂਡਾ ਦੇ ਪ੍ਰਧਾਨ ਨਰਿੰਦਰ ਮੰਗਲ, ਸਰਬਜੀਤ ਸਿੰਘ, ਸਕੱਤਰ ਗੁਰਚਰਨ ਸਿੰਘ, ਖਜ਼ਾਨਚੀ ਦਵਿੰਦਰ ਸਿੰਘ ਤੇ ਅਧਿਆਪਕ ਜਥੇਬੰਦੀਆਂ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਸਿੱਖਿਆ ਵਿਭਾਗ ਵੱਲੋਂ ਮਿਤੀ 7 ਫਰਵਰੀ 2026 ਨੂੰ ਮਾਸਟਰ ਕਾਡਰ ਦੀਆ ਪਦਉਨਤੀਆ ਲਈ ਟੈੱਟ ਲਾਜ਼ਮੀ ਹੋਣ ਦਾ ਪੱਤਰ ਜਾਰੀ ਕਰਕੇ ਆਪਣੇ ਮਿਤੀ 14 ਸਤੰਬਰ 2017 ਨੂੰ ਟੈੱਟ ਤੋਂ ਛੋਟ ਸਬੰਧੀ ਜਾਰੀ ਪੱਤਰ ਨੂੰ ਰੱਦ ਕਰ ਦਿੱਤਾ ਹੈ ਜਿਸ ਦੇ ਵਿਰੋਧ 'ਚ ਸਾਂਝਾ ਅਧਿਆਪਕ ਮੋਰਚਾ ਨੇ ਜ਼ਿਲ੍ਹਾ ਪੱਧਰ 'ਤੇ ਨਵੇਂ ਜਾਰੀ ਕੀਤੇ ਪੱਤਰ ਦੀਆਂ ਕਾਪੀਆਂ ਸਾੜਨ ਦਾ ਸੱਦਾ ਦਿੱਤਾ ਹੈ। ਇਸ ਦੇ ਤਹਿਤ ਦੱਸਿਆ ਗਿਆ ਕਿ 11 ਫਰਵਰੀ ਨੂੰ ਮਿਨੀ ਸਕੱਤਰੇਤ ਹੁਸ਼ਿਆਰਪੁਰ ਸਾਹਮਣੇ ਠੀਕ 3:30 ਤੇ ਸਰਕਾਰ ਦੇ ਇਸ ਮਾਰੂ ਫੈਸਲੇ ਦੀਆਂ ਕਾਪੀਆਂ ਫੂਕੀਆਂ ਜਾਣਗੀਆਂ। ਇਸ ਵਿੱਚ ਜੀ ਟੀ ਯੂ ਹੁਸ਼ਿਆਰਪੁਰ ਦੇ ਵਾਈਸ ਪ੍ਰਧਾਨ ਅਮਰ ਸਿੰਘ ਬਲਾਕ ਟਾਂਡਾ ਦੇ ਪ੍ਰਧਾਨ ਨਰਿੰਦਰ ਮੰਗਲ, ਸਰਬਜੀਤ ਸਿੰਘ, ਸਕੱਤਰ ਗੁਰਚਰਨ ਸਿੰਘ ਤੇ ਖਜ਼ਾਨਚੀ ਦਵਿੰਦਰ ਸਿੰਘ ਆਦਿ ਨੇ ਕਿਹਾ ਕਿ ਸੂਬੇ ਦੇ ਅਧਿਆਪਕ 22 ਫਰਵਰੀ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕਾ ਆਨੰਦਪੁਰ ਸਾਹਿਬ 'ਚ ਵਿਸ਼ਾਲ ਮੁਜ਼ਾਹਰਾ ਕਰਕੇ ਡਟਵਾਂ ਵਿਰੋਧ ਕਰਨਗੇ।ਮੀਟਿੰਗ ਵਿੱਚ ਸੋਹਣ ਸਿੰਘ ਨੰਗਲ, ਪਰਮਜੀਤ ਸਿੰਘ, ਜਸਵਿੰਦਰ ਸਿੰਘ, ਦਲਜੀਤ ਸਿੰਘ, ਦਵਿੰਦਰਜੀਤ ਕੌਰ, ਹਰੀਸ਼, ਮੈਡਮ ਸੀਤਲ ਕੌਰ,ਮੈਡਮ ਸ਼ਾਲੂ, ਅਮਰਜੀਤ, ਮੈਡਮ ਸਤਿੰਦਰ, ਪਰਮਜੀਤ, ਮੈਡਮ ਸ਼ਕੁੰਤਲਾ, ਮੈਡਮ ਅਮਨਦੀਪ ਚੀਮਾ, ਮੀਨੂ ਮੈਡਮ ਪ੍ਰਭਜੋਤ, ਆਦਿ ਸ਼ਾਮਿਲ ਹੋਏ।



## ਐਸ ਸੀ ਕਮਿਸ਼ਨ ਵੱਲੋਂ ਐਸ ਐਸ ਪੀ ਅੰਮ੍ਰਿਤਸਰ ਤੋਂ ਰਿਪੋਰਟ ਤਲਬ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਬਾਰੇ ਕੀਤੀ ਗਈ ਟਿੱਪਣੀ ਦਾ ਸੂ-ਮੋਟੋ ਨੋਟਿਸ ਲਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਖਿਲਾਫ ਗ਼ਲਤ ਸ਼ਬਦਾਬਲੀ ਦੀ ਵਰਤੋਂ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਐਸ ਐਸ ਪੀ ਅੰਮ੍ਰਿਤਸਰ ਤੋਂ ਡੀ ਐਸ ਪੀ /ਐਸ ਪੀ ਪੱਧਰ ਦੇ ਅਧਿਕਾਰੀ ਰਾਹੀਂ 11 ਫਰਵਰੀ ਨੂੰ ਬਾਅਦ ਦੁਪਹਿਰ 3 ਵਜੇ ਰਿਪੋਰਟ ਤਲਬ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਵੀ ਇਸ ਵਾਇਰਲ ਵੀਡੀਓ ਸਬੰਧੀ ਸਪੱਸ਼ਟੀਕਰਨ ਦੇਣ ਲਈ 11 ਫਰਵਰੀ ਨੂੰ ਦੁਪਹਿਰ 3 ਵਜੇ ਤਲਬ ਕੀਤਾ ਗਿਆ ਹੈ।

## ਮੁਹੱਲਾ ਸ਼ਹੀਦ ਭਗਤ ਸਿੰਘ ਨਗਰ ਵਿਖੇ 649ਵੇਂ ਗੁਰਪੁਰਬ ਨੂੰ ਸਮਰਪਤ ਸਮਾਗਮ

**ਫਗਵਾੜਾ (ਡਾ. ਰਮਨ)**- ਸ੍ਰੀ ਗੁਰੂ ਰਵਿਦਾਸ ਮਿਸ਼ਨ ਐਂਡ ਵੈਲਫੇਅਰ ਕਮੇਟੀ (ਰਜਿ.) ਖੋਥੜਾਂ ਰੋਡ ਫਗਵਾੜਾ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮੁਹੱਲਾ ਸ਼ਹੀਦ ਭਗਤ ਸਿੰਘ ਨਗਰ ਖੋਥੜਾਂ ਰੋਡ ਫਗਵਾੜਾ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ ਗਿਆ। ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭਾਈ ਰੁਪਿੰਦਰ ਸਿੰਘ ਰੂਪ ਲੁਧਿਆਣਾ ਵਾਲੇ ਅਤੇ ਰਾਮਪਾਲ ਬੰਗਾ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਸਮਾਗਮ ਦੌਰਾਨ ਮੁੱਖ ਬੁਲਾਰੇ ਵਜੋਂ ਰੂਪ ਲਾਲ ਰੂਪ ਰਿਟਾ. ਜ਼ਿਲ੍ਹਾ ਸਿੱਖਿਆ ਅਫਸਰ ਪਹੁੰਚੇ। ਉਹਨਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ ਅਤੇ ਫਲਸਫੇ ਬਾਰੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਕਮੇਟੀ ਪ੍ਰਧਾਨ ਹਰਭਜਨ ਲਾਲ ਨੇ ਸਮੂਹ ਪਤਵੰਤਿਆਂ ਅਤੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਪਹੁੰਚਣ ਲਈ ਧੰਨਵਾਦ ਕੀਤਾ। ਇਸ ਦੌਰਾਨ ਉਹਨਾਂ ਨੇ ਉਸਾਰੀ ਅਧੀਨ ਸ੍ਰੀ ਗੁਰੂ ਰਵਿਦਾਸ ਭਵਨ ਦੀ ਉਸਾਰੀ ਵਿੱਚ ਵੱਧ ਤੋਂ ਵੱਧ ਸਹਿਯੋਗ ਲਈ ਸੰਗਤਾਂ ਨੂੰ ਅਪੀਲ ਵੀ ਕੀਤੀ। ਪ੍ਰਮੁੱਖ ਸ਼ਖਸੀਅਤਾਂ, ਸਹਿਯੋਗੀਆਂ ਅਤੇ ਸੇਵਾਦਾਰਾਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਤ ਵੀ ਕੀਤਾ ਗਿਆ। ਚਾਹ-ਪਕੌੜੇ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਮੌਕੇ ਚੇਤ ਰਾਮ, ਮਹਿੰਦਰ ਰਾਮ ਗੱਡੂ, ਦੀਦਾਰ ਸਿੰਘ, ਭੁਪਿੰਦਰ ਸਿੰਘ, ਚਰਨਜੀਤ ਸਿੰਘ, ਸੰਤੋਖ ਸੱਲ੍ਹਣ, ਅਸ਼ੋਕ ਕੁਲਥਮ, ਬਲਵੀਰ ਚੰਦ, ਮਦਨ ਲਾਲ ਸਾਬਕਾ ਕੌਂਸਲਰ, ਅਨੀਤਾ ਰਾਣੀ ਕੌਂਸਲਰ, ਗੁਰਪ੍ਰੀਤ ਕੌਰ ਜੰਡੂ ਕੌਂਸਲਰ, ਅਮਨਦੀਪ ਕੌਰ ਕੌਂਸਲਰ, ਹਰਮੇਸ਼ ਬੰਗਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



## ਡੇਰਾ ਭਰੋਮਜਾਰਾ ਤੋਂ ਸਜਾਏ ਨਗਰ ਕੀਰਤਨ ਦਾ ਨਿੱਘਾ ਸਵਾਗਤ

**ਬੰਗਾ (ਅਵਤਾਰ ਕਲੇਰ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਡੇਰਾ ਸੰਤ ਬਾਬਾ ਮੇਲਾ ਰਾਮ ਭਰੋਮਜਾਰਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆ ਦੀ ਅਗਵਾਈ ਵਿੱਚ, ਸੰਤ ਬਾਬਾ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਤੇ ਸੰਤ ਡਾ.ਲਛਮਣ ਦਾਸ ਦੀ ਸਰਪ੍ਰਸਤੀ ਵਿੱਚ ਨਗਰ ਕੀਰਤਨ ਸਜਾਇਆ ਗਿਆ। ਜਿੱਥੇ ਕੀਰਤਨੀ ਜਥਿਆ ਨੇ ਹਾਜ਼ਰੀਆਂ ਭਰੀਆ ਉਥੇ ਗੱਤਕਾ ਪਾਰਟੀਆ ਨੇ ਸੰਗਤਾਂ ਦਾ ਮਨੋਰੰਜਨ ਕੀਤਾ।ਅਰਦਾਸ ਕਰਨ ਉਪਰੰਤ ਇਹ ਨਗਰ ਕੀਰਤਨ ਭਰੋਮਜਾਰਾ ਸਰਹਾਲਾ ਰਾਣੂੰਆ,ਚੱਕ ਮਾਈਦਾਸ ਚੱਕ ਗੁਰੂ, ਤਲਵੰਡੀ ਜੱਟਾਂ ਚੱਕ ਰਾਮੂ ਤੋਂ ਹੁੰਦਾ ਹੋਇਆ ਡੇਰੇ ਵਿਖੇ ਸੰਪਨ ਹੋਇਆ। ਥਾਂ-ਥਾਂ ਸੰਗਤਾਂ ਵਲੋਂ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ ਅਤੇ ਸੰਗਤਾਂ ਨੂੰ ਲੰਗਰ ਛਕਾਏ ਗਏ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਤੇ ਸੰਤ ਡਾ.ਲਛਮਣ ਦਾਸ, ਬਾਬਾ ਜਿੰਦਰ,ਅਵਤਾਰ ਸਿੰਘ ਕਰੀਮਪੁਰੀ ਪੰਜਾਬ ਪ੍ਰਧਾਨ ਬਸਪਾ, ਸਾਬਕਾ ਵਿਧਾਇਕ ਚੌਧਰੀ ਮੋਹਣ ਲਾਲ ਬਹਿਰਾਮ, ਕਮਲਜੀਤ ਬੰਗਾ ਸਾਬਕਾ ਮੈਂਬਰ ਜਿਲ੍ਹਾ ਪ੍ਰੀਸ਼ਦ, ਬਿਮਲਾ ਦੇਵੀ ਬੰਗਾ ਮੈਂਬਰ ਜਿਲ੍ਹਾ ਪ੍ਰੀਸ਼ਦ, ਬਲਵੀਰ ਬੈਂਸ ਕੈਨੇਡਾ, ਪ੍ਰਵੀਨ ਬੰਗਾ, ਮਲਕੀਤ ਮੰਢਾਲੀ, ਧਰਮਪਾਲ ਪੰਚ ਤਲਵੰਡੀ ਜੱਟਾਂ, ਪ੍ਰਿੰ: ਹਰਭਜ ਰਾਮ, ਲੈਕਚਰਾਰ ਰਾਮ ਲੁਭਾਇਆ ਕਲਸੀ, ਬਿਹਾਰੀ ਲਾਲ ਨੰਗਲ ਡੈਮ, ਕੁਲਵੰਤ ਰਾਮ ਸਰਪੰਚ ਚੱਕ ਮਾਈਦਾਸ, ਅਵਤਾਰ ਰਾਮ ਸਾਬਕਾ ਸਰਪੰਚ ਸਰਹਾਲਾ, ਕੁਲਦੀਪ ਲਾਲ ਗੜ੍ਹਸ਼ੰਕਰ, ਸੋਮ ਨਾਥ ਗੜ੍ਹਸ਼ੰਕਰ, ਯਸ਼ਪਾਲ ਗੜ੍ਹਸ਼ੰਕਰ, ਕੁਲਦੀਪ ਚੰਦ ਗੜ੍ਹਸ਼ੰਕਰ, ਗਿਆਨ ਚੰਦ ਖੁੱਤਣ ਜਲੰਧਰ, ਹਰਜਿੰਦਰ ਕੁਮਾਰ, ਬਲਵੰਤ ਰਾਏ ਵੜਿੰਗ, ਸਰੋਜ ਕੁਮਾਰ ਵੜਿੰਗ, ਗੁਰਦੀਪ ਸਿੰਘ ਭਰੋਲੀ,ਗੁਰਪ੍ਰੀਤ ਸਿੰਘ,ਸ਼ਮੀਰ ਬੰਗੜ ਆਦਿ ਸੰਗਤਾਂ ਹਾਜ਼ਰ ਸਨ ।



## ਡਾ. ਬਲਜੀਤ ਕੌਰ ਵੱਲੋਂ ਨਵ-ਨਿਯੁਕਤ ਭਲਾਈ ਬੋਰਡ ਚੇਅਰਪਰਸਨਜ਼ ਨਾਲ ਮੀਟਿੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਫੈਸਲਾਕੁੰਨ ਅਗਵਾਈ ਹੇਠ ਪੰਜਾਬ ਸਰਕਾਰ ਸਮਾਜ ਦੇ ਸਾਰੇ ਵਰਗਾਂ ਦੇ ਹਿੱਤਾਂ ਦੀ ਰਾਖੀ ਕਰਨ ਤੇ ਰਾਜ ਭਰ ਵਿੱਚ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਦੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਫੈਸਲਾਕੁੰਨ, ਸਮਾਂਬੱਧ ਅਤੇ ਨਤੀਜਾ-ਮੁੱਖੀ ਉਪਾਅ ਲਾਗੂ ਕਰ ਰਹੀ ਹੈ। ਇਹ ਗੱਲ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਹੀ। ਪੰਜਾਬ ਭਵਨ ਵਿਖੇ ਵੱਖ-ਵੱਖ ਭਲਾਈ ਬੋਰਡਾਂ ਦੇ ਨਵ-ਨਿਯੁਕਤ ਚੇਅਰਪਰਸਨਾਜ ਨਾਲ ਪਹਿਲੀ ਅਧਿਕਾਰਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਡਾ. ਬਲਜੀਤ ਕੌਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਭਲਾਈ ਬੋਰਡਾਂ ਨੂੰ ਸਰਗਰਮੀ, ਜ਼ਿੰਮੇਵਾਰੀ ਅਤੇ ਸਰਕਾਰ ਨਾਲ ਨਜ਼ਦੀਕੀ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ ਹੈ।



## ਸਾਂਝਾ ਅਧਿਆਪਕ ਮੋਰਚਾ ਵੱਲੋਂ ਰੋਸ ਪ੍ਰਦਰਸ਼ਨ 22 ਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਾਂਝਾ ਅਧਿਆਪਕ ਮੋਰਚਾ ਪੰਜਾਬ ਨੇ ਪਦਉਨਤੀਆਂ 'ਚ ਟੈੱਟ ਪਾਸ ਕਰਨ ਦੀ ਸ਼ਰਤ ਲਾਉਣ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਮੋਰਚੇ 'ਚ ਸ਼ਾਮਲ ਅਧਿਆਪਕ ਜਥੇਬੰਦੀਆਂ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਸਿੱਖਿਆ ਵਿਭਾਗ ਵੱਲੋਂ ਮਿਤੀ 7 ਫਰਵਰੀ ਨੂੰ ਮਾਸਟਰ ਕਾਡਰ ਦੀਆ ਪਦਉਨਤੀਆ ਲਈ ਟੈੱਟ ਲਾਜ਼ਮੀ ਹੋਣ ਦਾ ਪੱਤਰ ਜਾਰੀ ਕਰਕੇ ਆਪਣੇ ਮਿਤੀ 14 ਸਤੰਬਰ 2017 ਨੂੰ ਟੈੱਟ ਤੋਂ ਛੋਟ ਸਬੰਧੀ ਜਾਰੀ ਪੱਤਰ ਨੂੰ ਰੱਦ ਕਰ ਦਿੱਤਾ ਹੈ। ਜਿਸ ਦੇ ਵਿਰੋਧ 'ਚ ਸਾਂਝਾ ਅਧਿਆਪਕ ਮੋਰਚਾ, ਪੰਜਾਬ ਨੇ 11 ਫਰਵਰੀ ਨੂੰ ਜ਼ਿਲ੍ਹਾ ਪੱਧਰ 'ਤੇ ਨਵੇਂ ਜਾਰੀ ਕੀਤੇ ਪੱਤਰ ਦੀਆਂ ਕਾਪੀਆਂ ਸਾੜਨ ਦਾ ਸੱਦਾ ਦਿੱਤਾ ਹੈ। ਸਾਂਝਾ ਅਧਿਆਪਕ ਮੋਰਚਾ ਦੇ ਆਗੂ ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਸੁਰਿੰਦਰ ਕੰਬੋਜ, ਕ੍ਰਿਸ਼ਨ ਸਿੰਘ ਦੁੱਗਾਂ, ਸਤਨਾਮ ਸਿੰਘ ਰੰਧਾਵਾ, ਹਰਵਿੰਦਰ ਸਿੰਘ ਬਿਲਗਾ, ਰਵਿੰਦਰਜੀਤ ਸਿੰਘ ਪੰਨੂ, ਹਰਜੰਟ ਸਿੰਘ ਬੋਡੇ, ਗੁਰਿੰਦਰ ਸਿਧੂ ਆਦਿ ਨੇ ਕਿਹਾ ਕਿ ਸੂਬੇ ਦੇ ਅਧਿਆਪਕ 22 ਫਰਵਰੀ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕਾ ਆਨੰਦਪੁਰ ਸਾਹਿਬ 'ਚ ਵਿਸ਼ਾਲ ਮੁਜ਼ਾਹਰਾ ਕਰਕੇ ਡਟਵਾਂ ਵਿਰੋਧ ਕਰਨਗੇ। ਮੋਰਚੇ ਦੇ ਆਗੂਆਂ ਨੇ ਸਮੂਹ ਅਧਿਆਪਕ ਜਥੇਬੰਦੀਆਂ ਨੂੰ ਇਸ ਹਮਲੇ ਖਿਲਾਫ਼ ਸਾਂਝੇ ਸੰਘਰਸ਼ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।




## ਸਾਲਾਨਾ ਸੰਤ ਸਮਾਗਮ ਤੇ ਕੀਰਤਨ ਦਰਬਾਰ 22 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡੋਂ ਵਿਖੇ ਨਿਰਮਲ ਕੁਟੀਆ ਸੰਤ ਬਾਬਾ ਮਈਆ ਦਾਸ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਤੇ ਇਲਾਕੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 108 ਸੰਤ ਬਾਬਾ ਮਈਆ ਦਾਸ, 108 ਸੰਤ ਬਾਬਾ ਗਿਆਨ ਦਾਸ, 108 ਸੰਤ ਬਾਬਾ ਸਾਹਿਬ ਦਾਸ ਜੀ, 108 ਸੰਤ ਬਾਬਾ ਪ੍ਰਧਾਨ ਸਿੰਘ ਦੀ ਮਿੱਠੀ ਪਿਆਰੀ ਯਾਦ ਵਿੱਚ ਸਾਲਾਨਾ ਸੰਤ ਸਮਾਗਮ ਅਤੇ ਕੀਰਤਨ ਦਰਬਾਰ 22 ਫਰਵਰੀ ਨੂੰ ਸ਼ਰਧਾ ਭਾਵਨਾ ਨਾਲ ਕੁਟੀਆ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਚਰਨ ਸਿੰਘ ਬੱਡੋ ਦੀ ਅਗਵਾਈ ਕਰਵਾਏ ਜਾ ਰਹੇ ਹਨ। ਇਸ ਮੌਕੇ ਸੰਤ ਬਾਬਾ ਗੁਰਚਰਨ ਸਿੰਘ ਬੱਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 18 ਫਰਵਰੀ ਨੂੰ ਪਹਿਲੀ ਲੜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ। ਉਨ੍ਹਾਂ ਦੱਸਿਆ ਕਿ 19 ਫਰਵਰੀ ਨੂੰ ਸਵੇਰੇ 8 ਵਜੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਵਿਸ਼ਾਲ ਨਗਰ ਪਿੰਡ ਬੱਡੋਂ, ਨਡਾਲੋਂ, ਅਜਨੋਹਾ, ਮਾਈਉਪੱਟੀ, ਕੂਕੋਵਾਲ, ਦਿਹਾਣਾ, ਠੱਕਰਵਾਲ,ਥੱਪਲ, ਰਹੱਲੀ, ਡਾਂਡੀਆਂ ਤੋਂ ਹੁੰਦਾ ਹੋਇਆ ਕੁਟੀਆ ਵਿਖੇ ਸਮਾਪਤੀ ਹੋਵੇਗੀ। ਉਨ੍ਹਾਂ ਦੱਸਿਆ ਕਿ 20-21 ਫਰਵਰੀ ਸ਼ਾਮ ਨੂੰ ਦੋਵੇਂ ਦਿਨ 7 ਵਜੇ ਤੋਂ 11ਵਜੇ ਤੱਕ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 21 ਫਰਵਰੀ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਸੰਤ ਸਮਾਗਮ ਕਰਵਾਏ ਜਾ ਰਹੇ ਹਨ। ਇਸ ਮੌਕੇ ਸੰਤ ਬਾਬਾ ਗੁਰਚਰਨ ਸਿੰਘ ਬੱਡੋ ਨੇ ਦੱਸਿਆ ਕਿ 22 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਦੂਜੀ ਲੜੀ ਦੇ ਭੋਗ ਸਵੇਰੇ 8 ਵਜੇ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਕਥਾ ਕੀਰਤਨ ਸੰਤ ਮਹਾਂਪੁਰਸ਼ ਪ੍ਰਵਚਨ ਕਰਨਗੇ। ਉਨ੍ਹਾਂ ਦੱਸਿਆ ਕਿ 22 ਫਰਵਰੀ ਨੂੰ ਸਲਾਨਾ ਸੰਤ ਸਮਾਗਮ ਤੇ ਕੀਰਤਨ ਦਰਬਾਰ ਮੌਕੇ ਅੱਖਾਂ ਦਾ ਜਾਂਚ ਕੈਂਪ, ਬਲੱਡ ਕੈਂਪ ਅਤੇ ਜਨਰਲ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

## ਲਾਇਲਪੁਰ ਖਾਲਸਾ ਕਾਲਜ ਦੇ 40 ਵਿਦਿਆਰਥੀ ਸਿਵਲ ਯੋਧੇ ਬਣੇ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ ਜਲੰਧਰ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਹਾਲ ਹੀ ਵਿੱਚ, ਜਦੋਂ ਜ਼ਿਲ੍ਹਾ ਪ੍ਰਸ਼ਾਸਨ ਨੇ ਸਿਵਲ ਡਿਫੈਂਸ ਦਾ ਸਮਰੱਥਾ ਨਿਰਮਾਣ ਕੋਰਸ ਆਯੋਜਿਤ ਕੀਤਾ, ਤਾਂ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਕਾਲਜ ਦੇ 40 ਐੱਨ ਐੱਸ ਐੱਸ ਵਲੰਟੀਅਰਾਂ ਨੇ 10 ਦਿਨਾਂ ਦੀ ਸਿਖਲਾਈ ਲਈ ਤੇ ਸਿਵਲ ਡਿਫੈਂਸ ਯੋਧੇ ਬਣੇ। ਡਾ. ਸੰਧੂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਇੱਕ ਸਰਹੱਦੀ ਰਾਜ ਹੋਣ ਕਰਕੇ ਇਸ ਪ੍ਰੋਗਰਾਮ ਦੀ ਬਹੁਤ ਸਾਰਥਿਕਤਾ ਹੈ। ਉਹਨਾਂ ਵਲੰਟੀਅਰਾਂ ਨੂੰ ਪੂਰੀ ਲਗਨ ਨਾਲ ਇਸ ਕੋਰਸ ਵਿੱਚ ਕਾਮਯਾਬੀ ਹਾਸਲ ਕਰਨ ਲਈ ਵਧਾਈ ਦਿਤੀ। ਉਨ੍ਹਾਂ ਅੱਗੇ ਕਿਹਾ ਕਿ ਐਮਰਜੈਂਸੀ ਤੇ ਕੁਦਰਤੀ ਆਫ਼ਤਾਂ ਦੌਰਾਨ ਨਿਰਸਵਾਰਥ ਸੇਵਾ ਰਾਹੀਂ ਨਾਗਰਿਕਾਂ ਦੁਆਰਾ ਦੇਸ਼ ਦੀ ਸੇਵਾ ਕੀਤੀ ਜਾ ਸਕਦੀ ਹੈ ਤੇ ਇਸ ਪ੍ਰੋਗਰਾਮ ਦੇ ਸਿਖਿਆਰਥੀ ਬਹੁਤ ਜ਼ਰੂਰੀ ਰਾਹਤ ਕਾਰਜ ਪ੍ਰਦਾਨ ਕਰ ਸਕਦੇ ਹਨ। ਐੱਨ ਐੱਸ ਐੱਸ ਦੇ ਮੁੱਖ ਪ੍ਰੋਗਰਾਮ ਅਫ਼ਸਰ ਪ੍ਰੋ. ਸਤਪਾਲ ਸਿੰਘ ਨੇ ਦੱਸਿਆ ਕਿ ਵਲੰਟੀਅਰਾਂ ਨੇ ਕੁਦਰਤੀ ਆਫ਼ਤਾਂ, ਮੁੱਢਲੀ ਸਹਾਇਤਾ ਇਲਾਜ, ਅੱਗ ਬਚਾਅ ਪ੍ਰਣਾਲੀ, ਹੜ੍ਹ ਨਿਕਾਸੀ, ਰੋਕਥਾਮ ਅਤੇ ਰਾਹਤ ਕਾਰਜ, ਸੜਕ ਦੁਰਘਟਨਾ ਸੁਰੱਖਿਆ, ਸੀ ਪੀ ਆਰ ਨੂੰ ਭਾਸ਼ਣ ਅਤੇ ਵਿਹਾਰਕ ਪ੍ਰਦਰਸ਼ਨਾਂ ਰਾਹੀਂ ਸਿੱਖਿਆ। ਉਨ੍ਹਾਂ ਅੱਗੇ ਕਿਹਾ ਕਿ ਇਸ ਪ੍ਰੋਗਰਾਮ ਦੌਰਾਨ ਸਿੱਖੀਆਂ ਗਈਆਂ ਜੀਵਨ ਬਚਾਉਣ ਦੀਆਂ ਜਾਚਾਂ ਸ਼ੁਰੂਆਤੀ ਸਹਾਇਤਾ ਅਤੇ ਰਾਹਤ ਕਾਰਜ ਪ੍ਰਦਾਨ ਕਰਕੇ ਕਿਸੇ ਦੀ ਜਾਨ ਬਚਾ ਸਕਦੀਆਂ ਹਨ। ਇਨ੍ਹਾਂ ਵਲੰਟੀਅਰਾਂ ਨੂੰ ਟਰੈਕ ਸੂਟ, ਕਿੱਟਾਂ ਅਤੇ ਪੜ੍ਹਨ ਸਮੱਗਰੀ ਵੀ ਦਿੱਤੀ ਗਈ। ਸਮੂਹ ਦੀ ਅਗਵਾਈ ਕਰਨ ਵਾਲੇ ਐਨ.ਐਸ.ਐਸ. ਵਲੰਟੀਅਰਾਂ ਦੇਵਾਂਸ਼, ਰਘੁਨੰਦਨ ਅਤੇ ਪੂਜਾ ਨੇ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ, ਪ੍ਰਿੰਸੀਪਲ ਅਤੇ ਐਨ.ਐਸ.ਐਸ. ਯੂਨਿਟ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੂੰ ਅਜਿਹੀਆਂ ਜੀਵਨ ਰੱਖਿਅਕ ਸਿਖਲਾਈ ਗਤੀਵਿਧੀਆਂ ਦਾ ਹਿੱਸਾ ਬਣਨ ਦੀ ਆਗਿਆ ਦਿੱਤੀ ਗਈ।




## ਸਿਹਤ ਵਿਭਾਗ ਦੇ ਡਾਇਰੈਕਟਰ ਵੱਲੋਂ ਜ਼ਿਲ੍ਹਾ ਹਸਪਤਾਲ ਮੋਹਾਲੀ ਦਾ ਦੌਰਾ

**ਮੋਹਾਲੀ (ਗੁਰਜੀਤ ਬਿੱਲਾ)**- ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਹਿਤਿੰਦਰ ਕੌਰ ਨੇ ਜ਼ਿਲ੍ਹਾ ਹਸਪਤਾਲ ਮੋਹਾਲੀ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਲਾਗੂ ਕਰਨ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਅਤੇ ਸਿਹਤ ਅਧਿਕਾਰੀਆਂ ਨੂੰ ਜ਼ਰੂਰੀ ਹਦਾਇਤਾਂ ਦਿਤੀਆਂ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ 10 ਲੱਖ ਰੁਪਏ ਤਕ ਦੇ ਮੁਫ਼ਤ ਨਕਦੀ-ਰਹਿਤ ਇਲਾਜ ਵਾਸਤੇ ਬਣਾਏ ਜਾ ਰਹੇ ਸਿਹਤ ਬੀਮਾ ਕਾਰਡ ਦੇ ਪੰਜੀਕਰਣ ਅਤੇ ਕਾਰਡ ਬਣਾਉਣ ਦੇ ਕੰਮ ਨੂੰ ਹੋਰ ਤੇਜ਼ ਕੀਤਾ ਜਾਵੇ ਤਾਂ ਕਿ ਲੋਕਾਂ ਨੂੰ ਸਮੇਂ ਸਿਰ ਇਹ ਵੱਕਾਰੀ ਸਿਹਤ ਸਹੂਲਤ ਮਿਲ ਸਕੇ। ਡਾ. ਹਿਤਿੰਦਰ ਕੌਰ ਨੇ ਹਸਪਤਾਲ ਵਿਚ ਮਰੀਜ਼ ਪੰਜੀਕਰਣ ਕਵਾਇਦ, ਲਾਭਪਾਤਰੀ ਤਸਦੀਕ ਢਾਂਚਾ ਤੇ ਯੋਜਨਾ ਨਾਲ ਸਬੰਧਤ ਅੰਤਰ-ਵਿਭਾਗੀ ਤਾਲਮੇਲ ਦਾ ਮੁਲਾਂਕਣ ਕੀਤਾ। ਉਨ੍ਹਾਂ ਹਸਪਤਾਲ ਵਿਚ ਮਰੀਜ਼ਾਂ ਦੀ ਆਮਦ ਤੇ ਇਸ ਯੋਜਨਾ ਤਹਿਤ ਮਰੀਜ਼ਾਂ ਦੇ ਦਾਖ਼ਲੇ ਬਾਰੇ ਵੀ ਵਿਸਥਾਰਤ ਜਾਣਕਾਰੀ ਲਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਲੋਕਾਂ ਵਾਸਤੇ ਬੇਹੱਦ ਫ਼ਾਇਦੇਮੰਦ ਹੈ ਅਤੇ ਅਧਿਕਾਰੀ ਇਹ ਯਕੀਨੀ ਬਣਾਉਣ ਕਿ ਲਾਭਪਾਤਰੀਆਂ ਨੂੰ ਕਾਰਡ ਬਣਾਉਣ 'ਚ ਕਿਸੇ ਤਰ੍ਹਾਂ ਦੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ।



## ਬਾਬਾ ਹਰੀ ਸਿੰਘ ਨੂੰ ਦਲ ਪੰਥ ਮਿਸਲ ਸ਼ਹੀਦ ਬਾਬਾ ਤਾਰਾ ਸਿੰਘ ਦਾ ਮੁਖੀ ਥਾਪਿਆ

**ਨਕੋਦਰ (ਮਨਜੀਤ ਮਾਨ)**- ਬਾਬਾ ਬਲਕਾਰ ਸਿੰਘ ਸੋਢੀ ਦੀ 12 ਵੀਂ ਬਰਸੀ ਦਸ਼ਮੇਸ਼ ਤਰਨਾਦਲ ਦੇ ਮੌਜੂਦਾ ਮੁਖੀ ਬਾਬਾ ਮੇਜਰ ਸਿੰਘ ਸੋਢੀ ਵਲੋਂ ਮਨਾਈ ਗਈ।ਜਿਸ ਵਿੱਚ ਸਾਰੀਆਂ ਨਿਹੰਗ ਸਿੰਘ ਜਥੇਬੰਦੀਆਂ, ਸੰਪਰਦਾਵਾਂ, ਦਮਦਮੀ ਟਕਸਾਲ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਹੋਰ ਵੀ ਬਹੁਤ ਮਹਾਨ ਸ਼ਖਸੀਅਤਾਂ ਨੇ ਇਸ ਬਰਸੀ ਸਮਾਗਮ ਦੌਰਾਨ ਹਾਜ਼ਰੀ ਭਰੀ। ਇਸ ਮੌਕੇ ਬਾਬਾ ਮੇਜਰ ਸਿੰਘ ਸੋਢੀ ਤੇ ਖਾਲਸਾ ਪੰਥ ਵੱਲੋਂ ਗੁਰਮਤਾ ਕਰਕੇ ਦਸ਼ਮੇਸ਼ ਤਰਨਾਦਲ ਦੇ ਦੁਆਬਾ ਦੇ ਜਥੇਦਾਰ ਮਹਾਂਕਾਲ ਬਾਬਾ ਹਰੀ ਸਿੰਘ ਕਲਿਆਣਪੁਰ ਵਾਲਿਆਂ ਨੂੰ ਖਾਲਸਾ ਪੰਥ ਦੇ ਪ੍ਰਚਾਰ ਪ੍ਰਸਾਰ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਦਲ ਪੰਥ ਮਿਸਲ ਸ਼ਹੀਦ ਬਾਬਾ ਤਾਰਾ ਸਿੰਘ ਦਾ ਮੁਖੀ ਥਾਪਿਆ ਗਿਆ। ਜਿਨ੍ਹਾਂ ਨੂੰ ਪੰਥ ਨੇ ਨਿਸ਼ਾਨ ਨਗਾਰੇ ਘੋੜੇ ਦੇ ਕੇ ਚੱਕਰਵਰਤੀ ਪ੍ਰਚਾਰ ਪ੍ਰਸਾਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ। ਜਥੇਦਾਰ ਮਹਾਂਕਾਲ ਬਾਬਾ ਹਰੀ ਸਿੰਘ ਕਲਿਆਣਪੁਰ ਵਾਲਿਆ ਨੇ ਕਿਹਾ ਕਿ ਉਨ੍ਹਾਂ ਨੂੰ ਸਿੱਖ ਪੰਥ ਵੱਲੋਂ ਮਿਲੀ ਜ਼ਿੰਮੇਵਾਰੀ ਨੂੰ ਸਿੱਖੀ ਦੇ ਪ੍ਰਚਾਰ ਪਸਾਰ ਵਾਸਤੇ ਬਾਖੂਬੀ ਨਿਭਾਉਣਗੇ ਤੇ ਪੰਥ ਦੀ ਚੜ੍ਹਦੀ ਕਲਾ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਗੇ।



## ਸ੍ਰੀ ਸੋਮਨਾਥ ਜਯੋਤਿਰਲਿੰਗ ਦੀ ਦੇਸ਼-ਵਿਆਪੀ ਯਾਤਰਾ

### ਯਾਤਰਾ ਦੇ ਸਵਾਗਤ ਦੀਆਂ ਤਿਆਰੀਆਂ ਸੰਬੰਧੀ ਹੋਈ ਮੀਟਿੰਗ

**ਫਗਵਾੜਾ (ਡਾ. ਰਮਨ)**- ਅੰਤਰਰਾਸ਼ਟਰੀ ਅਧਿਆਤਮਿਕ ਗੁਰੂ ਸ਼੍ਰੀ ਸ਼੍ਰੀ ਰਵੀਸ਼ੰਕਰ ਦੇ ਆਸ਼ੀਰਵਾਦ ਨਾਲ ਆਰਟ ਆਫ਼ ਲਿਵਿੰਗ ਵਲੋਂ ਇਤਿਹਾਸਕ ਅਧਿਆਤਮਿਕ ਪਹਿਲਕਦਮੀ ਦੇ ਹਿੱਸੇ ਵਜੋਂ ਹਜ਼ਾਰਾਂ ਸਾਲ ਪੁਰਾਣੇ ਸ੍ਰੀ ਸੋਮਨਾਥ ਜਯੋਤਿਰਲਿੰਗ ਦੀ ਦੇਸ਼ ਵਿਆਪੀ ਯਾਤਰਾ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪਵਿੱਤਰ ਜਯੋਤਿਰਲਿੰਗ ਯਾਤਰਾ ਐਤਵਾਰ, 1 ਮਾਰਚ ਨੂੰ ਫਗਵਾੜਾ ਪਹੁੰਚੇਗੀ, ਜਿਸ ਨਾਲ ਸਾਰੇ ਫਗਵਾੜਾ ਵਾਸੀਆਂ ਨੂੰ ਆਪਣੇ ਹੀ ਸ਼ਹਿਰ ਵਿੱਚ ਦਿਵਯ ਦਰਸ਼ਨਾਂ ਦਾ ਇੱਕ ਦੁਰਲੱਭ ਮੌਕਾ ਮਿਲੇਗਾ। ਸਵਾਮੀ ਵਿਦਿਆਨੰਦ (ਬੰਗਲੁਰੂ) ਦੀ ਅਗਵਾਈ ਹੇਠ ਜਾਰੀ ਇਸ ਯਾਤਰਾ ਦੇ ਫਗਵਾੜਾ ਪਹੁੰਚਣ 'ਤੇ ਸਵਾਗਤ ਦੀਆਂ ਤਿਆਰੀਆਂ ਸਬੰਧੀ ਆਰਟ ਆਫ਼ ਲਿਵਿੰਗ ਫਗਵਾੜਾ ਚੈਪਟਰ ਦੀ ਮੀਟਿੰਗ ਕਾਮਨਾ ਸਾਮਾ ਤੇ ਜਿੰਮੀ ਸਾਮਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਵਾਗਤੀ ਪ੍ਰਬੰਧਾਂ ਦੀ ਰੂਪ-ਰੇਖਾ ਤਿਆਰ ਕੀਤੀ ਗਈ ਅਤੇ ਵਲੰਟੀਅਰਾਂ ਦੀਆਂ ਜ਼ਿੰਮੇਵਾਰੀਆਂ ਨਿਰਧਾਰਤ ਕੀਤੀਆਂ ਗਈਆਂ। ਵਧੇਰੇ ਜਾਣਕਾਰੀ ਦਿੰਦੇ ਹੋਏ ਕਾਮਨਾ ਸਾਮਾ, ਜਿੰਮੀ ਸਾਮਾ ਅਤੇ ਅਰਚਨਾ ਸੁਖੀਜਾ ਨੇ ਦੱਸਿਆ ਕਿ ਸ੍ਰੀ ਸੋਮਨਾਥ ਜੋਤਿਰਲਿੰਗ ਸਨਾਤਨ ਧਰਮ ਦਾ ਪਹਿਲਾ ਜੋਤਿਰਲਿੰਗ ਹੈ, ਜਿਸ ਦੀ ਮਹਿਮਾ ਵੇਦਾਂ ਤੇ ਪੁਰਾਣਾਂ ਵਿੱਚ ਵਰਣਿਤ ਹੈ ਤੇ ਜੋ ਭਗਵਾਨ ਸ਼ਿਵ ਜੀ ਦੇ ਪ੍ਰਤੀ ਅਟੁੱਟ ਸ਼ਰਧਾ ਦਾ ਪ੍ਰਤੀਕ ਹੈ। ਇਸ ਪਵਿੱਤਰ ਯਾਤਰਾ ਦਾ ਸ਼ਾਨਦਾਰ ਸਵਾਗਤ 1 ਮਾਰਚ ਨੂੰ ਐੱਨ ਵਾਈ ਆਰ. ਪ੍ਰੈਸਟੀਜ ਕਲੱਬ ਜੀ ਟੀ ਰੋਡ ਫਗਵਾੜਾ ਵਿਖੇ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਪੂਰੇ ਵੈਦਿਕ ਰੀਤੀ-ਰਿਵਾਜਾਂ ਨਾਲ ਰੁਦਰਭਿਸ਼ੇਕ ਹੋਵੇਗਾ। ਸੰਗਤ ਲਈ ਦਰਸ਼ਨਾਂ ਦਾ ਸਮਾਂ ਸਵੇਰੇ 9:00 ਵਜੇ ਤੋਂ ਦੁਪਹਿਰ 12:30 ਵਜੇ ਤੱਕ ਦਾ ਹੋਵੇਗਾ।




## ਜਲੰਧਰ ਦਿਹਾਤੀ ਪੁਲਸ ਵੱਲੋਂ ਗੈਂਗਸਟਰਾਂ ਤੇ ਅਪਰਾਧਿਕ ਤੱਤਾਂ ਵਿਰੁੱਧ ਸਖ਼ਤ ਕਾਰਵਾਈ

**ਜਲੰਧਰ, (ਸੁਰਿੰਦਰ ਕੁਮਾਰ)**- ਪੰਜਾਬ ਸਰਕਾਰ ਅਤੇ ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ ਜੀ ਪੀ) ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਜਲੰਧਰ ਦਿਹਾਤੀ ਪੁਲਸ ਨੇ ਆਪ੍ਰੇਸ਼ਨ ਪ੍ਰਹਾਰ 2.0 ਦੀ ਸ਼ੁਰੂਆਤ ਕਰਕੇ ਗੈਂਗਸਟਰਾਂ, ਉਨ੍ਹਾਂ ਦੇ ਸਾਥੀਆਂ, ਪਨਾਹ ਦੇਣ ਵਾਲਿਆਂ ਤੇ ਹੋਰ ਅਪਰਾਧਿਕ ਤੱਤਾਂ ਵਿਰੁੱਧ ਵਿਸ਼ੇਸ਼ ਮੁਹਿੰਮ ਆਪ੍ਰੇਸ਼ਨ ਪ੍ਰਹਾਰ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਜੀ. ਨਾਗੇਸ਼ਵਰ ਰਾਓ ਏ ਡੀ ਜੀ ਪੀ (ਪ੍ਰੋਵਿਜ਼ਨਿੰਗ) ਤੇ ਹਰਵਿੰਦਰ ਸਿੰਘ ਵਿਰਕ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ, ਜਲੰਧਰ ਦਿਹਾਤੀ ਦੀ ਅਗਵਾਈ ਤੇ ਅਗਵਾਈ ਹੇਠ, ਜ਼ਿਲ੍ਹੇ ਭਰ ਵਿੱਚ ਵੱਡੇ ਪੱਧਰ 'ਤੇ ਅਤੇ ਤਾਲਮੇਲ ਵਾਲੀ ਕਾਰਵਾਈ ਕੀਤੀ ਜਾ ਰਹੀ ਹੈ। ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਕਈ ਪੁਲਿਸ ਟੀਮਾਂ ਦੀ ਤਾਇਨਾਤੀ ਰਾਹੀਂ ਸਾਰੇ ਸਬ-ਡਵੀਜ਼ਨ ਅਤੇ ਥਾਣਾ ਪੱਧਰ 'ਤੇ ਲਗਾਤਾਰ ਛਾਪੇਮਾਰੀ, ਅਚਨਚੇਤ ਜਾਂਚ ਅਤੇ ਤੀਬਰ ਨਿਗਰਾਨੀ ਕੀਤੀ ਜਾ ਰਹੀ ਹੈ। ਐੱਸ ਐੱਸ ਪੀ ਜਲੰਧਰ ਦਿਹਾਤੀ ਨੇ ਦੱਸਿਆ ਕਿ 9 ਫਰਵਰੀ ਨੂੰ ਆਪ੍ਰੇਸ਼ਨ ਪ੍ਰਹਾਰ 2.0 ਦੇ ਹਿੱਸੇ ਵਜੋਂ, ਜਲੰਧਰ ਦਿਹਾਤੀ ਜ਼ਿਲ੍ਹੇ ਵਿੱਚ ਇੱਕ (ਕਾਰਡਨ ਅਤੇ ਸਰਚ ਆਪ੍ਰੇਸ਼ਨ) ਕੀਤਾ ਗਿਆ ਸੀ। ਆਪ੍ਰੇਸ਼ਨ ਦੌਰਾਨ, ਪਛਾਣੇ ਗਏ ਸ਼ੱਕੀ ਸਥਾਨਾਂ ਦੀ ਘੇਰਾਬੰਦੀ ਕਰਕੇ 131 ਥਾਵਾਂ ਤੇ ਛਾਪੇਮਾਰੀ ਕੀਤੀ ਗਈ। ਆਪਰੇਸ਼ਨ ਦੇ ਨਤੀਜੇ ਵਜੋਂ 26 ਲੋੜੀਂਦੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, 4 ਐਲਾਨੇ ਗਏ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ,12 ਲੋੜੀਂਦੇ ਅਪਰਾਧੀਆਂ ਵਿਰੁੱਧ ਰੋਕਥਾਮ ਹਿਰਾਸਤ ਵਿੱਚ ਲਿਆ ਗਿਆ, 36 ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਗਈ ਅਤੇ ਤਸਦੀਕ ਕੀਤੀ ਗਈ, 2 ਐਫਆਈਆਰ ਦਰਜ ਕੀਤੀਆਂ ਗਈਆਂ। ਆਪਰੇਸ਼ਨ ਦੌਰਾਨ, ਕੀਤੀ ਗਈ ਬ੍ਰਾਮਦਗੀ-3 ਗੈਰ-ਕਾਨੂੰਨੀ ਪਿਸਤੌਲ, 14 ਜ਼ਿੰਦਾ ਕਾਰਤੂਸ,1 ਮੋਟਰਸਾਈਕਲ, 115 ਗੋਲੀਆਂ। ਐੱਸ ਐੱਸ ਪੀ ਜਲੰਧਰ ਦਿਹਾਤੀ ਨੇ ਅੱਗੇ ਦੱਸਿਆ ਕਿ ਪਹਿਲਾਂ ਤੋਂ ਪਛਾਣੀ ਗਈ ਸੂਚੀ ਵਿੱਚੋਂ 2 ਸਾਥੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਤਸਦੀਕ ਕੀਤਾ ਗਿਆ, ਅਤੇ ਕਾਰਵਾਈ ਦੌਰਾਨ 6 ਰੋਕਥਾਮ ਕਾਰਵਾਈਆਂ ਕੀਤੀਆਂ ਗਈਆਂ।



## ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਅੰਮ੍ਰਿਤਸਰ ਲਈ ਬੱਸਾਂ ਰਵਾਨਾ

**ਬੰਗਾ/ਬਲਾਚੌਰ (ਅਵਤਾਰ ਕਲੇਰ, ਜਸਵਿੰਦਰ ਬੈਂਸ)**- ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਦੂਜੇ ਪੜਾਅ ਤਹਿਤ ਜ਼ਿਲ੍ਹੇ ਦੇ ਤਿੰਨ ਵਿਧਾਨ ਸਭਾ ਹਲਕਿਆ ਬੰਗਾ, ਬਲਾਚੌਰ ਤੇ ਨਵਾਂਸ਼ਹਿਰ ਤੋਂ ਕੁੱਲ ਤਿੰਨ ਬੱਸਾਂ ਰਾਹੀਂ ਸ਼ਰਧਾਲੂਆਂ ਦਾ ਪਹਿਲਾ ਜੱਥਾ ਖੱਟਕੜ ਕਲਾਂ ਤੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਰਵਾਨਾ ਹੋਇਆ। ਇਸ ਮੌਕੇ ਵਿਧਾਇਕ ਹਲਕਾ ਬੰਗਾ ਸੁਖਵਿੰਦਰ ਕੁਮਾਰ ਸੁੱਖੀ, ਚੇਅਰਮੈਨ ਨਗਰ ਸੁਧਾਰ ਟਰੱਸਟ ਸਤਨਾਮ ਸਿੰਘ ਜਲਵਾਹਾ, ਵਾਇਸ ਚੇਅਰਮੈਨ ਐੱਸ ਸੀ ਕਮਿਸ਼ਨ ਹਰਜੋਤ ਲੋਟੀਆ, ਐੱਸ ਡੀ ਐੱਮ ਨਵਾਂਸ਼ਹਿਰ ਅਨਮਜਯੋਤ ਕੌਰ, ਐੱਸ ਡੀ ਐੱਮ ਬੰਗਾ ਵਿਪਨ ਭੰਡਾਰੀ ਤੇ ਤਰੁਣ ਅਰੋੜਾ ਸਟੇਟ ਸੈਕਟਰੀ ਆਮ ਆਦਮੀ ਪਾਰਟੀ ਇੰਚਾਰਜ ਦੁਆਬਾ ਜੋਨ ਤੋਂ ਇਲਾਵਾ ਸ਼ਰਧਾਲੂ ਹਾਜ਼ਰ ਸਨ। ਵਿਧਾਇਕ ਹਲਕਾ ਬੰਗਾ ਸੁਖਵਿੰਦਰ ਕੁਮਾਰ ਸੁੱਖੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਦੂਜੇ ਪੜਾਅ ਤਹਿਤ ਖੱਟਕੜ ਕਲਾਂ ਤੋਂ ਕੁੱਲ ਤਿੰਨ ਬੱਸਾਂ ਹਲਕੇ ਦੇ ਸ਼ਰਧਾਲੂਆਂ ਨੂੰ ਵੱਖ ਵੱਖ ਧਾਰਮਿਕ ਅਸਥਾਨਾ ਦੇ ਦਰਸ਼ਨਾ ਲਈ ਰਵਾਨਾ ਹੋਈ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਸੰਗਤ ਨਾਲ ਇਕ ਮੈਡੀਕਲ ਟੀਮ ਵੀ ਭੇਜੀ ਗਈ ਹੈ ਤਾਂ ਕਿ ਕਿਸੇ ਵੀ ਹੰਗਾਮੀ ਸਥਿਤੀ ਵਿਚ ਤੁਰੰਤ ਸਹਾਇਤਾ ਦਿੱਤੀ ਜਾ ਸਕੇ।



11 Feb Page 9.qxd 2/10/2026 8:26 PM Page 1



# ਬਿਜਲੀ ਮੁਲਾਜ਼ਮਾਂ ਨੇ ਭਲਕ ਦੀ ਦੇਸ਼-ਵਿਆਪੀ ਹੜਤਾਲ ਨੂੰ ਸਫ਼ਲ ਕਰਨ ਲਈ ਕੀਤੀਆਂ ਮੀਟਿੰਗਾਂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਟੈਕਨੀਕਲ ਸਰਵਿਸ ਯੂਨੀਅਨ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ



12 ਫਰਵਰੀ ਦੀ ਹੜਤਾਲ ਸਬੰਧੀ ਸਬ ਡਵੀਜ਼ਨ ਪੱਧਰ 'ਤੇ ਗੇਟ ਰੈਲੀਆਂ ਜਨਰੇਸ਼ਨ ਹਲਕਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਖ ਵੱਖ ਸਬ ਡਵੀਜ਼ਨਾਂ ਵਿੱਚ ਕੀਤੀਆਂ ਗਈਆਂ। ਸ੍ਰੀ ਆਨੰਦਪੁਰ ਸਾਹਿਬ ਹਾਈਡਲ ਦਫਤਰ ਵਿਖੇ ਸਬ ਡਵੀਜ਼ਨ ਪ੍ਰਧਾਨ ਗੁਰਜੀਤ ਸਿੰਘ ਤੇ ਹਰਵਿੰਦਰ ਸਿੰਘ ਬਾਇਹਰਾ ਦੀ ਅਗਵਾਈ ਵਿੱਚ ਸਾਥੀਆਂ ਵੱਲੋਂ ਗੇਟ ਰੈਲੀ ਕੀਤੀ ਗਈ। ਗੰਗੂਵਾਲ ਪਾਵਰ ਹਾਊਸ ਵਿਖੇ ਟੈਕਨੀਕਲ ਸਰਵਿਸ ਯੂਨੀਅਨ ਦੇ ਸੂਬਾ ਕੈਸ਼ੀਅਰ ਪ੍ਰਦੀਪ ਕੁਮਾਰ ਸ਼ਰਮਾ ਅਤੇ ਗੁਰਦਾਸ ਰਾਮ ਸਰਕਲ ਪ੍ਰਧਾਨ ਦੀ ਅਗਵਾਈ ਵਿੱਚ ਗੇਟ ਰੈਲੀ ਕੀਤੀ ਗਈ ਅਤੇ ਇਸ ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਕਾਮਰੇਡ ਵਿਜਿੰਦਰ ਪੰਡਤ ਸਾਬਕਾ ਜਵਾਨ ਪ੍ਰਧਾਨ ਹਾਜ਼ਰ ਹੋਏ। ਨੱਕੀਆਂ ਪਾਵਰ ਹਾਊਸ ਵਿਖੇ ਡਵੀਜ਼ਨ ਪ੍ਰਧਾਨ ਗੁਰਜੀਤ ਸਿੰਘ ਦੀ ਅਗਵਾਈ ਵਿੱਚ ਗੇਟ ਰੈਲੀ ਕੀਤੀ ਗਈ। ਇਹਨਾਂ ਗੇਟ ਰੈਲੀਆਂ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਬਿਜਲੀ ਸੋਧ ਬਿੱਲ 2025 ਰੱਦ ਕੀਤਾ ਜਾਵੇ, ਚਾਰ ਲੇਬਰ ਕੋਡ ਰੱਦ ਕੀਤੇ ਜਾਣ, ਸੀਡ ਬਿੱਲ ਵੀ ਰੱਦ ਕੀਤਾ ਜਾਵੇ। ਕੇਂਦਰ ਸਰਕਾਰ ਵੱਲੋਂ ਜੋ ਅਮਰੀਕਾ ਨਾਲ ਟਰੇਡ ਡੀਲ ਕੀਤੀ ਗਈ ਹੈ ਉਹ ਵੀ ਰੱਦ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਾਂ ਦੇ ਜੋ ਬਕਾਏ ਹਨ, ਤੁਰੰਤ ਜਾਰੀ ਕੀਤੇ ਜਾਣ। ਬੁਲਾਰੇ ਸਾਥੀਆਂ ਵੱਲੋਂ ਸਮੂਹ ਕਰਮਚਾਰੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ 12 ਫਰਵਰੀ ਦੀ ਹੜਤਾਲ 100% ਕਰਕੇ ਸਫਲ ਬਣਾਇਆ ਜਾਵੇ ਤੇ ਸਾਰੇ ਸਾਥੀਆਂ ਨੂੰ ਲਾਮਬੰਦ ਕੀਤਾ ਜਾਵੇ। ਹਾਜ਼ਰ ਸਾਥੀਆਂ ਵੱਲੋਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਬਹੁਤ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ। ਹੜਤਾਲ ਵਾਲੇ ਦਿਨ ਸਮੂਹ ਦਫਤਰਾਂ ਵਿੱਚ ਸਾਰੇ ਸਾਥੀਆਂ ਨੂੰ ਲਾਮਬੰਦ ਕਰਕੇ ਰੈਲੀਆਂ ਕੀਤੀਆਂ ਜਾਣਗੀਆਂ।

# ਲੱਧੇਵਾਲੀ 'ਵਰਸਿਟੀ ਰੋਡ 'ਤੇ ਨਜਾਇਜ਼ ਕਲੋਨੀ ਦੀ ਮੁੜ ਉਸਾਰੀ, ਕੌਂਸਲਰ 'ਤੇ ਗੰਭੀਰ ਦੋਸ਼

**ਜਲੰਧਰ (ਸੁਰਿੰਦਰ ਕੁਮਾਰ)**- ਲੱਧੇਵਾਲੀ ਯੂਨੀਵਰਸਿਟੀ ਰੋਡ ਸਥਿਤ ਅਹਾਤਾ ਦੇ ਨਜ਼ਦੀਕ ਆਮ ਆਦਮੀ ਪਾਰਟੀ ਦੇ ਕੌਂਸਲਰ ਮਨਮੋਹਨ ਸਿੰਘ ਰਾਜੂ ਵੱਲੋਂ ਲਗਭਗ ਇੱਕ ਏਕੜ ਰਕਬੇ ਵਿੱਚ ਨਜਾਇਜ਼ ਤੌਰ 'ਤੇ ਕਲੋਨੀ ਕੱਟੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕਲੋਨੀ ਬਿਨਾਂ ਕਿਸੇ ਕਾਨੂੰਨੀ ਮਨਜ਼ੂਰੀ ਅਤੇ ਬਿਨਾਂ ਨਕਸ਼ਾ ਪਾਸ ਕਰਵਾਏ ਤਿਆਰ ਕੀਤੀ ਜਾ ਰਹੀ ਹੈ, ਜੋ ਸਿੱਧੇ ਤੌਰ 'ਤੇ ਕਾਨੂੰਨ ਦੀ ਖੁੱਲ੍ਹੀ ਉਲੰਘਣਾ ਹੈ। ਪਿਛਲੇ ਸਮੇਂ ਵਿੱਚ ਨਗਰ ਨਿਗਮ ਵੱਲੋਂ ਇਸ ਕਲੋਨੀ 'ਤੇ ਕਾਰਵਾਈ ਕਰਦੇ ਹੋਏ ਢਾਹ-ਢੇਰੀ ਕੀਤੀ ਗਈ ਸੀ। ਇਸ ਦੇ ਬਾਵਜੂਦ ਹੁਣ ਮੁੜ ਉਸੇ ਕੌਂਸਲਰ ਵੱਲੋਂ ਕਲੋਨੀ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਮੌਜੂਦਾ ਸਮੇਂ ਵਿੱਚ ਕਲੋਨੀ ਦੇ ਆਲੇ-ਦੁਆਲੇ ਚੱਕ ਦਿੱਤੇ ਜਾ ਚੁੱਕੇ ਹਨ ਅਤੇ ਅੰਦਰੂਨੀ ਸੜਕਾਂ ਵਿੱਚ ਇੰਟਰਲੌਕਿੰਗ ਟਾਈਲਾਂ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਕਲੋਨੀ ਵਿੱਚ ਸੀਵਰੇਜ ਦੀ ਸਹੂਲਤ ਵੀ ਪਾ ਦਿੱਤੀ ਗਈ ਹੈ, ਜਿਸ ਨੂੰ ਨਗਰ ਨਿਗਮ ਦੇ ਸੀਵਰੇਜ ਨਾਲ ਜੋੜਿਆ



ਜਾ ਚੁੱਕਾ ਹੈ।ਸੂਤਰਾਂ ਅਨੁਸਾਰ ਇਹ ਵੀ ਜਾਣਕਾਰੀ ਮਿਲੀ ਹੈ ਕਿ ਮਨਮੋਹਨ ਸਿੰਘ ਰਾਜੂ ਵੱਲੋਂ ਪਹਿਲਾਂ ਵੀ ਕਈ ਨਜਾਇਜ਼ ਇਮਾਰਤਾਂ ਅਤੇ ਨਜਾਇਜ਼ ਕਲੋਨੀਆਂ ਦੀ ਉਸਾਰੀ ਕੀਤੀ ਜਾ ਚੁੱਕੀ ਹੈ, ਜਿਸ ਨਾਲ ਪੰਜਾਬ ਸਰਕਾਰ ਨੂੰ ਵੱਡੇ ਪੱਧਰ 'ਤੇ ਆਰਥਿਕ ਨੁਕਸਾਨ ਹੋਇਆ ਹੈ। ਇਨ੍ਹਾਂ ਨਜਾਇਜ਼ ਕਲੋਨੀਆਂ ਵਿੱਚ ਪਲਾਟ ਵੇਚਦੇ ਸਮੇਂ ਆਮ ਲੋਕਾਂ ਨੂੰ ਇਹ ਕਹਿ ਕੇ ਗੁਮਰਾਹ ਕੀਤਾ ਜਾਂਦਾ ਰਿਹਾ ਹੈ ਕਿ ਉਸ ਦੀ ਹਰ ਕਲੋਨੀ ਪਾਸ ਹੁੰਦੀ ਹੈ ਅਤੇ ਭਵਿੱਖ ਵਿੱਚ ਰਜਿਸਟਰੀ ਜਾਂ ਹੋਰ ਕਿਸੇ ਕਾਨੂੰਨੀ ਕਾਰਵਾਈ ਦੌਰਾਨ ਕੋਈ ਸਮੱਸਿਆ ਨਹੀਂ ਆਵੇਗੀ।ਇਸ ਮਾਮਲੇ ਨੂੰ ਲੈ ਕੇ ਜਲੰਧਰ ਦੇ ਇੱਕ ਆਰ ਟੀ ਆਈ ਐਕਟੀਵਿਸਟ ਵੱਲੋਂ ਨਗਰ ਨਿਗਮ ਨੂੰ ਲਿਖਤੀ ਸ਼ਿਕਾਇਤ ਵੀ ਦਿੱਤੀ ਗਈ ਹੈ। ਸ਼ਿਕਾਇਤ ਵਿੱਚ ਮੰਗ ਕੀਤੀ ਗਈ ਹੈ ਕਿ ਇਸ ਨਜਾਇਜ਼ ਕਲੋਨੀ ਨੂੰ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ 1995 ਦੇ ਅਧੀਨ ਤੁਰੰਤ ਢਾਹ-ਢੇਰੀ ਕੀਤਾ ਜਾਵੇ ਅਤੇ ਸਬੰਧਤ ਕਲੋਨਾਈਜ਼ਰ/ਕੌਂਸਲਰ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਦਿਆਂ ਪਰਚਾ ਦਰਜ ਕੀਤਾ ਜਾਵੇ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਨਜਾਇਜ਼ ਉਸਾਰੀ ਅਤੇ ਨਜਾਇਜ਼ ਕਲੋਨੀ ਕੱਟਣ ਵਾਲੇ ਵਿਅਕਤੀ 'ਤੇ 25 ਕਰੋੜ ਰੁਪਏ ਦਾ ਜੁਰਮਾਨਾ ਲਗਾਉਣ ਦੀ ਵੀ ਮੰਗ ਕੀਤੀ ਗਈ ਹੈ।

# ਹਲਕਾ ਭੁਲੱਥ ਤੇ ਟਾਂਡਾ ਉੜਮੁੜ ਦੇ ਅਕਾਲੀ ਤੇ ਯੂਥ ਵਰਕਰਾਂ ਵੱਲੋਂ ਮਜੀਠੀਆ ਦਾ ਭਰਵਾਂ ਸਵਾਗਤ

**ਕਪੂਰਥਲਾ (ਮਨਜੀਤ ਮਾਨ , ਪ੍ਰੀਤ ਸੰਗੋਜਲਾ)**- ਹਲਕਾ ਭੁਲੱਥ ਅਤੇ ਹਲਕਾ ਟਾਂਡਾ ਉੜਮੁੜ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮਜੀਤ ਸਿੰਘ ਮਜੀਠੀਆ



ਦੇ ਦੌਰੇ ਮੌਕੇ ਅਕਾਲੀ ਵਰਕਰਾਂ ਅਤੇ ਯੂਥ ਅਕਾਲੀ ਦਲ ਦੇ ਵਰਕਰਾਂ ਵੱਲੋਂ ਸਾਂਝੇ ਤੌਰ ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਯੂਥ ਆਗੂ ਹਲਕਾ ਭੁਲੱਥ ਕੁਲਦੀਪ ਸਿੰਘ ਟਾਹਲੀ ਅਤੇ ਅਰਵਿੰਦਰ ਸਿੰਘ ਰਸੂਲਪੁਰ ਹਲਕਾ ਇੰਚਾਰਜ ਟਾਂਡਾ, ਦੇ ਵਰਕਰਾਂ ਵਿੱਚ ਸਵਾਗਤ ਮੌਕੇ ਖਾਸ ਉਤਸ਼ਾਹ ਵੇਖਣ ਨੂੰ ਮਿਲਿਆ।ਸਵਾਗਤੀ ਸਮਾਗਮ ਦੌਰਾਨ ਵਰਕਰਾਂ ਨੇ ਫੁੱਲਾਂ ਦੇ ਹਾਰ ਪਾ ਕੇ ਅਤੇ ਨਾਅਰੇਬਾਜ਼ੀ ਕਰਕੇ ਮਜੀਠੀਆ ਦਾ ਸਨਮਾਨ ਕੀਤਾ।ਮਜੀਠੀਆ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ, ਪੰਜਾਬੀਅਤ ਅਤੇ ਪੰਥਕ ਹਿੱਤਾਂ ਦੀ ਰਾਖੀ ਲਈ ਡਟ ਕੇ ਖੜ੍ਹਾ ਰਿਹਾ ਹੈ ਅਤੇ ਅੱਗੇ ਵੀ ਰਹੇਗਾ।ਉਨ੍ਹਾਂ ਨੌਜਵਾਨ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਲੋਕਾਂ ਨੂੰ ਮੌਜੂਦਾ ਸਰਕਾਰ ਦੀਆਂ ਨਾਕਾਮੀਆਂ ਤੋਂ ਜਾਣੂ ਕਰਵਾਉਣ। ਇਸ ਮੌਕੇ ਹਲਕੇ ਦੇ ਕਈ ਸੀਨੀਅਰ ਆਗੂ, ਯੂਥ ਆਗੂ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ

**ਜਲੰਧਰ (ਇਕਬਾਲ ਸਿੰਘ ਉੱਭੀ)**- ਹਿਮਾਂਸ਼ੂ ਅਗਰਵਾਲ ਨੇ ਉਪ ਮੰਡਲ ਮੈਜਿਸਟ੍ਰੇਟਸ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਪੈਂਦੇ ਡਰੱਗ ਹਾਟਸਪੋਟਸ ਵਿੱਚ ਨਸ਼ਿਆਂ ਖਿਲਾਫ਼



ਵਿਆਪਕ ਤੇ ਪ੍ਰਭਾਵਸ਼ਾਲੀ ਕਾਰਵਾਈ ਅਮਲ ਵਿੱਚ ਲਿਆਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਉਥੋਂ ਨਸ਼ਿਆਂ ਨੂੰ ਪੂਰੀ ਤਰ੍ਹਾਂ ਖਤਮ ਕੀਤਾ ਜਾ ਸਕੇ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਨਾਰਕੋ ਕੋਆਰਡੀਨੇਸ਼ਨ ਸੈਂਟਰ (ਐਨਕੋਰਡ) ਮਕੈਨਿਜ਼ਮ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਜਿਹੀਆਂ ਥਾਂਵਾ 'ਤੇ ਨਸ਼ਿਆਂ ਖਿਲਾਫ਼ ਕਾਨੂੰਨੀ ਕਾਰਵਾਈ ਦੇ ਨਾਲ-ਨਾਲ ਲੋਕਾਂ ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇ। ਡਾ. ਅਗਰਵਾਲ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਹੋਰ ਉਸਾਰੂ ਸਰਗਰਮੀਆਂ ਨੂੰ ਉਤਸ਼ਾਹਿਤ ਕਰਨ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ਾ ਸਿਰਫ਼ ਕਾਨੂੰਨ ਵਿਵਸਥਾ ਦੀ ਸਮੱਸਿਆ ਨਹੀਂ ਹੈ, ਸਗੋਂ ਸਮਾਜਿਕ ਬੁਰਾਈ ਵੀ ਹੈ, ਜਿਸ ਨਾਲ ਨਜਿੱਠਣ ਲਈ ਸਾਂਝੇ ਅਤੇ ਬਹੁ-ਪੱਖੀ ਉਪਰਾਲਿਆਂ ਦੀ ਲੋੜ ਹੈ।ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਵੱਲੋਂ ਨਸ਼ਿਆਂ ਖਿਲਾਫ਼ ਕੀਤੀ ਜਾ ਰਹੀ ਕਾਰਵਾਈ ਦਾ ਜਾਇਜ਼ਾ ਵੀ ਲਿਆ।

# ਬੋਰਡ ਪ੍ਰੀਖਿਆ ਦੀ ਸਫ਼ਲਤਾ ਲਈ ਹਵਨ ਯੱਗ ਕਰਵਾਇਆ





**ਫਿਲੌਰ (ਨਿਰਮਲ)**- ਸਥਾਨਕ ਡੀ ਆਰ ਵੀ ਡੀ ਏ ਵੀ ਸੈਂਟੇਨਰੀ ਪਬਲਿਕ ਸਕੂਲ ਫ਼ਿਲੌਰ ਵਿੱਚ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਬੋਰਡ ਪ੍ਰੀਖਿਆਵਾਂ ਵਿੱਚ ਸਫ਼ਲਤਾ ਦੀ ਸ਼ੁਭ ਕਾਮਨਾ ਦੇ ਉਦੇਸ਼ ਨਾਲ ਸਕੂਲ ਦੇ ਵਿਹੜੇ ਵਿੱਚ ਵੈਦਿਕ ਹਵਨ ਯੱਗ ਦਾ ਆਯੋਜਨ ਕੀਤਾ ਗਿਆ। ਇਸ ਪਵਿੱਤਰ ਅਵਸਰ 'ਤੇ ਸਕੂਲ ਦਾ ਵਾਤਾਵਰਣ ਆਧਿਆਤਮਿਕ ਊਰਜਾ, ਸ਼ਰਧਾ ਅਤੇ ਸਕਾਰਾਤਮਕਤਾ ਨਾਲ ਭਰ ਹੋ ਗਿਆ। ਹਵਨ ਯੱਗ ਵੈਦਿਕ ਮੰਤਰ ਉਚਾਰਣ ਦੇ ਨਾਲ ਵਿਧੀਵਤ ਤਰੀਕੇ ਨਾਲ ਸੰਪੰਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ,ਅਧਿਆਪਕਾਂ ਤੇ ਪੂਰੇ ਸਕੂਲ ਪਰਵਾਰ ਨੇ ਪੂਰੀ ਸ਼ਰਧਾ ਨਾਲ ਆਹੂਤੀਆਂ ਅਰਪਿਤ ਕੀਤੀਆਂ। ਯੱਗ ਰਾਹੀਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ, ਮਾਨਸਿਕ ਸ਼ਾਂਤੀ, ਆਤਮ-ਵਿਸ਼ਵਾਸ ਤੇ ਚੰਗੀ ਸਿਹਤ ਦੀ ਕਾਮਨਾ ਕੀਤੀ ਗਈ।ਪ੍ਰਿੰਸੀਪਲ ਡਾ. ਯੋਗੇਸ਼ ਗੰਭੀਰ ਨੇ ਇਸ ਅਵਸਰ 'ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮਿਹਨਤ, ਅਨੁਸ਼ਾਸਨ ਅਤੇ ਸਕਾਰਾਤਮਕ ਸੋਚ ਹੀ ਸਫ਼ਲਤਾ ਦੀ ਕੁੰਜੀ ਹਨ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿੱਚ ਆਤਮ-ਵਿਸ਼ਵਾਸ ਨਾਲ ਉੱਤਮ ਪ੍ਰਦਰਸ਼ਨ ਕਰਨ ਤੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ, ਨਾਲ ਹੀ ਇੱਕ ਚੰਗਾ ਇਨਸਾਨ ਬਣਨ ਲਈ ਪ੍ਰੇਰਿਤ ਕੀਤਾ। ਹਵਨ ਯੱਗ ਦੇ ਸਮਾਪਨ ਉਪਰੰਤ ਪ੍ਰਸਾਦ ਦਾ ਵੰਡ ਕੀਤਾ ਗਿਆ। ਇਸ ਆਧਿਆਤਮਿਕ ਆਯੋਜਨ ਨੇ ਵਿਦਿਆਰਥੀਆਂ ਵਿੱਚ ਨਵੀਂ ਉਰਜਾ, ਵਿਸ਼ਵਾਸ ਅਤੇ ਪ੍ਰੇਰਣਾ ਦਾ ਸੰਚਾਰ ਕੀਤਾ।

# ਜਦੋਂ ਪ੍ਰਸ਼ਾਸਨ ਨੂੰ ਪੁਲਸ ਦੀ ਮਦਦ ਨਾਲ ਘਰ ਦਾ ਰੱਖਣਾ ਪਿਆ ਪਰਨਾਲਾ

**ਕਪੂਰਥਲਾ (ਮਨਜੀਤ ਮਾਨ)**- ਬਲਾਕ ਨਡਾਲਾ ਦੇ ਪਿੰਡ ਰਾਮਗੜ੍ਹ ਵਿਖੇ ਇੱਕ ਕੋਠੀ ਦੀ ਛੱਤ ਦੇ ਪਾਣੀ ਦੀ ਨਿਕਾਸੀ ਲਈ ਪ੍ਰਸ਼ਾਸਨ ਨੇ ਪੁਲਸ ਦੀ ਮਦਦ ਨਾਲ ਗਲੀ ਵੱਲ ਪਰਨਾਲਾ ਰੱਖ ਦਿੱਤਾ ਜਿਸ ਦੇ ਚੱਲਦਿਆਂ ਉਕਤ ਗਲੀ ਵੱਲ ਰਹਿੰਦੇ ਮਕਾਨ ਮਾਲਕਾਂ ਨੇ ਇਤਰਾਜ਼ ਕੀਤਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਬਲਰਾਜ ਸਿੰਘ ਗੋਰਾ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਰਾਮਗੜ੍ਹ ਨੇ ਦੱਸਿਆ ਕਿ ਇੱਧਰ ਗਲੀ ਵਾਲੇ ਪਾਸੇ ਅਸੀਂ ਤਾਏ-ਚਾਚਿਆਂ ਦੇ ਅੱਠ ਪਰਵਾਰ ਰਹਿੰਦੇ ਹਾਂ ਤੇ ਉਕਤ ਗਲੀ ਵੀ ਅਸੀਂ ਮੁੱਲ ਲਈ ਹੈ। ਬਕਾਇਦਾ ਗਲੀ ਨੂੰ ਗੇਟ ਵੀ ਲੱਗਾ ਹੋਇਆ ਹੈ। ਉਹਨਾ ਦੱਸਿਆ ਕਿ ਇਸ ਤੋਂ ਪਹਿਲਾਂ ਪ੍ਰਸ਼ਾਸਨ ਦੀ ਇਕ ਟੀਮ 3 ਫਰਵਰੀ ਨੂੰ ਇਥੇ ਆਈ ਸੀ ਤੇ ਅਸੀਂ ਸਬੰਧਤ ਦਸਤਾਵੇਜ਼ ਉਹਨਾ ਨੂੰ ਦਿਖਾਏ ਤੇ ਉਹ ਚਲੇ ਗਏ ਪਰ 6 ਫਰਵਰੀ ਨੂੰ ਉਹ ਮੁੜ ਆਏ ਤੇ ਪਰਨਾਲਾ ਸਾਡੀ ਗਲੀ ਵੱਲ ਰੱਖ ਕੇ ਚਲੇ ਗਏ। ਇਸ ਤੋਂ ਇਲਾਵਾ 2007 ਵਿੱਚ ਪੰਚਾਇਤ ਨੇ ਸਾਡੇ ਹੱਕ ਵਿੱਚ ਇਕ ਮਤਾ ਵੀ ਪਾਸ ਕੀਤਾ ਸੀ ਕਿ ਉਕਤ ਗਲੀ ਵੱਲ ਕੋਈ ਵੀ ਪਰਨਾਲਾ ਜਾਂ ਖਿੜਕੀ



ਵਗੈਰਾ ਨਹੀਂ ਰੱਖੀ ਜਾਵੇਗੀ। ਇਸ ਸਬੰਧੀ ਅਸੀਂ ਕੋਰਟ ਤੋਂ ਸਟੇਅ ਵੀ ਲਿਆ ਹੋਇਆ ਹੈ। ਉਹਨਾ ਪ੍ਰਸ਼ਾਸਨ ਤੋ ਮੰਗ ਕੀਤੀ ਕਿ ਸਾਨੂੰ ਇਨਸਾਫ ਦਿਵਾਇਆ ਜਾਵੇ। ਇਸ ਸਬੰਧੀ ਜਦੋਂ ਬਲਾਕ ਅਫਸਰ ਨਡਾਲਾ ਕੁਲਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾ ਦੱਸਿਆ ਕਿ ਰਾਮਗੜ੍ਹ ਤੋਂ ਪਰਵਾਰ ਨੇ ਸ਼ਿਕਾਇਤ ਦਰਜ਼ ਕਰਾਈ ਸੀ ਕਿ ਉਸ ਦੇ ਘਰ ਦੀ ਛੱਤ ਦਾ ਪਰਨਾਲਾ ਕਿਸੇ ਨੇ ਬੰਦ ਕਰ ਦਿੱਤਾ ਹੈ ਜਿਸ ਕਾਰਨ ਉਸ ਦਾ ਨੁਕਸਾਨ ਹੋ ਰਿਹਾ ਹੈ ਤੇ ਪੁਲਸ ਦੀ ਮਦਦ ਨਾਲ ਉਥੇ ਪਰਨਾਲਾ ਰੱਖਿਆ ਗਿਆ ਹੈ। ਰਹੀ ਗੱਲ ਗਲੀ ਮੁੱਲ ਖਰੀਦਣ ਦੀ ਤਾਂ ਉਹਨਾ ਕੋਲ ਕੋਈ ਵੀ ਸਬੂਤ ਨਹੀਂ, ਜੇ ਹੈ ਤਾਂ ਉਹ ਪੇਸ਼ ਕਰਨ । ਉਹਨਾ ਦੱਸਿਆ ਕਿ ਫਿਲਹਾਲ ਉਨਾ ਦੇ ਇਹ ਮਸਲਾ ਅਜੇ ਕੋਰਟ ਵਿੱਚ ਹੈ ਤੇ ਕੋਰਟ ਦੇ ਫੈਸਲੇ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

# ਬਿਜਲੀ ਸੋਧ ਬਿੱਲ ਤੇ ਬੀਜ ਬਿੱਲ 2025 ਦਾ ਸੰਯੁਕਤ ਕਿਸਾਨ ਮੋਰਚੇ ਵੱਲੋਂ ਵਿਰੋਧ

**ਬੰਗਾ (ਅਵਤਾਰ ਕਲੇਰ)** ਕੁਲ ਹਿੰਦ ਕਿਸਾਨ ਸਭਾ, ਸੀਟੂ ਤੇ ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੀ ਸਾਂਝੀ ਮੀਟਿੰਗ ਪਿੰਡ ਰਕਾਸਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਵਿਖੇ ਕੀਤੀ ਗਈ।ਇਸ ਮੀਟਿੰਗ ਨੂੰ ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਚਰਨਜੀਤ ਸਿੰਘ ਦੌਲਤਪੁਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਸਰਕਾਰ ਮਨਰੇਗਾ ਮਜ਼ਦੂਰਾਂ ਦੇ ਚੁੱਲੇ ਠੰਡੇ ਕਰਨ ਲਈ ਵੀ ਬੀ ਜੀ ਰਾਮ ਜੀ ਕਾਨੂੰਨ ਲਾਗੂ ਕਰ ਰਹੀ ਹੈ। ਭਾਵੇਂ ਕਿ ਇਸ ਕਾਨੂੰਨ ਰਾਹੀਂ ਸਰਕਾਰ ਮਜ਼ਦੂਰਾਂ ਨੂੰ 125 ਦਿਨ ਕੰਮ ਦੇਣ ਦਾ ਸਬਜ਼ਬਾਗ ਦਿਖਾ ਰਹੀ ਹੈ ਪਰ ਨਾਲ ਹੀ ਇਹ ਸ਼ਰਤ ਹੈ ਕਿ 40% ਮਿਹਨਤਾਨਾ ਸੂਬਾ ਸਰਕਾਰਾਂ ਦੇਣਗੀਆਂ ਜਿਹੜਾ ਕਿ ਮਜ਼ਦੂਰਾਂ ਨਾਲ ਧੋਖੇ ਤੋਂ ਇਲਾਵਾ ਹੋਰ ਕੁਝ ਨਹੀਂ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਬਿਜਲੀ ਸੋਧ ਬਿੱਲ 2025 ਅਤੇ ਬੀਜ ਬਿੱਲ ਲਿਆ ਕੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਧੋਖੇ ਵਿੱਚ ਰਖਿਆ ਜਾ ਰਿਹਾ ਹੈ। ਸੀਟੂ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਮਹਾਂ ਸਿੰਘ ਰੌੜੀ ਨੇ ਦੱਸਿਆ ਕਿਰਤੀ ਕਾਮਿਆਂ ਅਤੇ ਮਿੱਲਾਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੇ ਹੱਕਾਂ ਹਕੂਕਾਂ ਨੂੰ ਦਬਾਉਣ ਲਈ 44 ਕਿਰਤ ਕਾਨੂੰਨ ਰੱਦ ਕਰਕੇ 4 ਕੋਡ ਬਣਾਏ ਗਏ ਹਨ ਤਾਂ ਕਿ ਮਜ਼ਦੂਰਾਂ ਦੇ ਹੱਕਾਂ ਨੂੰ ਦਬਾਇਆ ਜਾ ਸਕੇ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਦੇ ਖਿਲਾਫ 12 ਫਰਵਰੀ ਨੂੰ ਸਾਰੇ ਦੇਸ਼ ਅੰਦਰ ਮਜ਼ਦੂਰਾਂ, ਕਿਰਤੀ ਵਰਗ ਕਿਸਾਨਾਂ ਅਤੇ ਫੈਕਟਰੀਆਂ ਦੇ ਵਰਕਰਾਂ ਵਲੋਂ ਜਨਰਲ ਹੜਤਾਲ ਕੀਤੀ ਜਾ ਰਹੀ ਹੈ।ਇਸ ਮੌਕੇ ਤੇ ਗੁਰਪ੍ਰੀਤ ਸਿੰਘ, ਸਰਪੰਚ ਨਾਨਕ ਸਿੰਘ, ਅਮਰਜੀਤ ਸਿੰਘ, ਸੁਰਿੰਦਰ ਸਿੰਘ, ਜਸਪਾਲ ਸਿੰਘ, ਸਤਨਾਮ, ਪ੍ਰੇਮ ਲਾਲ ਸੁਮੇਲ ਸਿੰਘ,ਬਾਵਾ ਸਿੰਘ, ਮਲਕੀਤ ਕੌਰ ਸਰਬਜੀਤ ਕੌਰ ਤੇ ਰੇਸ਼ਮ ਕੌਰ ਸ਼ਾਮਲ ਸਨ।

# ਇਮਤਿਹਾਨ ਤੋਂ ਪਹਿਲਾਂ ਦਸਵੀਂ ਦੇ ਵਿਦਿਆਰਥੀਆਂ ਲਈ ਹਵਨ ਯੱਗ ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ ਨੇ 2025-26 ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਮਲ ਹੋ ਰਹੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਪਰਮਾਤਮਾ ਦੀ ਕਿਰਪਾ ਪ੍ਰਾਪਤ ਕਰਨ ਦੇ ਉਦੇਸ਼ ਨਾਲ ਆਪਣੇ ਪੰਜਾਂ ਕੈਂਪਸਾਂ—ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ-ਜੰਡਿਆਲਾ ਰੋਡ, ਨੂਰਪੁਰ ਰੋਡ ਅਤੇ ਕਪੂਰਥਲਾ ਰੋਡ ਵਿੱਚ ਹਵਨ ਕਰਵਾਇਆ ਗਿਆ। ਇਸ ਪਵਿੱਤਰ ਹਵਨ ਦੀ ਸ਼ੋਭਾ ਐਗਜ਼ਿਕਿਊਟਿਵ ਡਾਇਰੈਕਟਰ ਆਫ਼ ਸਕੂਲਜ਼ ਸ਼ੈਲੀ ਬੋਰੀ ਨੇ ਵਧਾਈ। ਇਸ ਦੇ ਨਾਲ ਹੀ ਸਬੰਧਿਤ ਸਕੂਲ ਪ੍ਰਿੰਸੀਪਲ— ਰਾਜੀਵ ਪਾਲੀਵਾਲ (ਗ੍ਰੀਨ ਮਾਡਲ ਟਾਊਨ), ਸ਼ਾਲੂ ਸਹਿਗਲ (ਲੋਹਾਰਾਂ), ਸੋਨਾਲੀ (ਕੈਂਟ-ਜੰਡਿਆਲਾ ਰੋਡ), ਮੀਨਾਕਸ਼ੀ ਸ਼ਰਮਾ ਤੇ ਜਸਮੀਤ



ਬਖ਼ਸ਼ੀ (ਨੂਰਪੁਰ ਰੋਡ) ਤੇ ਸ਼ੀਤੂ ਖੰਨਾ (ਕਪੂਰਥਲਾ ਰੋਡ) ਨੇ ਹਾਜ਼ਰੀ ਭਰੀ। ਅਧਿਆਪਕ ਵਰਗ ਅਤੇ ਵਿਦਿਆਰਥੀਆਂ ਨੇ ਵੀ ਸਮਾਰੋਹ ਵਿੱਚ ਸਰਗਰਮ ਭਾਗ ਲਿਆ।ਮੰਤਰੋ ਉਚਾਰਣ ਨਾਲ ਆਤਮਿਕ ਅਤੇ ਸ਼ਾਂਤਮਈ ਵਾਤਾਵਰਣ ਬਣਿਆ, ਜਿਸ ਨਾਲ ਚਾਰੇ ਪਾਸੇ ਸਕਾਰਾਤਮਕਤਾ ਅਤੇ ਭਗਤੀ ਦੀ ਭਾਵਨਾ ਫੈਲ ਗਈ। ਸਾਰਿਆਂ ਨੂੰ ਆਸ਼ੀਰਵਾਦ ਅਤੇ ਕ੍ਰਿਤਜਤਾ ਦੇ ਪ੍ਰਤੀਕ ਵਜੋਂ ਪ੍ਰਸਾਦ ਵੀ ਵੰਡਿਆ ਗਿਆ।ਹਵਨ ਤੋਂ ਬਾਅਦ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਕਾਉਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਵਿਸ਼ੇਸ਼ਗਿਆ ਨੇ ਤਣਾਅ ਪ੍ਰਬੰਧਨ, ਸਮਾਂ ਪ੍ਰਬੰਧਨ ਅਤੇ ਪ੍ਰਭਾਵਸ਼ਾਲੀ ਪੜ੍ਹਾਈ ਤਕਨੀਕਾਂ ਬਾਰੇ ਕੀਮਤੀ ਮਾਰਗਦਰਸ਼ਨ ਦਿੱਤਾ, ਤਾਂ ਜੋ ਵਿਦਿਆਰਥੀ ਆਤਮਵਿਸ਼ਵਾਸ ਨਾਲ ਆਪਣੀਆਂ ਆਉਣ ਵਾਲੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਸਕਣ।

# ਮੇਲੇ ਦੀ ਸਮਾਪਤੀ ਦੇ ਬਾਵਜੂਦ ਲੱਗੀਆਂ ਰੇਹੜੀਆਂ-ਫੜ੍ਹੀਆਂ ਨੂੰ ਨਗਰ ਨਿਗਮ ਨੇ ਹਟਾਇਆ, ਸਾਮਾਨ ਕੀਤਾ ਜ਼ਬਤ

**ਜਲੰਧਰ, (ਸੁਰਿੰਦਰ ਕੁਮਾਰ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਮੌਕੇ ਲੱਗੇ ਮੇਲੇ ਤੋਂ ਕਈ ਦਿਨ ਬਾਅਦ ਵੀ ਰੇਹੜੀ ਫੜ੍ਹੀ ਵਾਲਿਆਂ ਵੱਲੋਂ ਰਸਤਾ ਖਾਲੀ ਨਾ



ਕਰਨ ਤੇ ਨਗਰ ਨਿਗਮ ਅਤੇ ਟ੍ਰੈਫਿਕ ਪੁਲਿਸ ਵੱਲੋਂ ਵੱਡੀ ਕਾਰਵਾਈ ਕੀਤੀ ਗਈ। ਮੇਲੇ ਦੀ ਸਮਾਪਤੀ ਤੋਂ ਬਾਅਦ ਵੀ ਕਈ ਵਿਕਰੇਤਾ ਸੜਕ ਖਾਲੀ ਕਰਨ ਲਈ ਤਿਆਰ ਨਹੀਂ ਸਨ, ਜਿਸ ਕਾਰਨ ਪ੍ਰਸ਼ਾਸਨ ਨੇ ਸਖ਼ਤ ਕਦਮ ਚੁੱਕਦੇ ਹੋਏ ਸਾਮਾਨ ਜ਼ਬਤ ਕਰ ਲਿਆ।ਪ੍ਰਸ਼ਾਸਨ ਵਲੋਂ ਸਮਾਂ ਦਿੱਤਾ ਗਿਆ ਸੀ। ਜਾਣਕਾਰੀ ਮੁਤਾਬਕ, ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਸਮਾਂ ਅਤੇ ਚੇਤਾਵਨੀ ਦਿੱਤੀ ਗਈ ਸੀ ਕਿ ਸੜਕਾਂ ਖਾਲੀ ਕਰ ਦਿੱਤੀਆਂ ਜਾਣ ਪਰ ਇਸ ਦੇ ਬਾਵਜੂਦ ਰੇਹੜੀ-ਫੜ੍ਹੀ ਵਾਲਿਆਂ ਨੇ ਸੜਕਾਂ ਸਾਫ਼ ਨਹੀਂ ਕੀਤੀਆਂ। ਇਸ ਤੋਂ ਬਾਅਦ ਨਗਰ ਨਿਗਮ ਤੇ ਟ੍ਰੈਫਿਕ ਪੁਲਿਸ ਨੇ ਸਾਂਝੀ ਕਾਰਵਾਈ ਕਰਦੇ ਹੋਏ ਸਾਮਾਨ ਜ਼ਬਤ ਕਰਨਾ ਸ਼ੁਰੂ ਕਰ ਦਿੱਤਾ। ਨਗਰ ਨਿਗਮ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਸ੍ਰੀ ਗੁਰੂ ਰਵਿਦਾਸ ਚੌਂਕ ਤੋਂ ਵਡਾਲਾ ਚੌਂਕ ਤੱਕ ਕੀਤੀ ਗਈ। ਉਨ੍ਹਾਂ ਕਿਹਾ ਕਿ ਦੁਕਾਨਦਾਰਾਂ ਨੂੰ ਤਿੰਨ ਦਿਨ ਪਹਿਲਾਂ ਹੀ ਚੇਤਾਵਨੀ ਦਿੱਤੀ ਗਈ ਸੀ, ਪਰ ਫਿਰ ਵੀ ਦੁਕਾਨਾਂ ਨਹੀਂ ਹਟਾਈਆਂ ਗਈਆਂ। ਕਾਰਵਾਈ ਦੌਰਾਨ ਮੌਕੇ 'ਤੇ ਹੰਗਾਮਾ ਹੋ ਗਿਆ। ਇਸ ਦੌਰਾਨ ਇੱਕ ਔਰਤ ਜ਼ਬਤ ਕੀਤੇ ਸਾਮਾਨ ਨੂੰ ਲੈ ਕੇ ਜਾ ਰਹੀ ਨਗਰ ਨਿਗਮ ਦੀ ਗੱਡੀ ਦੇ ਸਾਹਮਣੇ ਖੜ੍ਹ ਗਈ ਅਤੇ ਗੱਡੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਕਰਮਚਾਰੀਆਂ ਵੱਲੋਂ ਉਸ ਨੂੰ ਹਟਾ ਦਿੱਤਾ ਗਿਆ ਅਤੇ ਸਾਮਾਨ ਨਗਰ ਨਿਗਮ ਦਫ਼ਤਰ ਲੈ ਜਾਇਆ ਗਿਆ। ਦੂਜੇ ਪਾਸੇ ਵਿਕਰੇਤਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਐਤਵਾਰ ਤੱਕ ਸਮਾਂ ਦਿੱਤਾ ਗਿਆ ਸੀ ਅਤੇ ਉਹ ਅੱਜ ਆਪਣਾ ਸਾਮਾਨ ਪੈਕ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਮੇਲੇ ਵਿੱਚ ਇੰਨੀ ਕਮਾਈ ਨਹੀਂ ਹੋਈ ਤੇ ਜਿੰਨੇ ਦਾ ਸਾਮਾਨ ਜ਼ਬਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ 1 ਫਰਵਰੀ ਨੂੰ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਸੀ।

# ਪੰਜਾਬੀ ਸਾਹਿਤ ਮੰਚ ਵੱਲੋਂ ਮਨਮੋਹਣ ਸਿੰਘ ਨਾਗਰਾ ਸਨਮਾਨਤ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਇਲਾਕੇ ਦੇ ਪਿੰਡ ਮਹਿੰਦਪੁਰ ਵਿੱਖੇ ਪੰਜਾਬੀ ਸਾਹਿਤ ਮੰਚ ਬਲਾਚੌਰ ਵੱਲੋਂ ਨਾਮਵਰ ਸ਼ਖ਼ਸ਼ੀਅਤ ਐਡਵੋਕੇਟ (ਡਾ) ਮਨਮੋਹਣ ਸਿੰਘ ਨਾਗਰਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਐਡਵੋਕੇਟ (ਡਾ.)



ਮਨਮੋਹਨ ਸਿੰਘ ਰਾਏ ਪੰਜਾਬੀ ਸਾਹਿਤ ਮੰਚ ਬਲਾਚੌਰ ਦੇ ਬਾਨੀਆਂ ਵਿੱਚੋਂ ਇਕ ਤੇ ਮੁੱਖ ਸਲਾਹਕਾਰ ਹਨ। ਪ੍ਰਧਾਨ ਸੁਰਿੰਦਰ ਸਿੰਘ ਰਾਏ ਨੇ ਐਡਵੋਕੇਟ ਨਾਗਰਾ ਨੂੰ ਲੋਈ ਅਤੇ ਨਵੀਂ ਪੁਸਤਕ ਕਵੀ, ਬ੍ਰਿਖ ਤੇ ਆਜੜੀ ਦੀ ਇਕ ਕਾਪੀ ਭੇਟ ਕੀਤੀ ਗਈ।ਰਾਏ ਨੇ ਦੱਸਿਆ ਸੁਰਿੰਦਰ ਸਿੰਘ ਰਾਏ ਨੇ ਦੱਸਿਆ ਕਿ ਨਾਮਵਰ ਸ਼ਖ਼ਸ਼ੀਅਤ ਐਡਵੋਕੇਟ ਮਨਮੋਹਣ ਸਿੰਘ ਨਾਗਰਾ ਅਧਿਆਪਨ ਕਿੱਤੇ ਨਾਲ ਸੰਬਧਤ ਰਹੇ ਤੇ 36 ਵਰ੍ਹੇ ਉਨ੍ਹਾਂ ਨੇ ਨੌਕਰੀ ਕੀਤੀ ਅਤੇ ਪੰਜਾਬ ਸਰਵਿਸਜ ਐਸੋਸ਼ੀਏਸ਼ਨ ਦੇ ਕਰਤਾ ਧਰਤਾ ਰਹੇ। ਐਡਵੋਕੇਟ ਮਨਮੋਹਣ ਸਿੰਘ ਨਾਗਰਾ ਨੇ ਬੀ ਐਸ ਸੀ, ਐਮ ਏ (ਇੰਗਲਿਸ਼), ਐਮ ਏਡ ਤੋਂ ਬਾਅਦ ਐਲ ਐਲ ਬੀ ਤੋਂ ਬਾਅਦ ਐਲ ਐਲ ਐਮ ਕੀਤੀ ਅਤੇ ਫਿਰ ਕਾਨੂੰਨ ਵਿੱਚ ਪੀ ਐਚ ਡੀ ਕੀਤੀ ਜੋ ਸ਼ਾਇਦ ਜਿਲ੍ਹੇ ਵਿੱਚ ਇਨ੍ਹਾਂ ਨੇ ਹੀ ਕੀਤੀ।ਇਸ ਮੌਕੇ ਐਡਵੋਕੇਟ ਨਾਗਰਾ ਨੇ ਨੌਜਵਾਨ ਵਰਗ ਨੂੰ ਅਪੀਲ ਕੀਤੀ ਕਿ ਉਹ ਸਾਹਿਤ ਨਾਲ ਪ੍ਰੇਮ ਕਰਨ ਅਤੇ ਵਧੀਆ ਲੇਖਕਾਂ ਦੀਆਂ ਕਿਤਾਬਾਂ ਖਰੀਦ ਕੇ ਪੜਣ।ਉਨ੍ਹਾਂ ਕਹਾਣੀਕਾਰ ਸੁਰਿੰਦਰ ਸਿੰਘ ਰਾਏ ਨੂੰ ਵਧਾਈ ਦਿੱਤੀ ਜਿਹੜੇ ਕਿ ਆਪਣੀ ਮਾਂ ਬੋਲੀ ਦੀ ਭਰਪੂਰ ਸੇਵਾ ਕਰ ਰਹੇ ਹਨ ਤੇ ਪੰਜਾਬ ਦੀ ਮਿੱਟੀ ਨਾਲ ਮੋਹ ਕਰਦੇ ਹਨ।ਸਨਮਾਨ ਮੌਕੇ ਮਾਸਟਰ ਜਗਮੋਹਣ ਸਿੰਘ ਨਾਗਰਾ, ਬਲਵੀਰ ਕੌਰ ਤੇ ਸਤਵਿੰਦਰ ਕੌਰ ਆਦਿ ਹਾਜ਼ਰ ਸਨ।

# ਸ਼ਿਵਰਾਤਰੀ ਦੇ ਸ਼ੁਭ ਦਿਹਾੜੇ 'ਤੇ ਭੰਡਾਰਾ 15 ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸਮੂਹ ਨਗਰ ਨਿਵਾਸੀ ਪਿੰਡ ਤਾਜੇਵਾਲ ਵੱਲੋਂ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਸ਼ਿਵਰਾਤਰੀ ਦੇ ਸ਼ੁਭ ਦਿਹਾੜੇ ਤੇ ਖੁਵਾਜਾ ਪੀਰ ਜੀ ਅਤੇ ਬਾਬਾ ਗਿਆਨ ਦਾਸ ਜੀ ਦੇ ਦਰਬਾਰ ਤੇ ਭੰਡਾਰਾ ਅਤੇ ਨਕਲਾਂ ਦਾ ਪ੍ਰੋਗਰਾਮ 15 ਫਰਵਰੀ ਦਿਨ ਐਤਵਾਰ ਨੂੰ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ



ਦਿੰਦਿਆਂ ਪਿੰਡ ਦੀ ਸਰਪੰਚ ਦਲਜੀਤ ਕੌਰ ਤੇ ਸੰਤ ਪਵਨ ਕੁਮਾਰ ਤਾਜੇਵਾਲ ਨੇ ਦੱਸਿਆ ਕਿ ਇਸ ਮੌਕੇ ਪਿੰਡ ਨੱਸਰਾ ਬੰਧਨਾ ਤੋਂ ਆ ਰਹੀ ਸ਼ੋਭਾ ਯਾਤਰਾ ਦਾ ਸਵਾਗਤ ਕੀਤਾ ਜਾਵੇਗਾ ਅਤੇ ਸੰਗਤਾਂ ਨੂੰ ਲੰਗਰ ਆਦਿ ਛਕਾਇਆ ਜਾਵੇਗਾ। ਇਸ ਮੌਕੇ ਉਹਨਾਂ ਸਮੂਹ ਨਗਰ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਮਾਗਮ ਵਿੱਚ ਸ਼ਾਮਿਲ ਹੋ ਕੇ ਉਸ ਸਰਬ ਸ਼ਕਤੀਮਾਨ ਪਰਮਾਤਮਾ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਜੋ ਇਸ ਬ੍ਰਹਿਮੰਡ ਦੇ ਕਣ - ਕਣ ਵਿੱਚ ਮੌਜੂਦ ਹੋ ਕੇ ਸਭਨਾਂ ਜੀਵਾਂ ਦੀ ਪ੍ਰਤਿਪਾਲਨਾ ਕਰ ਰਿਹਾ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਭਲਕ ਦੀ ਹੜਤਾਲ ਨੂੰ ਸਫ਼ਲ ਬਣਾਉਣ ਦਾ ਸੱਦਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸਮੂਹ ਲੇਖਕਾਂ, ਵਿਦਵਾਨਾਂ ਅਤੇ ਚਿੰਤਕਾਂ ਨੂੰ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫ਼ਲ ਬਣਾਉਣ ਦਾ ਸੱਦਾ ਦਿੱਤਾ ਗਿਆ ਹੈ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਇੱਥੋਂ ਜਾਰੀ ਸਾਂਝੇ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਇਹ ਹੜਤਾਲ ਕੇਂਦਰ ਸਰਕਾਰ ਦੀਆਂ ਉਹਨਾਂ ਨੀਤੀਆਂ ਖ਼ਿਲਾਫ਼ ਹੈ ਜੋ ਦੇਸ਼ ਦੀ ਅਰਥਵਿਵਸਥਾ, ਕਿਸਾਨੀ, ਮਜ਼ਦੂਰ ਵਰਗ ਅਤੇ ਲੋਕ-ਹਿਤੈਸ਼ੀ ਸਕੀਮਾਂ ਨੂੰ ਗੰਭੀਰ ਨੁਕਸਾਨ ਪਹੁੰਚਾ ਰਹੀਆਂ ਹਨ। ਉਹਨਾਂ ਕਿਹਾ ਕਿ ਇਸ ਹੜਤਾਲ ਦਾ ਮੁੱਖ ਮਕਸਦ ਕੇਂਦਰ ਸਰਕਾਰ ਦੀਆਂ ਨਿੱਜੀਕਰਨ ਸਬੰਧੀ ਮਾਰੂ ਨੀਤੀਆਂ ਦਾ ਕਰੜਾ ਵਿਰੋਧ, ਬਿਜਲੀ ਬਿੱਲ 2025, ਬੀਜ ਬਿੱਲ 2025 ਅਤੇ ਨਰੇਗਾ ਸਕੀਮ ਦੇ ਸਰੂਪ ਵਿੱਚ ਕੀਤੇ ਜਾ ਰਹੇ ਨੁਕਸਾਨਦਾਇਕ ਬਦਲਾਅ ਦੇ ਖ਼ਿਲਾਫ਼ ਸਖ਼ਤ ਆਵਾਜ਼ ਉਠਾਉਣਾ ਹੈ। ਇਸ ਦੇ ਨਾਲ ਹੀ ਚਾਰ ਲੇਬਰ ਕੋਡ ਰੱਦ ਕਰਕੇ ਉਹਨਾਂ ਦੀ ਥਾਂ ਮਜ਼ਦੂਰ-ਪੱਖੀ ਕਾਨੂੰਨ ਬਣਾਏ ਜਾਣ ਦੀ ਮੰਗ ਵੀ ਹੜਤਾਲ ਦੇ ਕੇਂਦਰੀ ਮਸਲਿਆਂ ਵਿੱਚ ਸ਼ਾਮਲ ਹੈ।

# ਹੋਮ ਨਰਸਿੰਗ ਟ੍ਰੇਨਿੰਗ ਸੰਬੰਧੀ ਕੈਂਪ ਲਗਾਇਆ



**ਮੋਹਾਲੀ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਐੱਸ ਏ ਐੱਸ ਨਗਰ ਕੋਮਲ ਮਿੱਤਲ, ਦੀ ਅਗਵਾਈ ਹੇਠ ਸੇਂਟ ਜਾਨ ਐਬੂਲੈਂਸ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਮ ਨਰਸਿੰਗ ਟ੍ਰੇਨਿੰਗ ਸੰਬੰਧੀ 28 ਜਨਵਰੀ ਤੋਂ 10 ਫਰਵਰੀ ਤੱਕ ਟ੍ਰੇਨਿੰਗ ਕੈਂਪ ਲਗਾਇਆ ਗਿਆ, ਜਿਸ ਵਿੱਚ ਭਾਰਤੀ ਰੈਡ ਕਰਾਸ ਦੇ ਟ੍ਰੇਨਰ ਸੰਦੀਪ ਸਿੰਘ ਵੱਲੋਂ ਸਿਖਿਆਰਥੀਆਂ ਨੂੰ ਰੋਗੀ ਦੇ ਘਰ ਵਿੱਚ ਰੋਗੀ ਦੀ ਸੇਵਾ ਕਰਨ ਅਤੇ ਹਸਪਤਾਲ ਵਿੱਚ ਸਹਾਇਕ ਨਰਸ ਦਾ ਕੰਮ ਕਰਨ ਦੀ ਸਿਖਲਾਈ ਦਿੱਤੀ ਗਈ, ਜਿਸ ਵਿੱਚ ਸਿਖਿਆਰਥੀਆਂ ਨੂੰ ਰੋਗੀ ਦਾ ਪ੍ਰੇਖਣ, ਰੋਗੀ ਦੀ ਸਾਫ ਸਫਾਈ ਅਤੇ ਸ਼ਿੰਗਾਰ, ਰੋਗੀ ਦੇ ਕਮਰੇ, ਬਿਸਤਰੇ, ਖੁਰਾਕ, ਦਵਾਈਆਂ ਦੀ ਸੰਭਾਲ ਅਤੇ ਵਰਤੋਂ, ਆਮ ਰੋਗਾਂ ਤੇ ਉਨ੍ਹਾਂ ਦੇ ਇਲਾਜ, ਪੱਟੀਆਂ ਆਦਿ ਬਾਰੇ ਸਿਖਲਾਈ ਦਿੱਤੀ ਗਈ। ਇਸ ਸਿਖਲਾਈ ਉਪਰੰਤ ਇਹ ਰੋਗੀ ਦੇ ਘਰ ਵਿੱਚ ਰੋਗੀ ਦੀ ਸੇਵਾ ਕਰਨਾ ਤੇ ਹਸਪਤਾਲ ਵਿੱਚ ਸਹਾਇਕ ਨਰਸ ਦਾ ਕੰਮ ਕਰ ਸਕਦੇ ਹਨ। ਹਰਬੰਸ ਸਿੰਘ ਸਕੱਤਰ ਵਲੋਂ ਸਿਖਿਆਰਥੀਆਂ ਨੂੰ ਰੈਡ ਕਰਾਸ ਦੇ ਸਿਧਾਂਤਾਂ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਅਤੇ ਸੰਸਥਾ ਵੱਲੋਂ ਜ਼ਿਲ੍ਹੇ ਵਿੱਚ ਗਰੀਬਾਂ, ਮਰੀਜਾਂ, ਲੋੜਵੰਦਾਂ ਅਤੇ ਦਿਵਿਆਂਗਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ ਗਿਆ ਅਤੇ ਸੰਸਥਾ ਨਾਲ ਜੁੜ ਕੇ ਮਾਨਵਤਾ ਦੀ ਸੇਵਾ ਕਰਨ ਦੀ ਅਪੀਲ ਕੀਤੀ ਗਈ।

# ਬਾਬਾ ਅਜੀਤ ਸਿੰਘ ਦਾ ਜਨਮ ਦਿਹਾੜਾ ਭਲਕੇ ਮਨਾਇਆ ਜਾਵੇਗਾ

**ਮੋਹਾਲੀ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਮ ਪਿਤਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵੱਡੇ ਸਪੁੱਤਰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦਾ ਜਨਮ ਦਿਹਾੜਾ 12 ਫਰਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਜਨਮ ਦਿਹਾੜੇ ਦੇ ਖੁੱਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜੱਥੇ, ਇੰਟਰਨੈਸ਼ਨਲ ਢਾਡੀ ਜੱਥੇ ਅਤੇ ਉਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਸਾਰਾ ਦਿਨ ਹਰਜੱਸ ਸੁਨਾ ਕੇ ਨਿਹਾਲ ਕਰਣਗੇ । ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਾਇਆ ਜਾਵੇਗਾ ।

# ਮੁੱਖਲਿਆਣਾ ਵਿਖੇ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਮੁੱਖਲਿਆਣਾ ਵਿਖੇ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਸ਼ਰਧਾ ਭਾਵਨਾ ਨਾਲ ਸਜਾਏ ਗਏ।ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਗੁਰਮੇਲ ਚੰਦ ਫੌਜੀ, ਭਾਈ ਕਮਲਜੀਤ ਸਿੰਘ ਗ੍ਰੰਥੀ



ਖਜ਼ਾਨਚੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਸ਼ਰਧਾ ਭਾਵਨਾ ਨਾਲ ਕੀਰਤਨ ਸਜਾਏ ਗਏ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਇਹ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸਮਾਪਤੀ ਹੋਈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਵਿਸ਼ਾਲ ਨਗਰ ਕੀਰਤਨ ਦੌਰਾਨ ਵੱਖ ਵੱਖ ਮੁਹੱਲਿਆਂ ਵਿੱਚ ਸਵਾਗਤੀ ਗੇਟ ਲਗਾ ਕੇ ਫੁੱਲਾਂ ਦੀ ਵਰਖਾ ਕਰਕੇ ਸੰਗਤਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਵਿਸ਼ਾਲ ਨਗਰ ਕੀਰਤਨ ਦੌਰਾਨ ਸੰਗਤਾਂ ਵੱਲੋਂ ਲੰਗਰ ਲਗਾਏ ਗਏ। ਉਨ੍ਹਾਂ ਦੱਸਿਆ ਕਿ ਵਿਸ਼ਾਲ ਨਗਰ ਕੀਰਤਨ ਦੌਰਾਨ ਭਾਈ ਭੁਪਿੰਦਰ ਸਿੰਘ ਅਣਖੀ, ਰਮਨਦੀਪ ਸਿੰਘ ਪੰਚ, ਰੇਸ਼ਮ ਲਾਲ,ਪ੍ਰਭਾਤ ਫੇਰੀ ਜੱਥਾ ਆਦਿ ਨੇ ਗੁਰਬਾਣੀ, ਗੁਰਇਤਿਹਾਸ, ਕਥਾ ਕੀਰਤਨ, ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵਿਸ਼ਾਲ ਨਗਰ ਕੀਰਤਨ ਦੌਰਾਨ ਪ੍ਰਧਾਨ ਗੁਰਮੇਲ ਚੰਦ ਨੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਸੰਗਤਾਂ ਦਾ ਨਗਰ ਕੀਰਤਨ ਵਿੱਚ ਸਹਿਯੋਗ ਦੇਣ ਤੇ ਧੰਨਵਾਦ ਕੀਤਾ।ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਸ਼ਾਲ ਨਗਰ ਦੌਰਾਨ ਪ੍ਰਧਾਨ ਗੁਰਮੇਲ ਚੰਦ ਫੌਜੀ, ਭਾਈ ਕਮਲਜੀਤ ਸਿੰਘ ਗ੍ਰੰਥੀ ਖਜਾਨਚੀ, ਭਾਈ ਅਮਰੀਕ ਸਿੰਘ ਗ੍ਰੰਥੀ, ਪ੍ਰਸ਼ੋਤਮ ਲਾਲ, ਹਰੀ ਸਿੰਘ ਪੰਚ, ਸਤਨਾਮ ਸਿੰਘ, ਰਮਨਦੀਪ ਸਿੰਘ ਪੰਚ, ਰੇਸ਼ਮ ਲਾਲ, ਸੋਨੀਆ, ਪੂਜਾ, ਮੱਖਣ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਮਾਈ ਭਾਰਤ ਬਜਟ-2026 ਕੁਐਸਟ ਮੁਕਾਬਲੇ ਕਰਵਾਏ

**ਹੁਸ਼ਿਆਰਪੁਰ (ਨ ਜ ਸ)**- ਇੱਥੇ ਮਾਈ ਭਾਰਤ ਹੁਸ਼ਿਆਰਪੁਰ ਵਲੋਂ 'ਮਾਈ ਭਾਰਤ ਬਜਟ-2026 ਕੁਐਸਟ' ਮੁਕਾਬਲੇ ਵਿੱਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਲਈ ਸਥਾਨਕ ਐਸ.ਡੀ.ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਵਿਖੇ ਇਕ ਪ੍ਰੋਗਰਾਮ ਕੀਤਾ ਗਿਆ ਜਿਸ ਵਿੱਚ ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਦੇ ਨਿਰਦੇਸ਼ਕ ਅਸ਼ੋਕ ਪੁਰੀ ਤੇ ਪ੍ਰਿੰਸੀਪਲ ਪੁਨੀਤ ਕੁਮਾਰ ਸਚਦੇਵਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਪ੍ਰੋਗਰਾਮ ਦਾ ਆਯੋਜਨ ਸਕੂਲ ਦੇ ਡੀ ਪੀ ਮਧੁਸੂਦਨ ਨੇ ਕੀਤਾ। ਇਹ ਖੋਜ ਪ੍ਰਤੀਯੋਗਿਤਾ ਦੇ ਪਹਿਲੇ ਫੇਜ਼ ਦੀ ਆਖਰੀ ਤਰੀਖ 17 ਫਰਵਰੀ ਹੈ। ਇਸ ਮੌਕੇ ਤੇ ਅਸ਼ੋਕ ਪੁਰੀ ਨੇ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਪ੍ਰਸ਼ਨ-ਉਤਰੀ ਸਵਾਲ ਜਵਾਬ ਸਕੂਲੀ ਸਿੱਖਿਆ ਦੇ ਨਾਲ ਜਰਨਲ-ਨਾੱਲਿਜ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਅੱਗੇ ਕਿਹਾ ਕਿ ਇਸ ਸਾਲ ਦੇ ਬਜਟ ਭਾਸ਼ਣ ਦੌਰਾਨ, ਵਿੱਤ ਮੰਤਰੀ ਨੇ ਨੌਜਵਾਨਾਂ ਦੀ ਨਵੀਨਤਾਕਾਰੀ ਸੋਚ ਦੀ ਸ਼ਲਾਘਾ ਕੀਤੀ ਸੀ ਤੇ ਕਿਹਾ ਸੀ ਕਿ 'ਵਿਕਸਿਤ ਭਾਰਤ ਯੂਥ ਲੀਡਰਸ਼ਿਪ ਡਾਇਲਾਗ' ਦੌਰਾਨ ਪ੍ਰਾਪਤ ਹੋਏ ਕਈ ਸੁਝਾਵਾਂ ਨੂੰ ਬਜਟ ਵਿੱਚ ਸ਼ਾਮਲ ਕੀਤਾ ਗਿਆ ਸੀ। 'ਮਾਈ ਭਾਰਤ ਬਜਟ ਕੁਐਸਟ' ਨੀਤੀ ਨਿਰਮਾਣ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਨੂੰ ਸਮਰੱਥ ਬਣਾ ਕੇ ਇਸੇ ਪਰੰਪਰਾ ਨੂੰ ਜਾਰੀ ਰੱਖਦਾ ਹੈ। +1 ਕਾਮਰਸ ਦੇ ਵਿਦਿਆਰਥੀ ਧਰੁਵ ਸ਼ਰਮਾ ਅਤੇ ਆਦਿਤਿਆ ਕੁਮਾਰ ਦੇ ਨਾਲ-ਨਾਲ ਨਾਨ-ਮੈਡੀਕਲ ਦੇ ਰੋਸ਼ਨ ਕੁਮਾਰ, ਆਦਰਸ਼ ਅਤੇ ਰਾਹੁਲ ਦੀ ਚੋਣ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਦੀ ਸੈਕੰਡ ਫੇਜ਼ 18 ਫਰਵਰੀ ਤੋਂ 17 ਮਾਰਚ ਤੱਕ ਚੱਲੇਗੀ। ਇਸ ਨਾਲ ਭਾਰਤ ਸਰਕਾਰ ਦਾ ਮਕਸਦ ਵਿਕਸਤ ਭਾਰਤ ਯੂਥ ਲੀਡਰਸ਼ਿਪ ਡਾਇਲਾੱਗ ਸ਼ੁਰੂ





ਕਰਨਾ ਹੈ। ਇਸ ਮੌਕੇ ਤੇ ਪ੍ਰਿੰਸੀਪਲ ਪੁਨੀਤ ਕੁਮਾਰ ਸਚਦੇਵਾ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਬਜਟ ਖੋਜ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਅਖੀਰ ਵਿੱਚ ਬਹੁ-ਰੰਗ ਕਲਾਮੰਚ ਵਲੋਂ ਧਰੁਵ ਸ਼ਰਮਾ, ਅਦਿੱਤਿਆ ਕੁਮਾਰ, ਰੌਸ਼ਨ ਕੁਮਾਰ, ਆਦਰਸ਼ ਅਤੇ ਰਾਹੁਲ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।

# ਕੰਗਣੀਵਾਲ ਦਾ ਵੇਈਂ ਵਾਲਾ ਪੁਲ ਛੇਤੀ ਬਣਾਇਆ ਜਾਵੇ : ਬਾਲੀ

**ਨੂਰਮਹਿਲ** : ਕੰਗਣੀਵਾਲ ਬੇਈ ਵਾਲਾ ਪੁੱਲ ਅੱਜ ਦਾ ਨਹੀਂ ਲਗਭਗ 40 ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ।ਇਸ ਬੇਈ ਵਾਲੇ ਪੁੱਲ ਦੀਆਂ ਸਾਈਡਾ ਸਾਰੀਆਂ ਟੁੱਟੀਆਂ ਹੋਈਆਂ ਹਨ। ਇਹ ਪੁੱਲ ਕਿਸੇ





ਵੇਲੇ ਵੀ ਹਾਦਸੇ ਦਾ ਸ਼ਿਕਾਰ ਹੋ ਸਕਦਾਂ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਮਾਜ ਸੇਵਕ ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਨੂਰਮਹਿਲ ਨੇ ਕਹੇ। ਉਨ੍ਹਾਂ ਕਿਹਾ ਕਿ ਜਲੰਧਰ ਤੋਂ ਬਾਇਆ ਜਮਸ਼ੇਰ, ਜੰਡਿਆਲਾ ਮੰਜਕੀ, ਨੂਰਮਹਿਲ ਤੇ ਤਲਵਣ ਆਦਿ ਕਸਬਿਆਂ ਅਤੇ ਸ਼ਹਿਰਾਂ ਨੂੰ ਇਸ ਕੰਗਣੀਵਾਲ ਬੇਈ ਦੇ ਪੁੱਲ ਤੋਂ ਰੋਜ਼ਾਨਾ ਹਜ਼ਾਰਾਂ ਦੇ ਹਿਸਾਬ ਨਾਲ ਟਰੱਕ,ਬੱਸਾਂ, ਗੱਡੀਆਂ , ਕਾਰਾਂ ਆਦਿ ਲੰਘਦੇ ਹਨ। ਬਰਸਾਤਾਂ ਦੇ ਮੌਸਮ ਦੌਰਾਨ ਕਈ ਵਾਰ ਇਸ ਦਾ ਬਰਸਾਤੀ ਪਾਣੀ ਜ਼ਿਆਦਾ ਹੋਣ ਕਰਕੇ ਅਤੇ ਪੁੱਲ ਕਮਜ਼ੋਰ ਹੋਣ ਕਰਕੇ ਡਿੱਗਣ ਦਾ ਡਰ ਬਣਿਆ ਰਹਿੰਦਾ ਹੈ। ਇਸ ਰਸਤੇ ਤੇ ਜਾਣ ਵਾਲੇ ਜੰਡਿਆਲਾ ਮੰਜਕੀ, ਨੂਰਮਹਿਲ ਅਤੇ ਤਲਵਣ ਆਦਿ ਕਸਬਿਆਂ ਅਤੇ ਪਿੰਡਾਂ ਦੇ ਲੋਕ ਜਲੰਧਰ ਤੋਂ ਵਾਇਆ ਜਮਸ਼ੇਰ ਅਤੇ ਵਾਇਆ ਨਕੋਦਰ ਜਾਂ ਚਲਾਂਗ ਸਮਰਾਵਾਂ ਆਦਿ ਬਹੁਤ ਜ਼ਿਆਦਾ ਲੰਮਾਂ ਸਫ਼ਰ ਤੈਅ ਕਰਕੇ ਆਉਣਾ ਪੈਂਦਾ ਹੈ। ਬਾਲੀ ਨੇ ਅੱਗੇ ਕਿਹਾ ਕਿ ਇਸ ਕੰਗਣੀਵਾਲ ਬੇਈ ਦੇ ਪੁੱਲ ਨੂੰ ਬਣਾਉਣ ਲਈ ਅਸੀਂ ਮੰਗ ਪੱਤਰ, ਕ੍ਰਮਵਾਰ, ਮਾਨਯੋਗ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਡਿਪਟੀ ਕਮਿਸ਼ਨਰ ਜਲੰਧਰ ਤੇ ਪੰਜਾਬ ਦੇ ਮੁੱਖ ਮੰਤਰੀ ਦੇ ਫ਼ੀਲਡ ਅਫ਼ਸਰ ਨਵਦੀਪ ਸਿੰਘ ਨੂੰ ਮੰਗ ਪੱਤਰ ਦੇ ਚੁੱਕੇ ਹਨ। ਮੈਂ ਕੰਗਣੀਵਾਲ ਬੇਈ ਦੇ ਪੁੱਲ ਤੇ ਲੱਗ ਭੱਗ ਇੱਕ ਘੰਟਾਂ ਧਰਨਾ ਲਾ ਕੇ ਮੰਗ ਕੀਤੀ ਕਿ ਇਸ ਕੰਗਣੀਵਾਲ ਬੇਈ ਦੇ ਪੁੱਲ ਨੂੰ ਛੇਤੀ ਤੋਂ ਛੇਤੀ ਬਣਾਇਆਂ ਜਾਵੇ।

# ਸਰਕਾਰ ਵਿਧਵਾਵਾਂ ਤੇ ਤਲਾਕਸ਼ੁਦਾ ਔਰਤਾਂ ਨੂੰ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਦੇ ਰਹੀ : ਕੌਂਸਲ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਮੁੱਖ ਮੰਤਰੀ ਸਿਹਤ ਯੋਜਨਾ ਸੂਬੇ ਭਰ ਵਿੱਚ ਲਾਗੂ ਕੀਤੀ ਜਾ ਰਹੀ ਹੈ, ਜੋ ਕਿ ਸੂਬੇ ਦਾ ਸਭ ਤੋਂ ਵੱਡਾ ਸਿਹਤ ਸੁਧਾਰ ਪ੍ਰੋਗਰਾਮ ਹੈ ਇਸ ਅਧੀਨ ਹੁਣ ਹਰ ਪਰਵਾਰ



ਨੂੰ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਮਿਲੇਗਾ। ਇਹ ਵਿਚਾਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਬੀਬੀ ਇੰਦਰਜੀਤ ਕੌਰ ਕੌਂਸਲ ਨੇ ਆਪਣੇ ਗ੍ਰਹਿ ਪਿੰਡ ਬਾਗਪੁਰ ਵਿਖੇ ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ । ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸੰਤੋਸ਼ ਸੈਣੀ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਅਰਚਨਾ ਉਪ ਪ੍ਰਧਾਨ ਤੇ ਰਚਨਾ ਵੀ ਸ਼ਾਮਿਲ ਹੋਏ । ਬੀਬੀ ਇੰਦਰਜੀਤ ਕੌਰ ਕੌਂਸਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਇੱਕ ਪਰਿਵਾਰ 5 ਲੱਖ ਰੁਪਏ ਤੱਕ ਦਾ ਇਲਾਜ ਕਰਵਾ ਸਕਦਾ ਸੀ, ਜਿਸ ਨੂੰ ਹੁਣ ਵਧਾ ਕੇ 10 ਲੱਖ ਰੁਪਏ ਕਰ ਦਿੱਤਾ ਗਿਆ ਹੈ ਤੇ ਇਸ ਯੋਜਨਾ ਨਾਲ ਲਗਭਗ 65 ਲੱਖ ਪਰਵਾਰਾਂ ਨੂੰ ਲਾਭ ਹੋਵੇਗਾ ਜਿਸ ਦਾ ਉਦੇਸ਼ ਸਮਾਜ ਦੇ ਹਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ । ਬੀਬੀ ਇੰਦਰਜੀਤ ਕੌਰ ਕੌਂਸਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਹੇਠ ਅਨੁਸੂਚਿਤ ਜਾਤੀਆਂ, ਈਸਾਈ ਬਰਾਦਰੀ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਹੋਰ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਅਤੇ ਅਨੁਸੂਚਿਤ ਜਾਤੀ ਦੀਆਂ ਵਿਧਵਾਵਾਂ ਤੇ ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਤਹਿਤ ਇਕ ਪਰਿਵਾਰ ਦੀਆਂ ਦੋ ਲੜਕੀਆਂ ਹੀ ਇਸ ਸਕੀਮ ਦਾ ਲਾਭ ਲੈ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਅਸ਼ੀਰਵਾਦ ਸਕੀਮ ਤਹਿਤ ਇਸ ਸੇਵਾ ਨੂੰ ਸਰਕਾਰ ਵੱਲੋਂ ਆਨਲਾਈਨ ਕੀਤਾ ਗਿਆ ਸੀ, ਜਿਸ ਤਹਿਤ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਜ਼ਿਆਦਾਤਰ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਅੱਗੇ ਇਹ ਵੀ ਦੱਸਿਆ ਕਿ ਸਕੀਮ ਵਿਚ ਹੋਰ ਪਾਰਦਰਸ਼ਤਾ ਲਿਆਉਣ ਲਈ ਪੰਜਾਬ ਸਰਕਾਰ ਵੱਲੋਂ ਹੁਣ ਅਸ਼ੀਰਵਾਦ ਪੋਰਟਲ ਨੂੰ ਸੇਵਾ ਕੇਂਦਰਾਂ ਨਾਲ ਜੋੜਨ ਉਪਰੰਤ ਲਾਭਪਾਤਰੀ ਆਪਣੇ ਨੇੜਲੇ ਸੇਵਾ ਕੇਂਦਰ ਤੋਂ ਘੱਟ ਖ਼ਰਚ 'ਤੇ ਆਸਾਨੀ ਨਾਲ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਸਕੀਮ ਦਾ ਲਾਭ ਲੈ ਸਕਣਗੇ।

# ਫੁੱਟਬਾਲ ਟੂਰਨਾਮੈਂਟ 'ਚ ਖਿਡਾਰੀਆਂ ਨੂੰ ਕੀਤਾ ਸਨਮਾਨਤ



**ਬਲਾਚੌਰ (ਜਸਵਿੰਦਰ ਬੈਂਸ)**- ਬੀਤੇ ਦਿਨੀ ਹਲਕਾ ਬਲਾਚੌਰ ਦੇ ਪਿੰਡ-ਗੁੱਲਪੁਰ ਵਿਖੇ ਫਰੈਂਡਸ ਸਪੋਰਟਸ ਕਲੱਬ, ਗ੍ਰਾਮ ਪੰਚਾਇਤ ਗੁੱਲਪੁਰ ਤੇ ਐੱਨ ਆਈ ਆਈ ਵੱਲੋਂ ਫੁਟਬਾਲ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਵੱਲੋਂ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਗਈ। ਅਜੇ ਮੰਗੂਪੁਰ ਨੇ ਕਿਹਾ ਕਿ ਇਸ ਤਰਾਂ ਦੇ ਉਪਰਾਲੇ ਸਾਡੇ ਬੱਚਿਆਂ ਦੇ ਵਧੀਆ ਭਵਿੱਖ ਨੂੰ ਸਿਰਜਣ ਵਿੱਚ ਸਹਾਈ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਕੱਲ ਸਾਡੀ ਨੌਜਵਾਨ ਪੀੜੀ ਸਿਰਫ ਮੋਬਾਈਲ ਫੋਨ ਵਿੱਚ ਹੀ ਸਾਰਾ ਦਿਨ ਗੁੱਝੀ ਰਹਿਦੀ ਹੈ, ਨੌਜਵਾਨ ਮੋਬਾਈਲ ਵਿੱਚ ਫੈਨਟਸੀ ਗੇਮਾਂ ਖੇਡ ਕੇ ਹੀ ਆਪਣਾ ਮਨ ਪਰਚਾਵਾ ਕਰ ਲੈਂਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਖੇਡ ਮੈਦਾਨ ਵਿੱਚ ਹਿੱਸਾ ਲੈ ਆਪਣਾ ਹੁਨਰ ਦਿਖਾਉਣ ਲਈ ਜ਼ੋਰ ਪਾਇਆ। ਇਸ ਮੌਕੇ ਅਜੇ ਮੰਗੂਪੁਰ ਵੱਲੋਂ ਟੀਮਾਂ ਨੂੰ ਸਨਮਾਨਤ ਕਰਦੇ ਹੋਏ ਸ਼ੀਲਡਾਂ ਵੰਡੀਆਂ ਗਈਆਂ ਅਤੇ ਖਿਡਾਰੀਆਂ ਦਾ ਪ੍ਰੋਤਸਾਹਨ ਕੀਤਾ ਗਿਆ। ਫੁਟਬਾਲ ਟੂਰਨਾਮੈਂਟ ਉਪਰੰਤ ਕਮੇਟੀ ਵੱਲੋਂ ਬੈਲ ਗੱਡੀਆਂ ਦੀਆ ਦੌੜਾਂ ਵੀ ਕਰਾਈਆਂ ਗਈਆਂ ਜਿਸ ਨੂੰ ਅਜੇ ਮੰਗੂਪੁਰ ਵੱਲੋਂ ਪੰਜਾਬ ਦੇ ਪਿੰਡਾਂ ਦੀ ਵਿਰਾਸਤ ਦੱਸਿਆ ਗਿਆ। ਉਨ੍ਹਾਂ ਵੱਲੋਂ ਸਾਰੀ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕਰਦਿਆਂ ਟੂਰਨਾਮੈਂਟ ਵਿੱਚ ਨਗਦ ਰਾਸ਼ੀ ਦਿੰਦਿਆਂ ਆਪਣਾ ਯੋਗਦਾਨ ਵੀ ਪਾਇਆ ਗਿਆ। ਇਸ ਮੌਕੇ ਅਜੇ ਮੰਗਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਸ਼ਹੀਦ ਭਗਤ ਸਿੰਘ ਨਗਰ, ਹਰਜਿੰਦਰ ਸਿੰਘ ਗੁੱਲਪੁਰ, ਮੁਖਵਿੰਦਰ ਸਿੰਘ ਸ਼ੇਰਗਿੱਲ ਸਰਪੰਚ, ਸੁਰਜੀਤ ਸਿੰਘ ਨਿੱਕਾ ਸ਼ੋਕਰ, ਕ੍ਰਾਂਤੀਵੀਰ ਸਿੰਗ ਛੋਕਰ, ਯੁਗਵਿੰਦਰ ਸਿੰਘ ਭਾਲਤੂ, ਰਾਜਵੀਰ ਸਿੰਘ, ਅਮਰ ਸ਼ੇਰਗਿੱਲ, ਰਛਪਾਲ ਸਿੰਘ ਛੋਕਰ, ਬਲਿਹਾਰ ਸਿੰਘ ਛੋਕਰ, ਰੇਸ਼ਮ ਸਿੰਘ ਮਾਣਕ ਆਦਿ ਆਜ਼ਰ ਸਨ।

## ਕਾਂਗਰਸ ਕਮੇਟੀ ਦੇ ਨਵੇਂ ਦਫ਼ਤਰ ਦਾ ਉਦਘਾਟਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਕਾਂਗਰਸ ਕਮੇਟੀ ਦੇ ਨਵੇਂ ਦਫ਼ਤਰ ਦਾ ਉਦਘਾਟਨ ਸੁਰਿੰਦਰ ਰਾਓ ਦਲਵੀ ਸਹਿ-ਇੰਚਾਰਜ ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨ ਹਰੀ ਸਿੰਘ ਖਾਈ, ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਮੋਗਾ ਦੀ ਹਲਕਾ ਇੰਚਾਰਜ ਮਾਲਵਿਕਾ ਸੂਦ, ਹਲਕਾ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ, ਸੀਨੀਅਰ ਕਾਂਗਰਸੀ ਆਗੂ ਵਿਨੋਦ ਬਾਂਸਲ ਸੀਨੀਅਰ ਕਾਂਗਰਸੀ ਆਗੂ ਮਨਜੀਤ ਸਿੰਘ ਮਾਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਆਗੂਆਂ ਤੇ ਵਰਕਰਾਂ ਹਾਜ਼ਰ ਸਨ।ਸੁਰਿੰਦਰ ਰਾਓ ਮੌਜੂਦਾ ਸਰਕਾਰ ਦੀਆਂ ਨੀਤੀਆਂ 'ਤੇ ਤਿੱਖੇ ਸਵਾਲ ਚੁੱਕੇ।ਸੁਰਿੰਦਰ ਰਾਉ ਦਲਵੀ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਪੂਰੇ ਪੰਜਾਬ ਵਿੱਚ ਮਨਰੇਗਾ ਨੂੰ ਲੈ ਕੇ ਗਰੀਬਾਂ ਦੀ ਆਵਾਜ਼ ਨੂੰ ਬੁਲੰਦ ਕਰਨ ਲਈ ਚਲਾਏ ਜਾ ਰਹੇ ਮਨਰੇਗਾ ਬਚਾਓ ਸੰਘਰਸ਼ ਦੇ ਤਹਿਤ ਹਰ ਹਲਕੇ ਵਿੱਚ ਮਨਰੇਗਾ ਰੈਲੀਆਂ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਰੈਲੀਆਂ ਦਾ ਮੁੱਖ ਮਕਸਦ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨਾ ਹੈ। ਮੰਡਲ ਤੇ ਪਿੰਡ ਪੱਧਰ 'ਤੇ ਕਾਂਗਰਸ ਦੇ ਢਾਂਚੇ ਨੂੰ ਮਜ਼ਬੂਤੀ ਦੇ ਕੇ ਗਰੀਬਾਂ ਅਤੇ ਮਜ਼ਦੂਰ ਵਰਗ ਦੀ ਆਵਾਜ਼ ਨੂੰ ਪੰਜਾਬ ਵਿਧਾਨ ਸਭਾ ਤੱਕ ਪਹੁੰਚਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਮੋਗਾ ਹਮੇਸ਼ਾ ਤੋਂ ਹੀ ਕਾਂਗਰਸ ਪਾਰਟੀ ਦਾ ਗੜ੍ਹ ਰਿਹਾ ਹੈ ਤੇ ਅੱਗੇ ਵੀ ਇੱਥੇ ਪਾਰਟੀ ਦਾ ਸੰਗਠਨ ਮਜ਼ਬੂਤੀ ਨਾਲ ਖੜ੍ਹਾ ਨਜ਼ਰ ਆ ਰਿਹਾ ਹੈ, ਜੋ ਬਹੁਤ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਮੋਗਾ ਜ਼ਿਲ੍ਹੇ ਵਿੱਚ ਕਾਂਗਰਸ ਪਾਰਟੀ ਗਰੀਬਾਂ ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਹੋਰ ਵੀ ਜ਼ੋਰਦਾਰ ਸੰਘਰਸ਼ ਕਰੇਗੀ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਜਾਬ ਅੰਦਰ ਕਾਨੂੰਨ-ਵਿਵਸਥਾ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਤੇ ਭ੍ਰਿਸ਼ਟਾਚਾਰ ਸਿਖਰ 'ਤੇ ਹੈ।ਇਨ੍ਹਾਂ ਮੁੱਦਿਆਂ ਦੇ ਖ਼ਿਲਾਫ਼ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਲਗਾਤਾਰ ਸੰਘਰਸ਼ ਕਰ ਰਹੀ ਹੈ।

# 25 ਕਰੋੜ ਮਜ਼ਦੂਰਾਂ ਤੇ ਕਿਸਾਨਾਂ ਵੱਲੋਂ ਭਲਕੇ ਦੇਸ਼-ਵਿਆਪੀ ਹੜਤਾਲ

**ਲੁਧਿਆਣਾ (ਐੱਮ ਐੱਸ ਭਾਟੀਆ)**

ਪੰਜਾਬ ਬੈਂਕ ਇੰਪਲਾਈਜ਼ ਫੈਡਰੇਸ਼ਨ (ਪੀ ਬੀ ਈ ਐੱਫ) ਲੁਧਿਆਣਾ ਨੇ 12 ਫਰਵਰੀ 2026 ਨੂੰ ਹੋ ਰਹੀ ਦੇਸ਼-ਵਿਆਪੀ ਆਮ ਹੜਤਾਲ ਵਿੱਚ ਆਪਣੀ ਪੂਰੀ ਸ਼ਮੂਲੀਅਤ ਦਾ ਐਲਾਨ ਕੀਤਾ ਹੈ।ਇਹ ਹੜਤਾਲ ਕੇਂਦਰੀ ਟ੍ਰੇਡ ਯੂਨੀਅਨਾਂ ਤੇ ਫੈਡਰੇਸ਼ਨਾਂ ਦੇ ਸਾਂਝੇ ਸੱਦੇ 'ਤੇ ਚਾਰ ਲੇਬਰ ਕੋਡਾਂ ਨੂੰ ਲਾਗੂ ਕਰਨ ਦੇ ਵਿਰੋਧ ਵਿੱਚ ਕੀਤੀ ਜਾ ਰਹੀ ਹੈ, ਜੋ ਵਿਆਪਕ ਤੌਰ 'ਤੇ ਮਜ਼ਦੂਰ ਵਿਰੋਧੀ, ਯੂਨੀਅਨ ਵਿਰੋਧੀ ਤੇ ਨੌਕਰੀ ਦੀ ਸੁਰੱਖਿਆ ਤੇ ਸਮਾਜਿਕ ਨਿਆਂ ਲਈ ਨੁਕਸਾਨਦੇਹ ਮੰਨੇ ਜਾ ਰਹੇ ਹਨ।


ਕਾਮਰੇਡ ਪੀ. ਆਰ. ਮਹਿਤਾ, ਜਨਰਲ ਸਕੱਤਰ, ਪੰਜਾਬ ਬੈਂਕ ਇੰਪਲਾਈਜ਼ ਫੈਡਰੇਸ਼ਨ ਨੇ ਕਿਹਾ ਕਿ ਨਵੇਂ ਲੇਬਰ ਕੋਡ ਮਜ਼ਦੂਰ ਵਰਗ ਦੇ ਸਾਲਾਂ ਦੀ ਲੜਾਈ ਨਾਲ ਹਾਸਲ ਕੀਤੇ ਅਧਿਕਾਰਾਂ 'ਤੇ ਸਿੱਧਾ ਹਮਲਾ ਹਨ।ਉਨ੍ਹਾਂ ਦੱਸਿਆ ਕਿ ਇਹ ਕੋਡ ਮੌਜੂਦਾ ਮਜ਼ਦੂਰੀ ਕਾਨੂੰਨਾਂ ਨੂੰ ਕਮਜ਼ੋਰ ਕਰਦੇ ਹਨ, ਸਮੂਹਕ ਸੌਦੇਬਾਜ਼ੀ ਨੂੰ ਘਟਾਉਂਦੇ ਹਨ, ਹੜਤਾਲ ਦੇ ਅਧਿਕਾਰ 'ਤੇ ਪਾਬੰਦੀਆਂ ਲਗਾਉਂਦੇ ਹਨ ਤੇ ਠੇਕਾ ਪ੍ਰਥਾ ਨੂੰ ਉਤਸ਼ਾਹਤ ਕਰਕੇ ਤੇ ਆਸਾਨੀ ਨਾਲ ਹਾਇਰ ਐਂਡ ਫਾਇਰ ਨੀਤੀਆਂ ਰਾਹੀਂ ਰੁਜ਼ਗਾਰ ਨੂੰ ਹੋਰ ਅਸੁਰੱਖਿਅਤ ਬਣਾਉਂਦੇ ਹਨ।ਉਨ੍ਹਾਂ ਕਿਹਾ ਕਿ ਬੈਂਕ ਕਰਮਚਾਰੀ ਹੋਰ ਸਾਰੇ ਖੇਤਰਾਂ ਦੇ ਮਜ਼ਦੂਰਾਂ ਨਾਲ ਮਿਲ ਕੇ ਇਕਜੁੱਟਤਾ ਤੇ ਲੋਕਤੰਤਰਕ ਤਰੀਕਿਆਂ ਨਾਲ ਇਨ੍ਹਾਂ ਤਬਦੀਲੀਆਂ ਦਾ ਤਿੱਖਾ ਵਿਰੋਧ ਕਰਨਗੇ।ਕਾਮਰੇਡ ਨਰੇਸ਼ ਗੌੜ ਸਕੱਤਰ ਪੀਬੀਈਐੱਫ ਲੁਧਿਆਣਾ ਨੇ ਜ਼ੋਰ ਦਿੱਤਾ ਕਿ ਲੇਬਰ ਕੋਡ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਬਣਾਏ ਗਏ ਹਨ ਅਤੇ ਮਜ਼ਦੂਰਾਂ ਦੀ ਭਲਾਈ ਤੇ ਸਮਾਜਿਕ ਸੁਰੱਖਿਆ ਦੀ ਕੀਮਤ 'ਤੇ ਲਾਗੂ ਕੀਤੇ ਜਾ ਰਹੇ ਹਨ।ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਇਹ ਕੋਡ ਤੁਰੰਤ ਵਾਪਸ ਲਏ ਜਾਣ ਤੇ ਟ੍ਰੇਡ ਯੂਨੀਅਨਾਂ ਨਾਲ ਸੰਵਾਦ ਕਰਕੇ ਮਜ਼ਦੂਰਾਂ ਦੇ ਅਧਿਕਾਰਾਂ ਦੀ ਰੱਖਿਆ ਤੇ ਨਿਆਂਸੰਗਤ ਮਜ਼ਦੂਰੀ ਪ੍ਰਥਾਵਾਂ ਨੂੰ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਜਾਣਕਾਰੀ ਦਿੱਤੀ ਕਿ ਲੁਧਿਆਣਾ ਵਿੱਚ ਬੈਂਕ ਕਰਮਚਾਰੀਆਂ ਦੀ ਵੱਡੇ ਪੱਧਰ 'ਤੇ ਸ਼ਮੂਲੀਅਤ ਯਕੀਨੀ ਬਣਾਉਣ ਲਈ ਵਿਸ਼ਾਲ ਤਿਆਰੀਆਂ ਕੀਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਬੈਂਕ ਸ਼ਾਖਾਵਾਂ ਵਿੱਚ ਜਾਗਰੂਕਤਾ ਮੀਟਿੰਗਾਂ, ਗੇਟ ਮੀਟਿੰਗਾਂ ਤੇ ਮੁਲਾਜ਼ਮਾਂ ਨੂੰ ਜਾਗਰੂਕ ਕਰਨ ਦੇ ਪ੍ਰੋਗਰਾਮ ਕਰਵਾਏ ਗਏ ਹਨ, ਤਾਂ ਜੋ ਕਰਮਚਾਰੀਆਂ ਨੂੰ ਲੇਬਰ ਕੋਡਾਂ ਦੇ ਨੁਕਸਾਨਦਾਇਕ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਜਾ ਸਕੇ।ਉਨ੍ਹਾਂ ਸਾਰੇ ਬੈਂਕ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ 12 ਫਰਵਰੀ 2026 ਦੀ ਹੜਤਾਲ ਨੂੰ ਪੂਰੀ ਤਰ੍ਹਾਂ ਕਾਮਯਾਬ ਬਣਾਇਆ ਜਾਵੇ ਤੇ ਦੇਸ਼ ਭਰ ਦੇ ਮਜ਼ਦੂਰ ਵਰਗ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਜਾਵੇ। ਹੜਤਾਲੀ ਰੈਲੀ 12 ਫਰਵਰੀ 2026 ਨੂੰ ਲੁਧਿਆਣਾ ਦੇ ਭਾਰਤ ਨਗਰ ਚੌਕ ਵਿੱਚ ਕੈਨਰਾ ਬੈਂਕ ਦੇ ਸਾਹਮਣੇ ਕੀਤੀ ਜਾਵੇਗੀ।ਪੀਬੀਈਐੱਫ ਸਾਰੇ ਬੈਂਕ ਕਰਮਚਾਰੀਆਂ ਤੇ ਮਿਹਨਤੀ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਮਜ਼ਦੂਰਾਂ ਦੇ ਅਧਿਕਾਰਾਂ ਤੇ ਸਨਮਾਨ ਦੀ ਰੱਖਿਆ ਲਈ 12 ਫਰਵਰੀ ਦੀ ਆਮ ਹੜਤਾਲ ਵਿੱਚ ਵੱਡੀ ਗਿਣਤੀ ਵਿੱਚ ਭਾਗ ਲਿਆ ਜਾਵੇ।

## ਹਰਚੰਦਪੁਰੀ ਵੱਲੋਂ ਸਮੁੱਚੇ ਪੰਜਾਬੀਆਂ ਨੂੰ ਮਾਂ ਬੋਲੀ ਦਿਵਸ ਮਨਾਉਣ ਦਾ ਸੱਦਾ

**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਦੁਨੀਆ ਭਰ ਦੇ ਪੰਜਾਬੀਆਂ ਨੂੰ ਸਭਾ ਵੱਲੋਂ 21 ਫਰਵਰੀ ਨੂੰ ਮਾਂ ਬੋਲੀ ਦਿਵਸ ਮਨਾਉਣ ਦਾ ਸੱਦਾ ਦਿੱਤਾ ਹੈ। ਪਵਨ ਹਰਚੰਦਪੁਰੀ ਨੇ ਆਪਣੇ ਬਿਆਨ ਰਾਹੀਂ ਮਾਂ ਬੋਲੀ ਪੰਜਾਬੀ ਨੂੰ ਪੰਜਾਬ ਸਮੇਤ ਦੇਸ਼ ਦੇ ਹੋਰ ਸੂਬਿਆਂ ਤੇ ਵਿਸ਼ਵ ਪੱਧਰ 'ਤੇ ਬਣਦੀ ਥਾਂ ਦਿਵਾਉਣ ਲਈ ਕੇਂਦਰੀ ਸਭਾ ਵੱਲੋਂ ਦੁਨੀਆ ਭਰ ਦੇ ਪੰਜਾਬੀਆਂ ਦੀਆਂ ਸਾਹਿਤ ਸਭਾਵਾਂ, ਪੰਜਾਬੀ ਸਭਾਵਾਂ, ਨੌਜਵਾਨ ਸਭਾਵਾਂ, ਸਕੂਲਾਂ ਤੇ ਹੋਰ ਜਥੇਬੰਦੀਆਂ ਨੂੰ 21 ਫਰਵਰੀ ਨੂੰ 'ਪੰਜਾਬੀ ਬਚਾਓ ਦਿਵਸ' ਵਜੋਂ ਮਨਾਉਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਕੇਂਦਰੀ ਸਭਾ ਦੀ ਕਾਰਜਕਾਰਨੀ ਵੱਲੋਂ 21 ਫਰਵਰੀ 'ਮਾਂ ਬੋਲੀ ਦਿਵਸ' ਨੂੰ ਢੋਲ ਦੇ ਡੱਗੇ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ ਤੇ ਇਸ ਦਿਨ ਸਭਾ ਨਾਲ ਸਬੰਧਤ ਪੰਜਾਬ, ਹਰਿਆਣਾ, ਦਿੱਲੀ, ਜੰਮੂ ਕਸ਼ਮੀਰ ਤੇ ਹੋਰ ਸੂਬਿਆਂ ਦੀਆਂ ਸਭਾਵਾਂ ਢੋਲ ਦੇ ਡੱਗੇ 'ਤੇ ਸ਼ਾਮ 4 ਵਜੇ ਤੋਂ ਸ਼ਾਮ 6 ਵਜੇ ਤੱਕ ਢੋਲ ਮੁਜ਼ਾਹਰੇ ਤੇ ਸਰਗਰਮੀਆਂ ਕਰਨਗੀਆਂ ਤੇ ਪੰਜਾਬ ਸਮੇਤ ਹੋਰ ਸੂਬਿਆਂ ਅੰਦਰ ਪੰਜਾਬੀ ਨੂੰ ਬਣਦੀ ਥਾਂ ਦੇਣ ਲਈ ਪ੍ਰਸ਼ਾਸਨ ਤੇ ਵਿਧਾਇਕਾਂ ਨੂੰ ਮੰਗ ਪੱਤਰ ਵੀ ਦੇਣਗੀਆਂ।

## ਝੋਨੇ ਦੀ ਖ਼ਰੀਦ 'ਚ ਘਪਲੇ ਦੀ ਹਾਈਕੋਰਟ ਦੇ ਮੌਜੂਦਾ ਜੱਜ ਤੋਂ ਹੋਵੇ ਨਿਰਪੱਖ ਜਾਂਚ : ਭੁਪਿੰਦਰ ਦੌਲਤਪੁਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਨੇ ਕਿਹਾ ਹੈ ਕਿ ਜੋ ਮੀਡੀਆ ਵਿੱਚ ਆ ਰਹੀਆਂ ਖ਼ਬਰਾਂ ਦੇ ਅਨੁਸਾਰ ਜੋ ਪੰਜਾਬ 'ਚ ਝੋਨੇ ਦੀ ਖ਼ਰੀਦ ਦੇ ਮਾਮਲੇ 'ਚ ਬਹੁ-ਕਰੋੜੀ ਘਪਲਾ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ, ਜਿਸ ਤੋਂ ਬਾਅਦ ਇਸ ਮਾਮਲੇ 'ਚ ਦੋਸ਼ ਹੈ ਕਿ 2025-26 ਸੀਜ਼ਨ ਦੌਰਾਨ ਸੂਬੇ ਦੀਆਂ ਮੰਡੀਆਂ 'ਚ ਫ਼ਰਜ਼ੀ ਖ਼ਰੀਦ ਦੇ ਜ਼ਰੀਏ ਲਗਭਗ 6,000 ਕਰੋੜ ਰੁਪਏ ਤੋਂ 10,000 ਕਰੋੜ ਰੁਪਏ ਤੱਕ ਦਾ ਵੱਡੀ ਖੇਡ ਹੋਈ ਹੈ, ਜੋ ਦੂਜੇ ਸੂਬਿਆਂ ਤੋਂ ਘੱਟੋ-ਘੱਟ ਸਮਰਥਨ ਮੁੱਲ ਤੋਂ ਲਗਭਗ ਪ੍ਰਤੀ ਕੁਇੰਟਲ ਘੱਟ ਦਰ 'ਤੇ ਝੋਨਾ ਖ਼ਰੀਦਿਆ ਗਿਆ । ਇਸ ਨੂੰ ਪੰਜਾਬ 'ਚ ਐੱਮ ਐਸ ਪੀ ਤੇ ਵੇਚਿਆ ਗਿਆ ਇਸ ਮਾਮਲੇ ਦੀ ਮਾਨਯੋਗ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਹੈ ਕੇ ਦੇਸ਼ ਦੇ ਕਈ ਹਿੱਸਿਆਂ 'ਚ ਇਸ ਵਾਰ ਭਾਰੀ ਮੀਂਹ ਪਿਆ, ਜਿਸ ਦਾ ਅਸਰ ਪੰਜਾਬ 'ਤੇ ਵੀ ਪਿਆ।ਪੰਜਾਬ ਦੇ ਬਹੁਤ ਸਾਰੇ ਇਲਾਕੇ ਪਾਣੀ 'ਚ ਡੁੱਬ ਗਏ, ਜਿਸ ਕਾਰਨ ਪੰਜਾਬ 'ਚ ਖੇਤਾਂ 'ਚ ਲੱਗੇ ਝੋਨੇ ਦੀ ਫ਼ਸਲ ਤਬਾਹ ਹੋਈ।ਕਈ ਥਾਂਵਾਂ 'ਤੇ ਪਾਣੀ ਜਮ੍ਹਾਂ ਰਿਹਾ, ਜਦਕਿ ਕਈ ਇਲਾਕਿਆਂ 'ਚ ਰੇਤ ਭਰੀ ਗਈ।ਇਸ ਕਾਰਨ ਪੰਜਾਬ 'ਚ ਝੋਨੇ ਦੀ ਫ਼ਸਲ ਘੱਟ ਹੋਈ ਪਰ ਸਰਕਾਰੀ ਕਿਤਾਬਾਂ 'ਚ ਝੋਨੇ ਦੀ ਫ਼ਸਲ ਦੀ ਆਮਦ ਜਿਸ ਤਰ੍ਹਾਂ ਨਾਲ ਵਿਖਾਈ ਗਈ, ਉਸ ਨਾਲ ਕਈ ਸਵਾਲ ਖੜੇ ਹੋ ਰਹੇ ਹਨ।ਸ਼ਿਕਾਇਤ 'ਚ ਵੀ ਇਸ ਗੱਲ ਦਾ ਜ਼ਿਕਰ ਹੈ ਕਿ ਪਿਛਲੇ ਸਾਲ ਹੜ੍ਹ ਅਤੇ ਵੱਧ ਨਮੀ ਕਾਰਨ ਪੈਦਾਵਾਰ 'ਤੇ ਅਸਰ ਪਿਆ ਸੀ, ਜਿਸ ਦਾ ਫਾਇਦਾ ਉਠਾ ਕੇ ਇਸ ਤਰ੍ਹਾਂ ਦੇ ਘਪਲਿਆਂ ਨੂੰ ਅੰਜਾਮ ਦਿੱਤਾ ਗਿਆ।

## ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਡੋਰ-ਟੂ-ਡੋਰ ਦਾਖਲਾ ਮੁਹਿੰਮ ਦੌਰਾਨ ਬੱਚਿਆਂ ਦੇ ਦਾਖਲੇ ਸ਼ੁਰੂ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜ਼ਿਲਾ ਸਿੱਖਿਆ ਅਫਸਰ ਫਿਰੋਜ਼ਪੁਰ ਸੁਨੀਤਾ ਰਾਣੀ, ਉਪ ਜਿਲਾ ਸਿੱਖਿਆ ਅਫਸਰ ਕੋਮਲ ਅਰੋੜਾ, ਜ਼ਿਲਾ ਨੋਡਲ ਅਫਸਰ ਦਾਖਲਾ ਮਹਿੰਦਰ ਸ਼ੈਲੀ, ਜਿਲਾ ਰਿਸੋਰਸ ਪ੍ਰਸਨ ਫਿਰੋਜ਼ਪੁਰ ਸੁਭਾਸ਼ ਚੰਦਰ, ਬਲਾਕ ਸਿੱਖਿਆ ਅਫਸਰ ਗੁਰੂਹਰਸਹਾਏ-2 ਜਸਵਿੰਦਰ ਸਿੰਘ, ਉਪ ਬਲਾਕ ਸਿੱਖਿਆ ਅਫਸਰ ਬਲਦੇਵ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਬਲਾਕ ਨੋਡਲ ਅਫਸਰ ਦਾਖਲਾ ਵਿਨੇ ਸ਼ਰਮਾ ਤੇ ਸੈਂਟਰ ਹੈਡ ਟੀਚਰ ਮਨਪ੍ਰੀਤ ਕੌਰ ਦੀ ਅਗਵਾਈ ਵਿੱਚ ਸੈਂਟਰ ਬਾਜੇ ਕੇ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਡੋਰ-ਟੂ-ਡੋਰ ਦਾਖਲਾ ਮੁਹਿੰਮ ਦੌਰਾਨ ਵੱਖ-ਵੱਖ ਸਕੂਲ ਬੱਚਿਆਂ ਦੇ ਦਾਖਲੇ ਕੀਤੇ ਗਏ। ਜਿਸ ਦੌਰਾਨ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਛਾਂਗਾ ਰਾਏ ਹਿਠਾੜ ਦੇ ਮੁੱਖ ਅਧਿਆਪਕ ਅਸ਼ੋਕ ਸਿੰਘ, ਰਜਨੀਸ਼ ਕੁਮਾਰ, ਸੁਖਪਾਲ ਸਿੰਘ ਤੇ ਪਿੰਡ ਛਾਂਗਾ ਕਲਾ ਦੇ ਮੁੱਖ ਅਧਿਆਪਕ ਦੀਪਾ ਸਿੰਘ, ਵਿਸ਼ਵ ਦੀਪ, ਰਾਹੁਲ ਖੁਰਾਣਾ, ਸੰਦੀਪ ਸਿੰਘ, ਮੋਨਕਾ ਰਾਣੀ, ਬਲਕਰਨ ਸਿੰਘ ਤੇ ਗੁਰਮੀਤ ਕੌਰ ਨੇ ਪਿੰਡ ਵਿੱਚ ਜਾ ਕੇ ਮਾਪਿਆਂ ਨੂੰ ਸਰਕਾਰੀ ਸਕੂਲ ਵਿਚ ਪੜ੍ਹਾਉਣ ਲਈ ਪ੍ਰੇਰਿਤ ਕੀਤਾ, ਜਿਸ ਤੋਂ ਪ੍ਰੇਰਿਤ ਹੋ ਕੇ ਮਾਪਿਆ ਨੇ ਸਕੂਲ ਵਿੱਚ ਬੱਚਿਆ ਨੂੰ ਦਾਖਲ ਕਰਾਇਆ।ਇਸ ਮੌਕੇ ਸੈਂਟਰ ਹੈੱਡ ਟੀਚਰ ਮਨਪ੍ਰੀਤ ਕੌਰ ਨੇ ਦੱਸਿਆ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦਾਖਲਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿਚ ਸੈਂਟਰ ਬਾਜੇ ਕੇ ਦੇ ਅਧੀਨ ਪੈਂਦੇ ਪਿੰਡਾਂ ਦੇ ਪ੍ਰਾਇਮਰੀ ਸਕੂਲਾਂ ਵਿੱਚ ਹੁਣ ਤੱਕ 20 ਬੱਚੇ ਦਾਖਲ ਹੋ ਚੁੱਕੇ ਹਨ।ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਤੱਕ ਇਹ ਮੁਹਿੰਮ ਇਸੇ ਤਰ੍ਹਾਂ ਜਾਰੀ ਰਹੇਗੀ।ਇਸ ਦੌਰਾਨ ਨੋਡਲ ਅਫਸਰ ਸੀਐਚਟੀ ਵਿਨੇ ਸ਼ਰਮਾ ਨੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਸਹੂਲਤਾਂ ਮੁਫ਼ਤ ਕਿਤਾਬਾਂ, ਮੁਫਤ ਵਰਦੀਆਂ, ਦੁਪਹਿਰ ਦਾ ਖਾਣਾ, ਖੇਡਾਂ ਤੇ ਐਲ.ਈ.ਡੀ ਪ੍ਰੋਜੈਕਟਾ ਬਾਰੇ ਦੱਸਿਆ।

## ਪੁਲ ਦੀ ਉਸਾਰੀ ਨੂੰ ਲੈ ਕੇ ਹਾਈਵੇਅ 'ਤੇ ਧਰਨਾ ਜਾਰੀ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਪਿੰਡ ਪੱਤੋਂ ਜਵਾਹਰ ਸਿੰਘ ਵਾਲਾ ਅਬਾਦੀ 'ਚੋਂ ਲੰਘ ਰਹੇ ਐੱਨ ਐੱਚ 254 ਉੱਪਰ 156 ਦਿਨਾਂ ਤੋਂ ਲਗਾਤਾਰ ਧਰਨਾ ਚੱਲ ਰਿਹਾ ਹੈ। ਇਸ ਧਰਨੇ ਵਿੱਚ ਛੋਟੇ ਛੋਟੇ ਬੱਚੇ ਵੀ ਸ਼ਾਮਲ ਹੁੰਦੇ ਹਨ। ਇਸ ਸਬੰਧੀ ਸ਼ੇਰੇ ਪੰਜਾਬ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਰਣਸੀਂਹ ਤੇ ਕਿਸਾਨ ਆਗੂ ਸਰਬਜੀਤ ਸਿੰਘ ਮਾਛੀਕੇ ਨੇ ਕਿਹਾ ਕਿ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਪਾਸੇ ਪਿੰਡਾਂ ਦੀਆਂ ਸੱਥਾਂ ਵਿੱਚੋਂ ਚੱਲਣ ਦੀ ਗੱਲ ਕਰਦੀ ਸੀ, ਪਰ ਅੱਜ ਸਭ ਕੁੱਝ ਇਸ ਦੇ ਉਲਟ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਧਰਨੇ ਵਿੱਚ ਛੋਟੇ ਛੋਟੇ ਬੱਚੇ ਵੀ ਹੁੰਦੇ ਹਨ, ਰਾਤ ਸਮੇਂ ਛੋਟੇ ਛੋਟੇ ਬੱਚਿਆਂ ਨੂੰ ਕੋਈ ਵੀ ਨੁਕਸਾਨ ਹੁੰਦਾ ਹੈ ਤਾਂ ਉਸ ਦਾ ਜ਼ੁੰਮੇਵਾਰ ਪ੍ਰਸ਼ਾਸਨ ਤੇ ਸਰਕਾਰ ਹੋਵੇਗੀ। ਉਨ੍ਹਾਂ ਵੱਲੋਂ ਬਣਾਈ 10 ਮੈਂਬਰੀ ਕਮੇਟੀ ਤੇ ਸ਼ੇਰੇ ਪੰਜਾਬ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਵੱਲੋਂ ਸਰਕਾਰ ਨੂੰ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ, ਪਰ ਉਸ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ। ਸ਼ੇਰੇ ਪੰਜਾਬ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਰਣਸੀਂਹ ਤੇ ਕਿਸਾਨ ਆਗੂ ਸਰਬਜੀਤ ਸਿੰਘ ਮਾਛੀਕੇ ਨੇ ਕਿਹਾ ਕਿ ਇਸ ਰੋਡ ਉੱਪਰ ਪੁੱਲ ਦੀ ਉਸਾਰੀ ਨਾ ਕੀਤੀ ਜਾਵੇ, ਸਗੋਂ ਇਸ ਰੋਡ ਨੂੰ ਨੀਵਾਂ ਕਰਕੇ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਇਸ ਲੱਗੇ ਧਰਨੇ ਦੀ ਸਮੱਸਿਆ ਦਾ ਹੱਲ ਜਲਦੀ ਕੱਢਿਆ ਜਾਵੇ, ਨਹੀਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਸਮੇਂ ਕਿਸਾਨ ਆਗੂ ਤੇ ਹੋਰ ਇਨਸਾਫ਼ ਪਸੰਦ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।


## ਜੀ ਬੀ ਇੰਟਰਨੈਸ਼ਨਲ ਸਕੂਲ 'ਚ ਵਿਦਾਇਗੀ ਸਮਾਰੋਹ



**ਨਾਭਾ (ਵਰਿੰਦਰ ਵਰਮਾ)**-ਜੀ ਬੀ ਇੰਟਰਨੈਸ਼ਨਲ ਸਕੂਲ ਨਾਭਾ ਵਿਖੇ ਸਕੂਲ ਨਿਰਦੇਸ਼ਕਾ ਸ੍ਰੀਮਤੀ ਅੰਸ਼ੂ ਬਾਂਸਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਸਨਮਾਨ ਵਿੱਚ ਇੱਕ ਵਿਦਾਇਗੀ ਸਮਾਰੋਹ ਕੀਤਾ ਗਿਆ।ਸਕੂਲ ਡਾਇਰੈਕਟਰ ਸ੍ਰੀਮਤੀ ਅੰਸ਼ੂ ਬਾਂਸਲ ਦੇ ਸ਼ਬਦਾਂ ਵਿੱਚ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਜੀਵਨ ਦੇ ਅਗਲੇ ਪੜਾਅ ਲਈ ਪ੍ਰੇਰਿਤ ਕਰਨਾ ਸੀ ਅਤੇ ਨਾਲ ਹੀ ਉਨ੍ਹਾਂ ਵਿੱਚ ਆਤਮ ਵਿਸ਼ਵਾਸ ਤੇ ਉਸਾਰੂ ਸੋਚ ਦਾ ਵਿਕਾਸ ਕਰਨਾ ਸੀ।ਸਮਾਗਮ ਨੂੰ ਸਫਲ ਬਣਾਉਣ ਵਿੱਚ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਅਹਿਮ ਭੂਮਿਕਾ ਨਿਭਾਈ।ਉਨ੍ਹਾਂ ਨਾ ਸਿਰਫ਼ ਸਟੇਜ ਨੂੰ ਸੁਚੱਜੇ ਢੰਗ ਨਾਲ ਚਲਾਉਣ ਦੀ ਜ਼ਿੰਮੇਵਾਰੀ ਨਿਭਾਈ, ਸਗੋਂ ਆਪਣੇ ਸੀਨੀਅਰਜ਼ ਦੇ ਸਨਮਾਨ ਵਿੱਚ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ।ਇਸ ਦੌਰਾਨ 12ਵੀਂ ਦੇ ਵਿਦਿਆਰਥੀਆਂ ਨੂੰ ਯਾਦ ਸਰੂਪ ਸੁੰਦਰ ਟੈਗਜ਼ ਜਿਵੇਂ ਲੌਂਗ ਹੇਅਰ-ਤਾਨਿਆਪ੍ਰੀਤ, ਮਿਸ ਟੇਲੈਂਟਿਡ-ਯੋਸਾਨਾ ਬਾਂਸਲ, ਮਿਸ ਰੋਲ ਮਾਡਲ-ਹਰਸਿਮਰ ਕੌਰ, ਮਿਸ ਬਿਊਟੀ ਕੁਈਨ-ਕੁਲਰਾਜ ਕੌਰ, ਮਿਸ ਸਵੀਟ ਟਾਕੀਜ਼-ਨੰਦਿਨੀ, ਮਿਸ ਸਿੰਸਿਅਰ-ਖੁਸ਼ਪ੍ਰੀਤ ਕੌਰ, ਮਿਸਟਰ ਜੈਂਟਲਮੈਨ-ਉਦੈ ਛਤਵਾਲ, ਮਿਸਟਰ ਕ੍ਰੀਏਟਿਵ-ਮਾਧਵ, ਮਿਸਟਰ ਇਨੋਸੈਂਟ-ਤਰਨਪ੍ਰੀਤ, ਮਿਸਟਰ ਓਬੀਡੀਐਂਟ-ਭਵਿਸ਼ਯ, ਮਿਸਟਰ ਹੈਲਪਫੁੱਲ-ਚਿਤਮਨਪ੍ਰੀਤ ਸਿੰਘ ਪ੍ਰਦਾਨ ਕੀਤੇ ਗਏ, ਜੋ ਉਨ੍ਹਾਂ ਦੇ ਸਕੂਲੀ ਜੀਵਨ ਦੀਆਂ ਮਿੱਠੀਆਂ ਯਾਦਾਂ ਦਾ ਪ੍ਰਤੀਕ ਬਣੇ।ਪ੍ਰੋਗਰਾਮ ਦਾ ਸਭ ਤੋਂ ਭਾਵੁਕ ਪਲ ਉਦੋਂ ਆਇਆ, ਜਦੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਵਿਦਾਇਗੀ ਭਾਸ਼ਣ ਦਿੱਤਾ। ਉਨ੍ਹਾਂ ਆਪਣੇ ਅਧਿਆਪਕਾਂ ਦਾ ਧੰਨਵਾਦ ਕੀਤਾ ਤੇ ਆਪਣੇ ਸਕੂਲੀ ਜੀਵਨ ਦੀਆਂ ਮਿੱਠੀਆਂ ਯਾਦਾਂ ਸਾਂਝੀਆਂ ਕੀਤੀਆਂ।

ਸਮਾਗਮ ਵਿੱਚ ਵੱਖ-ਵੱਖ ਖ਼ਿਤਾਬ ਤੇ ਇਨਾਮ ਵੀ ਵੰਡੇ ਗਏ।ਅੰਤ ਵਿੱਚ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਬੋਰਡ ਪ੍ਰੀਖਿਆਵਾਂ ਤੇ ਜੀਵਨ ਦੇ ਨਵੇਂ ਮਾਰਗ ਲਈ ਸ਼ੁੱਭ-ਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਉੱਜਲ ਭਵਿੱਖ ਲਈ ਕਾਮਨਾ ਕੀਤੀ।ਪ੍ਰੋਗਰਾਮ ਦੀ ਸਮਾਪਤੀ ਧੰਨਵਾਦ ਦੇ ਮਤੇ ਨਾਲ ਹੋਈ।

## ਐੱਨ ਐੱਸ ਐੱਸ ਕੈਂਪ ਦੇ ਦੂਸਰੇ ਦਿਨ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ





**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨ ਢੱਡੇ ਵਿਖੇ ਚੱਲ ਰਹੇ ਸੱਤ ਰੋਜ਼ਾ ਕੌਮੀ ਸੇਵਾ ਯੋਜਨਾ (ਐੱਨਐੱਸਐੱਸ) ਕੈਂਪ ਦੇ ਦੂਸਰੇ ਦਿਨ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ।ਇਹ ਕੈਂਪ ਕੌਮੀ ਸੇਵਾ ਯੋਜਨਾ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਬਠਿੰਡਾ ਤੇ ਡਾਇਰੈਕਟਰ ਯੂਥ ਸਰਵਿਸਿਜ਼ ਚੰਡੀਗੜ੍ਹ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਗਿਆ।ਸੰਸਥਾ ਦੀਆਂ ਵੱਖ-ਵੱਖ ਇਕਾਈਆਂ ਮਾਤਾ ਸੁੰਦਰੀ ਗਰਲਜ਼ ਕਾਲਜ, ਮਾਤਾ ਸੁੰਦਰੀ ਕਾਲਜ ਆਫ ਐਜੂਕੇਸ਼ਨ ਤੇ ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਸਕੂਲ ਦੀਆਂ ਐੱਨਐੱਸਐੱਸ ਯੂਨਿਟਾਂ ਦੇ ਵਲੰਟੀਅਰਾਂ ਨੇ ਨੇੜਲੇ ਪਿੰਡ ਡਿੱਖ ਵਿੱਚ ਨਸ਼ਿਆਂ ਖਿਲਾਫ ਰੈਲੀ ਕੱਢ ਕੇ ਲੋਕਾਂ ਨੂੰ ਜਾਗਰੂਕ ਕੀਤਾ।ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਬੱਲੀ ਤੇ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਰੈਲੀ ਨੂੰ ਰਵਾਨਾ ਕੀਤਾ।ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਰੈਲੀ ਦੀ ਅਗਵਾਈ ਕਰਦਿਆਂ ਵਲੰਟੀਅਰਾਂ ਨੂੰ ਸਮਾਜ ਸੇਵਾ ਲਈ ਪ੍ਰੇਰਿਤ ਕੀਤਾ ਤੇ ਕੈਂਪ ਵਿੱਚ ਭਾਗ ਲੈਣ ਨੂੰ ਮਾਣ ਵਾਲੀ ਗੱਲ ਦੱਸਿਆ।ਰੈਲੀ ਦੌਰਾਨ ਵਲੰਟੀਅਰਾਂ ਨੇ ਪਿੰਡ ਡਿੱਖ ਵਿੱਚ ਮਾਈ ਬੀਰੋ ਦੇ ਸਥਾਨ 'ਤੇ ਸੇਵਾ ਕੀਤੀ ਤੇ ਲੋਕਾਂ ਨੂੰ ਕੌਮੀ ਸੇਵਾ ਯੋਜਨਾ ਦੇ ਉਦੇਸ਼ਾਂ ਬਾਰੇ ਜਾਣੂ ਕਰਵਾਇਆ।ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਤੇ ਮੈਡਮ ਪ੍ਰਸ਼ੋਤਮ ਕੌਰ ਨੇ ਵੀ ਇਸ ਉਪਰਾਲੇ ਦੀ ਸਰਾਹਨਾ ਕੀਤੀ।ਇਸ ਤੋਂ ਇਲਾਵਾ ਕੈਂਪ ਇੰਚਾਰਜ ਪ੍ਰੋਫ਼ੈਸਰ ਰਾਜਵਿੰਦਰ ਸਿੰਘ, ਮਨਿੰਦਰਪ੍ਰੀਤ ਕੌਰ ਪ੍ਰੋਗਰਾਮ ਅਫਸਰ, ਪ੍ਰੋ. ਗੁਰਪ੍ਰੀਤ ਸਿੰਘ, ਮੈਡਮ ਸਿਮਲਾ, ਮੈਡਮ ਹਰਲੀਨ ਕੌਰ ਦੀ ਪੋਲਰ ਸਟਾਰ ਸਕੂਲ, ਸ੍ਰੀ. ਜਸਵੀਰ ਸਿੰਘ, ਸ੍ਰੀ. ਹਰਸ਼ਰਨ ਸਿੰਘ, ਸ੍ਰੀ. ਹਰਜੀਤ ਸਿੰਘ ਗਾਂਧੀ ਸੁਪਰਵਾਈਜਰ ਅਤੇ ਗੁਰਜੀਵਨ ਸਿੰਘ ਟਰਾਂਸਪੋਰਟ ਵਿਭਾਗ ਕੈਂਪ ਵਿੱਚ ਹਾਜ਼ਰ ਸਨ।

## ਵਿਸ਼ਾਲ ਨਗਰ ਕੀਰਤਨ ਦਾ ਪਿੰਡ-ਪਿੰਡ ਹੋਇਆ ਸਵਾਗਤ



**ਅਜੀਤਵਾਲ (ਲਵਲੀ ਕੁਮਾਰ)**-ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਹਾੜੇ ਨੂੰ ਸਮਰਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਘਾਲਾ ਸਿੰਘ ਨਾਨਕਸਰ ਵਾਲਿਆਂ ਵੱਲੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।ਇਹ ਨਗਰ ਕੀਰਤਨ ਤੇਰਾ ਮੰਜਲੀ ਠਾਠ ਝੋਰੜਾਂ ਤੋਂ ਰਵਾਨਾ ਹੋ ਕੇ ਮਾਣੂੰਕੇ, ਦੇਹੜਕਾ, ਡੱਲਾ, ਕਾਉਕੇ ਖੋਸਾ, ਕਾਉਕੇ ਕਲਾਂ ਤੇ ਨਾਨਕਸਰ ਠਾਠ ਵਿਖੇ ਦੇਰ ਸ਼ਾਮ ਪੁੱਜਾ।ਇਲਾਕੇ ਦੇ ਪਿੰਡਾਂ 'ਚ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਭਰਵਾ ਸਵਾਗਤ ਕੀਤਾ ਗਿਆ ਤੇ ਪਿੰਡ-ਪਿੰਡ ਗੁਰੂ ਕੇ ਲੰਗਰ ਲਗਾਏ ਗਏ।ਪਿੰਡ ਡੱਲਾ ਪਹੁੰਚਣ 'ਤੇ ਉੱਥੇ ਸਮਾਜ ਸੇਵਕ ਸ੍ਰੀ ਰਾਮ ਕਾਲਜ ਡੱਲਾ ਦੇ ਸਕੱਤਰ ਦੇਵੀ ਚੰਦ ਸ਼ਰਮਾ ਨੇ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜ ਪਿਆਰਿਆਂ, ਸੰਤ ਬਾਬਾ ਘਾਲਾ ਸਿੰਘ ਨਾਨਕਸਰ ਵਾਲਿਆ ਅਤੇ ਹੋਰ ਸੰਤਾਂ ਮਹਾਪੁਰਸ਼ਾਂ ਨੂੰ ਸਿਰਪਾਓ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਿਨ-ਕੋਟ ਧੰਨਵਾਦ ਕੀਤਾ।

## ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਵੱਲੋਂ ਹੜਤਾਲ ਦਾ ਸਮਰਥਨ



**ਭੀਖੀ (ਗੁਰਿੰਦਰ ਸਿੰਘ ਔਲਖ)**-ਸੀ.ਪੀ.ਆਈ ਐਮ.ਐਲ ਲਿਬਰੇਸ਼ਨ ਭੀਖੀ ਬ੍ਰਾਂਚ ਦੀ ਮੀਟਿੰਗ ਸਾਥੀ ਦਿਨੇਸ਼ ਸੋਨੀ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਜਥੇਬੰਦੀਆਂ ਦੇ ਆਗੂ ਵੀ ਸ਼ਾਮਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੇਂਦਰੀ ਮੈਂਬਰ ਕਾਮਰੇਡ ਰਾਜਵਿੰਦਰ ਰਾਣਾ ਨੇ ਕਿਹਾ ਕਿ ਮੋਦੀ ਸਰਕਾਰ ਲਗਾਤਾਰ ਕਿਰਤੀ ਲੋਕਾਂ ਮਜ਼ਦੂਰਾਂ ਕਿਸਾਨਾਂ ਦੇ ਖਿਲਾਫ ਕਾਨੂੰਨ ਲੈ ਕੇ ਆ ਰਹੀ ਹੈ, ਜਿਸ ਵਿੱਚ ਬਿਜਲੀ ਐਕਟ 2025 ਬੀਜ ਬਿੱਲ, ਚਾਰ ਲੇਬਰ ਕੋਡ, ਨਰੇਗਾ ਨੂੰ ਪੜਾਦਾਰ ਖਤਮ ਕਰਨਾ, ਜਨਤਕ ਅਦਾਰਿਆਂ ਨੂੰ ਪ੍ਰਾਈਵੇਟ ਹੱਥਾਂ ਦੇ ਵਿੱਚ ਸੌਂਪਣਾ ਦੇਸ਼ ਤੇ ਕੁਝ ਲੋਕਾਂ ਦਾ ਕਬਜ਼ਾ ਕਰਾਉਣਾ ਰੁਜ਼ਗਾਰ ਬਿਲਕੁਲ ਖਤਮ ਕਰਨਾ ਇਸ ਦੇ ਖਿਲਾਫ ਦੇਸ਼ ਦੀ ਤਮਾਮ ਮਿਹਨਤਕਸ਼ ਜਨਤਾ ਨੂੰ ਧਰਮਾਂ ਤੇ ਹੋਰ ਤਬਕਾਤੀ ਬਲਗਲਾ ਤੋਂ ਉੱਠ ਕੇ ਇਕ ਲੋਕ ਹਿਤੂ ਦੇਸ਼ ਬਣਾਉਣ ਦੇ ਲਈ ਇਕਜੁਟ ਹੋ ਕੇ ਅੰਦੋਲਨ ਵਿੱਚ ਆਉਣ ਦੀ ਲੋੜ ਹੈ।ਉਨ੍ਹਾਂ ਕਿਹਾ ਜਨਤਕ ਜਥੇਬੰਦੀਆਂ ਤੇ ਸੰਯੁਕਤ ਕਿਸਾਨ ਮੋਰਚਾ ਵੱਲੋਂ 12 ਤਰੀਕ ਦੀ ਜੋ ਹੜਤਾਲ ਕੀਤੀ ਜਾ ਰਹੀ ਹੈ, ਇਨਕਲਾਬੀ ਪਾਰਟੀ ਲਿਬਰੇਸ਼ਨ ਵੱਲੋਂ ਅਸੀਂ ਉਸ ਦਾ ਪੂਰਨ ਤੌਰ 'ਤੇ ਸਮਰਥਨ ਕਰਦੇ ਹਾਂ। ਪਾਰਟੀ ਦੇ ਸੂਬਾਈ ਆਗੂ ਗੁਰਨਾਮ ਸਿੰਘ (ਪੰ ਕਿ ਯੂ ਆਗੂ) ਬ੍ਰਾਂਚ ਆਗੂ ਧਰਮ ਪਾਲ ਨੀਟਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਕਾਰਣ ਲਗਾਤਾਰ ਆਰਥਿਕ ਤੇ ਸਮਾਜਿਕ ਸੰਕਟ ਵੱਧ ਰਿਹਾ ਹੈ।

## ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਤ ਧਰਮ ਸੰਮੇਲਨ



**ਮਾਨਸਾ (ਆਤਮਾ ਸਿੰਘ ਪਮਾਰ)**-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਤੇ ਅੱਤਿਆਚਾਰ ਖ਼ਿਲਾਫ਼ ਆਪਣੀ ਲਾਸਾਨੀ ਸ਼ਹਾਦਤ ਦਿੱਤੀ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਰੱਖਿਆ ਖ਼ਿਲਾਫ਼ ਆਪਣਾ ਸਮੁੱਚਾ ਪਰਵਾਰ ਕੁਰਬਾਨ ਕਰ ਦਿੱਤਾ।ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ 'ਧਰਮ ਸੰਮੇਲਨ' ਆਯੋਜਿਤ ਕੀਤੇ ਜਾ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰਾਸ਼ਟਰੀ ਸੰਘ ਚਾਲਕ ਤੇ ਸਮਾਗਮ ਦੇ ਮੁੱਖ ਮਹਿਮਾਨ ਸੁਸੀਲ ਤੇ ਜ਼ਿਲ੍ਹਾ ਸੰਘ ਚਾਲਕ ਜਤਿੰਦਰ ਨੇ ਸਰਵ ਧਰਮ ਸੰਮੇਲਨ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਸਾਡਾ ਸਮਾਜ ਇਸ ਸਮੇਂ ਵੰਡ ਤੇ ਨਫ਼ਰਤ ਦਾ ਸ਼ਿਕਾਰ ਹੋ ਰਿਹਾ ਹੈ।ਉਸ ਪ੍ਰਤੀ ਅਸੀਂ ਜੇਕਰ ਕੁੱਝ ਨਾ ਕੀਤਾ ਤਾਂ ਇਹ ਹੋਰ ਵੀ ਵਿਕਰਾਲ ਰੂਪ ਧਾਰਨ ਕਰ ਲਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਵੰਡੀਆ ਤੇ ਜਾਤਾਂ ਪਾਤਾਂ, ਫਿਰਕਿਆਂ, ਵਰਗਾਂ 'ਚ ਨਹੀਂ ਸਗੋਂ ਸਾਂਝੀਵਾਲਤਾ ਦਾ ਰਸਤਾ ਅਖ਼ਤਿਆਰ ਕਰਨਾ ਚਾਹੀਦਾ ਹੈ।ਸ੍ਰੀ ਹਰ ਹਰ ਮਹਾਂਦੇਵ ਸੇਵਾ ਮੰਡਲ ਮਾਨਸਾ ਦੇ ਪ੍ਰਧਾਨ ਮੁਨੀਸ਼ ਬੱਬੀ ਦਾਨੇਵਾਲੀਆ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਸਿੱਖੀ ਦੇ ਇਤਿਹਾਸ ਤੇ ਗੁਰੂਆਂ ਦੇ ਜੀਵਨ ਅਤੇ ਫਲਸਫੇ ਸਬੰਧੀ ਜਾਣਕਾਰੀ ਦੇਣੀ ਚਾਹੀਦੀ ਹੈ।ਅਜਿਹਾ ਕਰਦਿਆਂ ਹੀ ਸਮਾਨਤਾ ਤੇ ਭਾਈਚਾਰੇ ਵਾਲਾ ਸਮਾਜ ਸਿਰਜਣ ਵੱਲ ਵਧ ਸਕਦੇ ਹਾਂ। ਇਸ ਦੌਰਾਨ ਅਜੈ ਬਾਂਸਲ ਵਿਵਸਥਾ ਪ੍ਰਮੁੱਖ, ਜਿੰਮੀ ਕਾਠ, ਯੋਗੇਸ਼ ਬਾਂਸਲ, ਅਰੁਣ ਬਿੱਟੂ ਤੇ ਵਿਵੇਕ ਕੁਮਾਰ ਨੇ ਵੀ ਆਪਣੇ ਵਿਚਾਰ ਰੱਖੇ।

ਇਸ ਮੌਕੇ ਗਿਆਨ ਚੰਦ, ਅਜੈ ਕੁਮਾਰ, ਕੇਵਲ ਕ੍ਰਿਸ਼ਨ, ਅਮਨਦੀਪ ਰੌਕੀ ਭੰਮਾ, ਭੂਸ਼ਨ ਮੱਤੀ, ਰੋਹਿਤ ਬਾਂਸਲ, ਮੱਖਣ ਲਾਲ, ਸ਼ਸ਼ੀ ਬਾਲਾ, ਸ਼ੈਲੀ ਰਾਣੀ, ਕੁਸੁਮ, ਮਾਇਆ, ਸਿਵਾਨੀ ਰਤਨਾ ਤੇ ਕਮਲੇਸ਼ ਰਾਣੀ ਆਦਿ ਹਾਜ਼ਰ ਸਨ।

## ਮਲੂਕਾ ਵੱਲੋਂ ਲਿੰਕ ਸੜਕਾਂ ਦੀ ਜਲਦ ਮੁਰੰਮਤ ਕਰਨ ਦੀ ਮੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਹਲਕਾ ਫੂਲ 'ਚ ਲਿੰਕ ਸੜਕਾਂ ਦੀ ਖਸਤਾ ਹਾਲਤ ਨੂੰ ਲੈ ਕੇ ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਸਰਕਾਰ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਤੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਲਿੰਕ ਸੜਕਾਂ ਦੀ ਮੁਰੰਮਤ ਕਰਨ ਦੀ ਮੰਗ ਕੀਤੀ, ਨਾਲ ਹੀ ਮਲੂਕਾ ਨੇ ਤਿੰਨ ਮਹੀਨਿਆਂ 'ਚ ਰਿਪੇਅਰ ਨਾ ਹੋਣ ਦੀ ਸੂਰਤ 'ਚ ਸਬੰਧਤ ਅਧਿਕਾਰੀਆਂ ਤੇ ਮੰਤਰੀ ਵਿਰੁੱਧ ਧਰਨੇ ਲਾਉਣ ਦੀ ਚਿਤਵਾਨੀ ਵੀ ਦਿੱਤੀ। ਜਲਾਲ ਤੋਂ ਆਕਲੀਆ ਸਮਾਧ ਭਾਈ ਲਿੰਕ ਰੋਡ ਦਾ ਜ਼ਿਕਰ ਕਰਦਿਆਂ ਮਲੂਕਾ ਨੇ ਕਿਹਾ ਕਿ ਇਹ ਸੜਕ ਵੱਡੇ ਪਿੰਡਾਂ ਰਾਹੀਂ ਮੋਗਾ ਨਾਲ ਜੁੜਦੀ ਹੋਣ ਕਾਰਨ ਸੜਕ 'ਤੇ ਬਹੁਤ ਆਵਾਜਾਈ ਰਹਿੰਦੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਉਨ੍ਹਾਂ ਇਸ ਲਿੰਕ ਸੜਕ ਨੂੰ ਚੌੜਾ ਕਰਵਾਇਆ ਸੀ ਤੇ ਸਾਰੀ ਸੜਕ ਨਵੇਂ ਸਿਰੇ ਤੋਂ ਤਿਆਰ ਕੀਤੀ ਗਈ ਸੀ। ਉਸ ਤੋਂ ਬਾਅਦ ਇਸ ਸੜਕ ਤੇ ਹਲਕੇ ਫੂਲ 'ਚ ਕਿਸੇ ਵੀ ਲਿੰਕ ਰੋਡ ਦੀ ਕੋਈ ਰਿਪੇਅਰ ਨਹੀਂ ਹੋਈ। ਹਲਕੇ ਦੀਆਂ ਸਾਰੀਆਂ ਲਿੰਕ ਸੜਕਾਂ ਦੀ ਹਾਲਤ ਬੇਹੱਦ ਖਸਤਾ ਹੋ ਚੁੱਕੀ ਹੈ, ਜਲਾਲ ਆਕਲੀਆ ਸਮਾਧ ਸੜਕ ਦੀ ਹਾਲਤ ਇੰਨੀ ਜ਼ਿਆਦਾ ਖ਼ਰਾਬ ਹੋ ਚੁੱਕੀ ਹੈ ਕਿ ਇੱਥੇ ਨਿੱਤ ਦਿਨ ਹਾਦਸੇ ਹੁੰਦੇ ਰਹਿੰਦੇ ਹਨ। ਕਈ ਜਗ੍ਹਾ ਪਿੰਡਾਂ ਵਾਲੀਆਂ ਨੇ ਆਪ ਮਿੱਟੀ ਪਾ ਕੇ ਟੋਏ ਭਰੇ ਹਨ। ਮਲੂਕਾ ਨੇ ਕਿਹਾ ਕਿ ਵਿਕਾਸ ਦੇ ਨਾਮ 'ਤੇ ਸਰਕਾਰ ਵੱਲੋਂ ਕਰੋੜਾਂ ਦੇ ਇਸ਼ਤਿਹਾਰ ਦਿੱਤੇ ਜਾ ਰਹੇ ਹਨ, ਪਰ ਜ਼ਮੀਨੀ ਪੱਧਰ 'ਤੇ ਕੋਈ ਕੰਮ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਤੇ ਅਧਿਕਾਰੀਆਂ ਨੂੰ ਤਿੰਨ ਮਹੀਨੇ 'ਚ ਹਲਕਾ ਫੂਲ ਦੀਆਂ ਸੜਕਾਂ ਦੀ ਰਿਪੇਅਰ ਕਰਨ ਦਾ ਸਮਾਂ ਦਿੱਤਾ ਹੈ, ਜੇਕਰ ਸੜਕਾਂ ਦੀ ਰਿਪੇਅਰ ਨਾ ਹੋਈ ਤਾਂ ਬਠਿੰਡਾ ਲੋਕ ਨਿਰਮਾਣ ਵਿਭਾਗ ਦੇ ਦਫਤਰ ਦਾ ਘਿਰਾਓ ਕਰ ਧਰਨੇ ਲਾਉਣਗੇ।

## ਵਿਧਾਇਕ ਲਖਬੀਰ ਸਿੰਘ ਰਾਏ ਨੇ ਕੈਂਸਰ ਸਕਰੀਨਿੰਗ ਕੈਂਪ ਦਾ ਲਿਆ ਜਾਇਜ਼ਾ




**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਰਲਡ ਹੈਲਥ ਕੇਅਰ ਚੈਰੀਟੇਬਲ ਸੁਸਾਇਟੀ ਪੰਜਾਬ ਵੱਲੋਂ ਸਿਵਲ ਹਸਪਤਾਲ ਵਿਖੇ ਸਿਹਤ ਕੈਂਸਰ ਜਾਗਰੂਕਤਾ ਕੈਂਪ ਲਾਇਆ ਗਿਆ।ਕੈਂਪ ਦੌਰਾਨ ਪਹੁੰਚੇ ਲੋਕਾਂ ਦੀ ਮੁਫਤ ਜਾਂਚ ਕੀਤੀ ਗਈ ਤੇ ਕੈਂਸਰ ਨਾਲ ਸਬੰਧਤ ਮੁਫ਼ਤ ਟੈਸਟ ਕੀਤੇ ਗਏ ਹਨ।ਕੈਂਪ ਦਾ ਜਾਇਜ਼ਾ ਲੈਣ ਲਈ ਵਿਧਾਇਕ ਲਖਬੀਰ ਸਿੰਘ ਰਾਏ ਨੇ ਵਿਸ਼ੇਸ ਤੌਰ 'ਤੇ ਸ਼ਿਰਕਤ ਕੀਤੀ।ਵਿਧਾਇਕ ਲਖਬੀਰ ਰਾਏ ਨੇ ਕਿਹਾ ਕਿ ਸੰਸਥਾ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ।ਅਜਿਹੇ ਕੈਂਪਾਂ ਦੇ ਨਾਲ ਅਸੀਂ ਲੋਕਾਂ ਨੂੰ ਜਾਗਰੂਕ ਕਰ ਸਕਦੇ ਹਾਂ ਤਾਂ ਜੁ ਉਹ ਕੈਂਸਰ ਵਰਗੀ ਭਿਆਨਕ ਬਿਮਾਰੀ ਤੋਂ ਬਚਣ ਲਈ ਸ਼ੁਰੂਆਤੀ ਲੱਛਣਾਂ ਵਿੱਚ ਹੀ ਆਪਣਾ ਇਲਾਜ ਕਰਾ ਸਕਣ।ਇਨ੍ਹਾਂ ਕੈਂਪਾਂ ਦੇ ਦੌਰਾਨ ਮੂੰਹ ਦਾ ਕੈਂਸਰ, ਗਲੇ ਦਾ ਕੈਂਸਰ, ਔਰਤਾਂ ਦੀ ਛਾਤੀ ਦਾ ਕੈਂਸਰ, ਗਦੂਦ ਦਾ ਕੈਂਸਰ ਆਦਿ ਦੇ ਟੈਸਟ ਬਿਲਕੁਲ ਮੁਫਤ ਦੇ ਵਿੱਚ ਕੀਤੇ ਜਾਂਦੇ ਹਨ।ਆਉਣ ਵਾਲੇ ਦਿਨਾਂ ਦੇ ਵਿੱਚ ਹਲਕੇ ਦੇ ਹੋਰ ਪਿੰਡਾਂ ਦੇ ਵਿੱਚ ਵੀ ਅਜਿਹੇ ਕੈਂਪ ਲਾਏ ਜਾਣਗੇ ਤਾਂ ਜੁ ਆਮ ਲੋਕਾਂ ਨੂੰ ਕੈਂਸਰ ਵਰਗੀ ਬਿਮਾਰੀ ਪ੍ਰਤੀ ਜਾਗਰੂਕ ਕੀਤਾ ਜਾ ਸਕੇ।

## ਡਾ. ਵਿਜੇ ਸਿੰਗਲਾ ਵੱਲੋਂ ਨਸ਼ਿਆਂ ਵਿਰੁੱਧ ਜੰਗ ਹੋਰ ਤੇਜ਼ ਕਰਨ ਦੀਆਂ ਹਦਾਇਤਾਂ



**ਮਾਨਸਾ (ਆਤਮਾ ਸਿੰਘ ਪਮਾਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਦੇ ਲਏ ਗਏ ਅਹਿਦ ਨੂੰ ਅੰਜਾਮ ਤੱਕ ਪੁਚਾਉਣ ਲਈ ਹਲਕਾ ਵਿਧਾਇਕ ਡਾ. ਵਿਜੇ ਸਿੰਗਲਾ ਨੇ ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਖੇ ਯੁੱਧ ਨਸ਼ਿਆਂ ਵਿਰੁੱਧ 2.0 ਤਹਿਤ ਕਾਰਜਸ਼ੀਲ ਸਬ-ਡਵੀਜ਼ਨ ਪੱਧਰੀ ਤਾਲਮੇਲ ਕਮੇਟੀ ਦੀ ਇੱਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ।ਮੀਟਿੰਗ ਦੌਰਾਨ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਭਵਿੱਖੀ ਰਣਨੀਤੀ ਸਬੰਧੀ ਜ਼ਰੂਰੀ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਗਏ।ਇਸ ਮੌਕੇ ਯੁੱਧ ਨਸ਼ਿਆਂ ਵਿਰੁੱਧ 2.0 ਤਹਿਤ ਕਿੱਲੀ ਚਾਹਲਾਂ, ਮੋਗਾ ਵਿਖੇ 16 ਫਰਵਰੀ ਨੂੰ ਹੋਣ ਵਾਲੀ ਪਿੰਡਾਂ ਦੇ ਪਹਿਰੇਦਾਰਾਂ ਦੀ ਮੈਗਾ ਮੀਟਿੰਗ ਸਬੰਧੀ ਵੀ ਵਿਸਤ੍ਰਿਤ ਵਿਚਾਰ ਵਟਾਂਦਰਾ ਕੀਤਾ ਗਿਆ।ਡਾ. ਸਿੰਗਲਾ ਨੇ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੈਗਾ ਮੀਟਿੰਗ ਵਿੱਚ ਵੱਧ ਚੜ ਕੇ ਸ਼ਾਮਿਲ ਹੋਣ ਤਾਂ ਜੁ ਸੂਬੇ ਨੂੰ ਨਸ਼ਾ ਮੁਕਤ ਕਰਨ ਦੇ ਟੀਚੇ ਨੂੰ ਸਾਕਾਰ ਕੀਤਾ ਜਾ ਸਕੇ।ਡਾ. ਸਿੰਗਲਾ ਨੇ ਯੁੱਧ ਨਸ਼ਿਆਂ ਵਿਰੁੱਧ 2.0 ਮੋਬਾਈਲ ਐਪ ਦੀ ਸੁਚੱਜੀ ਤੇ ਪ੍ਰਭਾਵਸ਼ਾਲੀ ਵਰਤੋਂ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਇਹ ਐਪ ਨਸ਼ਾ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਤੇ ਨਸ਼ਾ ਤਸਕਰਾਂ ਦੀ ਪੁਖ਼ਤਾ ਜਾਣਕਾਰੀ ਸਾਂਝੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੀ ਹੈ।ਵਿਧਾਇਕ ਡਾ. ਸਿੰਗਲਾ ਨੇ ਕਿਹਾ ਕਿ ਨਸ਼ਾ ਇੱਕ ਕੋਹੜ ਹੈ, ਜਿਸ ਨੂੰ ਸਮਾਜ ਦੇ ਸਾਂਝੇ ਯਤਨਾਂ ਨਾਲ ਹੀ ਜੜ੍ਹੋਂ ਪੁੱਟਿਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਸਾਡਾ ਮਕਸਦ ਸਿਰਫ਼ ਨਸ਼ਾ ਫੜਨਾ ਹੀ ਨਹੀਂ, ਸਗੋਂ ਨਸ਼ਾ ਪੀੜਤਾਂ ਨੂੰ ਇਸ ਦਲਦਲ 'ਚੋਂ ਕੱਢ ਕੇ ਸਮਾਜ ਦੀ ਮੁੱਖ ਧਾਰਾ ਨਾਲ ਵੀ ਜੋੜਨਾ ਹੈ। ਇਸ ਸਮੇਂ ਐਸ.ਡੀ.ਐਮ. ਮਾਨਸਾ ਕਾਲਾ ਰਾਮ ਕਾਂਸਲ ਨੇ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਦਿਨ-ਰਾਤ ਕੰਮ ਕਰ ਰਿਹਾ ਹੈ। ਉਨ੍ਹਾਂ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਨਸ਼ਾ ਵੇਚਣ ਵਾਲਿਆਂ ਬਾਰੇ ਜਾਣਕਾਰੀ ਦੇ ਕੇ ਪ੍ਰਸ਼ਾਸਨ ਦਾ ਸਹਿਯੋਗ ਕਰਨ।

## ਜ਼ਿਲ੍ਹਾ ਪੱਧਰੀ ਟੇਲੈਂਟ ਹੰਟ ਮੁਕਾਬਲੇ 'ਚ ਪੰਜਾਬ ਕੋ-ਐਜੂਕੇਸ਼ਨ ਸਕੂਲ ਦੀਆਂ ਵਿਦਿਆਰਥਣਾਂ ਨੇ ਮਾਰੀਆਂ ਮੱਲਾਂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼ਹਿਰ ਬਾਘਾ ਪੁਰਾਣਾ ਦੀ ਪੜ੍ਹਾਈ ਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੀ ਸਿਰਮੌਰ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜੋ ਸੰਸਥਾਪਕ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ ਅਤੇ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਯੋਗ ਅਤੇ ਸੁਚੱਜੀ ਅਗਵਾਈ ਵਿੱਚ ਨਿੱਤ ਨਵੀਆਂ ਮੰਜ਼ਿਲਾਂ ਸਰ ਕਰ ਰਹੀ ਹੈ, ਦੀਆਂ ਵਿਦਿਆਰਥਣਾਂ ਨੇ ਬੀਤੇ ਦਿਨੀਂ ਘੱਲ ਕਲਾਂ ਵਿਖੇ ਲਰਨਿੰਗ ਫ਼ੀਲਡ ਗਲੋਬਲ ਸਕੂਲ ਵਿੱਚ ਹੋਏ ਜ਼ਿਲ੍ਹਾ ਪੱਧਰੀ ਟੇਲੈਂਟ ਹੰਟ ਮੁਕਾਬਲੇ ਵਿੱਚ ਲੋਕ ਨਾਚ ਗਿੱਧਾ (ਮਿਡਲ) ਤੇ ਲੋਕ-ਗੀਤ (ਮਿਡਲ) ਮੁਕਾਬਲੇ 'ਚੋਂ ਪਹਿਲਾ ਅਤੇ ਸੈਕੰਡਰੀ ਮੁਕਾਬਲੇ 'ਚੋਂ ਤੀਸਰਾ ਸਥਾਨ ਹਾਸਲ ਕਰਕੇ ਸੰਸਥਾਂ ਦਾ ਨਾਮ ਰੌਸ਼ਨ ਕੀਤਾ।ਇਹ ਸੱਭਿਆਚਾਰਕ ਮੁਕਾਬਲੇ ਮਾਣਯੋਗ ਡਿਪਟੀ ਕਮਿਸ਼ਨਰ ਮੋਗਾ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਅਸ਼ੀਸ਼ ਕੁਮਾਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਦਾ ਉਦੇਸ਼ ਵਿਦਿਆਰਥੀਆਂ ਵਿੱਚ ਪੜ੍ਹਾਈ ਦੇ ਨਾਲ-ਨਾਲ ਛੁਪੀ ਪ੍ਰਤਿਭਾ ਨੂੰ ਪਛਾਣਨਾ ਤੇ ਪੰਜਾਬੀ ਸੱਭਿਆਚਾਰ ਦੇ ਅਲੋਪ ਹੁੰਦੇ ਜਾ ਰਹੇ ਪੱਖ ਜਿਵੇਂ ਲੰਮੀ ਹੇਕ ਦੇ ਗੀਤ, ਮਾਹੀਏ, ਢੋਲੇ ਤੇ ਲੋਕ ਨਾਚ ਆਦਿ ਨੂੰ ਜਿਉਂਦੇ ਰੱਖਣ ਦਾ ਇੱਕ ਸ਼ਲਾਘਾਯੋਗ ਉਪਰਾਲਾ ਹੈ।ਇਸ ਮੁਕਾਬਲੇ ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਪੰਜਾਬ ਕੋ-ਐਜੂਕੇਸ਼ਨ ਸੰਸਥਾਂ ਦੇ ਬਾਨੀ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸ੍ਰੀ ਸੰਦੀਪ ਮਹਿਤਾ ਅਤੇ ਕੋਆਰਡੀਨੇਟਰ ਸ੍ਰੀ ਮੁਕੇਸ਼ ਅਰੋੜਾ ਵੱਲੋਂ ਬੱਚਿਆਂ ਨੂੰ ਸਰਟੀਫਿਕੇਟ ਤੇ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ ਨੇ ਬੱਚਿਆਂ ਤੇ ਉਨ੍ਹਾਂ ਦੇ ਗਾਈਡ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਮਹਿਤਾ ਨੇ ਬੱਚਿਆਂ ਨੂੰ ਪੜ੍ਹਾਈ ਤੇ ਖੇਡਾਂ ਦੇ ਨਾਲ-ਨਾਲ ਸੱਭਿਆਚਾਰਕ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ ਤੇ ਮੈਡਮ ਖੁਸ਼ਪ੍ਰੀਤ ਕੌਰ ਤੇ ਸਮੁੱਚੇ ਸਟਾਫ਼ ਵੱਲੋਂ ਬੱਚਿਆਂ ਨੂੰ ਵਧਾਈ ਦਿੱਤੀ ਗਈ।

## ਮੇਰੇ ਵਿਰੁੱਧ ਪ੍ਰਚਾਰ ਕਰਨ ਵਾਲੇ ਲੋਕ ਸੰਤ ਭਿੰਡਰਾਂਵਾਲਿਆਂ ਦੇ ਨਿਸ਼ਾਨੇ ਤੋਂ ਥਿੜਕ ਚੁੱਕੇ ਹਨ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੋਸ਼ਲ ਮੀਡੀਆ ਤੇ ਨੈੱਟਵਰਕ ਉੱਤੇ ਆਪਣੇ ਤੇ ਆਪਣੇ ਪਰਿਵਾਰ ਵਿਰੁੱਧ ਹੋ ਰਹੇ ਪ੍ਰਚਾਰ ਸੰਬੰਧੀ ਜੁਆਬ ਦਿੰਦੇ ਹੋਏ ਕਿਹਾ ਕਿ ਮਨੁੱਖੀ ਜਾਮੇ ਵਿੱਚ ਕੋਈ ਵੀ ਇਨਸਾਨ ਕਿਸੇ ਸਮੇਂ ਅਣਭੋਲਤਾ 'ਚ ਕੋਈ ਗਲਤੀ ਕਰ ਸਕਦਾ ਹੈ, ਪਰ ਸਿੱਖੀ ਵਿੱਚ ਅਜਿਹਾ ਨਹੀਂ ਕਿ ਕਿਸੇ ਅਜਿਹੀ ਹੋਈ ਗਲਤੀ ਲਈ ਮੁਆਫ਼ੀ ਨਾ ਹੋਵੇ।ਸਿੱਖ ਧਰਮ ਵਿੱਚ ਤਾਂ ਹੋਈ ਗਲਤੀ ਦਾ ਧੁਰ ਅੰਦਰੋਂ ਅਹਿਸਾਸ ਕਰਨ ਵਾਲੇ ਨੂੰ ਬਖ਼ਸ਼ੇ ਜਾਣ ਦਾ ਪ੍ਰਬੰਧ ਹੈ।ਉਨ੍ਹਾ ਕਿਹਾ ਕਿ ਜਦੋਂ ਮੇਰੇ ਦੋਹਤੇ ਤੇ ਦਾਸ ਵੱਲੋਂ ਹੋਈ ਗਲਤੀ ਲਈ ਆਤਮਿਕ ਤੌਰ 'ਤੇ ਮੁਆਫ਼ੀ ਮੰਗੀ ਜਾ ਚੁੱਕੀ ਹੈ, ਤਾਂ ਹੁਣ ਉਹ ਲੋਕ ਹੀ ਮੇਰੇ ਤੇ ਮੇਰੇ ਪਰਵਾਰ ਵਿਰੁੱਧ ਪ੍ਰਚਾਰ ਕਰਦੇ ਨਜ਼ਰ ਆ ਰਹੇ ਹਨ, ਜੋ ਆਪਣੇ ਆਪ ਨੂੰ ਸੰਤ ਭਿੰਡਰਾਂਵਾਲਿਆਂ ਦੀ ਗੋਦ ਦਾ ਨਿੱਘ ਮਾਨਣ ਦਾ ਦਾਅਵਾ ਕਰਦੇ ਹੋਏ ਪੂਰਨ ਰੂਪ ਵਿੱਚ ਪਿੱਠ ਦੇ ਕੇ ਕੌਮੀ ਨਿਸ਼ਾਨੇ ਤੋਂ ਥਿੜਕ ਚੁੱਕੇ ਹਨ।ਇੱਥੋਂ ਤੱਕ ਅਜਿਹਾ ਕੌਮ ਵਿਰੋਧੀ ਅਮਲ ਕਰਕੇ ਆਪਣੇ ਆਪ ਨੂੰ ਆਪਣੀ ਆਤਮਾ ਦੇ ਦੋਸ਼ੀ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕਰ ਰਹੇ ਹੁੰਦੇ।ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਇਸ ਦੁਨਿਆਵੀ ਜ਼ਿੰਦਗੀ ਵਿੱਚ ਤਾਂ ਕੋਈ ਸਕੂਨ ਪ੍ਰਾਪਤ ਨਹੀਂ ਹੋ ਸਕੇਗਾ, ਬਲਕਿ ਉਸ ਅਕਾਲ ਪੁਰਖ ਦੀ ਦਰਗਾਹ ਵਿੱਚ ਵੀ ਇਹ ਲੋਕ ਪੇਸ਼ ਹੋਣ ਦੇ ਸਮਰੱਥ ਨਹੀਂ ਰਹਿ ਸਕਣਗੇ।ਉਨ੍ਹਾ ਕਿਹਾ ਕਿ ਅਜਿਹੇ ਕੌਮੀ ਨਿਸ਼ਾਨੇ ਵਿਰੋਧੀ ਲੋਕਾਂ ਵੱਲੋਂ ਸਾਨੂੰ ਕਤਈ ਵੀ ਇਸ ਨਿਸ਼ਾਨੇ ਤੋਂ ਥਿੜਕਾਉਣ ਵਿੱਚ ਕਾਮਯਾਬ ਨਹੀਂ ਹੋ ਸਕਣਗੇ।

## ਵੱਡੇ ਘੱਲੂਘਾਰੇ ਕੁੱਪ-ਰੋਹੀੜਾ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਗੁਰਦੁਆਰਾ ਸ਼ਹੀਦ ਗੰਜ ਸਾਹਿਬ ਅਸਥਾਨ ਸ਼ਹੀਦ ਜਥੇਦਾਰ ਜਿਉਣ ਸਿੰਘ ਸੌਂਦ (ਰਾਮਗੜ੍ਹੀਆ ਮਿਸਲ) ਸਿੱਧਸਰ ਪਿੰਡ ਕਲਿਆਣ ਵਿਖੇ ਕੁੱਪ ਰੋਹੀੜਾ ਵੱਡਾ ਘੱਲੂਘਾਰਾ ਦੇ ਤਕਰੀਬਨ 35000 ਸ਼ਹੀਦ ਸਿੰਘ, ਸਿੰਘਣੀਆਂ ਤੇ ਭੂਝੰਗੀਆਂ ਦੀ ਪਵਿੱਤਰ ਯਾਦ ਨੂੰ ਸਮਰਪਤ ਸਾਲਾਨਾ ਸ਼ਹੀਦੀ ਸਮਾਗਮ ਜਥੇਦਾਰ ਕਿਰਪਾਲ ਸਿੰਘ ਪੰਨੂ ਤੇ ਪ੍ਰਧਾਨ ਗੁਰਚਰਨ ਸਿੰਘ ਸੌਂਦ (ਇੰਗਲੈਂਡ) ਦੀ ਅਗਵਾਈ ਵਿੱਚ ਬੜੀ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਸ਼੍ਰੀ ਸਹਿਜ ਪਾਠ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਸਵੇਰੇ ਪਾਏ ਗਏ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਕਥਾਵਾਚਕ ਭਾਈ ਸੁਖਵੀਰ ਸਿੰਘ ਫਲੌਂਡ ਤੇ ਭਾਈ ਚਰਨਪ੍ਰੀਤ ਸਿੰਘ ਮਾਹੋਰਾਣਾ ਨੇ ਵੱਡੇ ਘਲੂਘਾਰੇ ਦੇ ਤਕਰੀਬਨ 35000 ਸਿੰਘ ਸਿੰਘਣੀਆਂ ਭੂਝੰਗੀਆਂ, ਜਿਨ੍ਹਾਂ ਵਿੱਚ ਬਹੁਤੇ ਨਿਹੱਥੇ ਸਨ, ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਯਾਦ ਕੀਤਾ। ਸਮੂਹ ਮਿਸਲਾਂ ਦੀਆਂ ਬਹਾਦਰੀਆਂ ਦੀਆਂ ਕਥਾ ਵਿਚਾਰਾਂ ਕੀਤੀਆਂ ਤੇ ਭਾਈ ਗਗਨਦੀਪ ਸਿੰਘ ਲੁਧਿਆਣਾ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਇਸ ਮੌਕੇ ਸ਼ਹੀਦ-ਸਿੰਘ ਸਿੰਘਣੀਆਂ ਨੂੰ ਯਾਦ ਕੀਤਾ ਗਿਆ ਤੇ ਉਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਨੂੰ ਜਾਣੂ ਕਰਵਾਇਆ ਗਿਆ ਅਤੇ ਰਛਪਾਲ ਸਿੰਘ ਪਮਾਲ ਇੰਟਰਨੈਸ਼ਨਲ ਢਾਡੀ ਜੱਥਾ ਨੇ ਹਾਜ਼ਰੀ ਲਗਵਾਈ। ਇਸ ਮੌਕੇ ਉਦਾਸੀਨ ਆਸ਼ਰਮ ਇਮਾਮਗੜ੍ਹ ਦੇ ਮੌਜੂਦਾ ਮਹੰਤ ਹਰਪਾਲ ਦਾਸ ਵਿਸ਼ੇਸ਼ ਤੌਰ 'ਤੇ ਅਸਥਾਨ 'ਤੇ ਪਹੁੰਚੇ।ਇਸ ਮੌਕੇ ਇੰਦਰਜੀਤ ਸਿੰਘ ਮੁੰਡੇ ਕੇ. ਐੱਸ. ਗਰੁੱਪ, ਗਿਆਨੀ ਅਮਰ ਸਿੰਘ ਦਸਮੇਸ਼ ਕੰਬਾਈਨ, ਅਮਰਜੀਤ ਸਿੰਘ ਹੁੰਜਣ, ਅਵਤਾਰ ਸਿੰਘ ਤਾਰੀ, ਬਲਵਿੰਦਰ ਸਿੰਘ ਸੌਂਦ, ਕਰਮ ਸਿੰਘ ਸੌਂਦ, ਦਵਿੰਦਰ ਸਿੰਘ ਸੌਂਦ, ਰਜਿੰਦਰ ਸਿੰਘ ਸੌਂਦ, ਇਸ਼ਵਰ ਸਿੰਘ ਸੌਂਦ, ਚਰਨਦਾਸ ਸੌਂਦ, ਮਲਕੀਤ ਸਿੰਘ, ਹਰਦੇਵ ਸਿੰਘ ਸੌਂਦ, ਕਮਲਦਾਸ ਸੌਂਦ, ਜਗਤਾਰ ਸਿੰਘ ਸੌਂਦ ਆਦਿ ਹਾਜ਼ਰ ਸਨ।

## ਲੋੜਵੰਦ ਕਿਸਾਨ ਨੂੰ ਨਵੀਂ ਟਰਾਲੀ ਸੌਂਪੀ

**ਲੌਂਗੋਵਾਲ (ਪ੍ਰਦੀਪ ਸੱਪਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਇਕਾਈ ਲੌਂਗੋਵਾਲ ਵੱਲੋਂ ਕਿਸਾਨ ਭਰਾ ਦੀ ਜ਼ਰੂਰਤ ਨੂੰ ਦੇਖਦੇ ਹੋਏ ਟਰਾਲੀ ਖਰੀਦ ਕੇ ਦਿੱਤੀ ਗਈ, ਕਿਉਂਕਿ ਸ਼ੰਭੂ ਖਨੌਰੀ ਮੋਰਚਾ ਉਜਾੜ ਕੇ ਭਗਵੰਤ ਮਾਨ ਸਰਕਾਰ ਵੱਲੋਂ ਚੋਰੀ ਕੀਤੀ ਟਰਾਲੀ ਦੀ ਜਿੰਨਾ ਟਾਈਮ ਭਰਪਾਈ ਨਹੀਂ ਹੁੰਦੀ, ਤਦ ਤੱਕ ਪਿੰਡ ਨੇ ਸਹਿਯੋਗ ਦੇ ਕੇ ਨਵੀਂ ਟਰਾਲੀ ਲੈ ਕੇ ਪਿਛਲੇ ਦਿਨੀਂ ਸੌਂਪੀ ਤਾਂ ਜੁ ਸੀਜ਼ਨ ਸਮੇਂ ਕਿਸਾਨ ਨੂੰ ਕਿਸੇ ਅੱਗੇ ਹੱਥ ਨਾ ਅੱਡਣੇ ਪੈਣ।ਜਥੇਬੰਦੀ ਨੇ ਇਹ ਗੱਲ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਲਿਆ ਹੈ।ਇਸ ਮੌਕੇ ਟਰਾਲੀ ਦੇ ਮਾਲਕ ਗਮਦੂਰ ਸਿੰਘ ਤੇ ਭੋਲਾ ਸਿੰਘ ਨੇ ਕਿਹਾ ਕਿ ਜੇਕਰ ਆਉਂਦੇ ਸਮੇਂ ਦੌਰਾਨ ਕੋਈ ਮੋਰਚਾ ਲੱਗਦਾ ਹੈ ਤਾਂ ਉਨ੍ਹਾਂ ਦੇ ਟਰਾਲੀ-ਟਰੈਕਟਰ ਜਥੇਬੰਦੀ ਲਈ ਹਾਜ਼ਰ ਹਨ।



## ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਬਾਬਾ ਗੁਲਾਬ ਸਿੰਘ ਸਨਮਾਨਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਮਾਜ ਸੇਵਾ ਦੇ ਖੇਤਰ ਵਿੱਚ ਨਿੱਗਰ ਪੈੜਾਂ ਪਾਉਣ ਵਾਲੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਪਿੰਡ ਖੇੜੀ ਮੁਸਲਮਾਨੀ ਵਿਖੇ ਹੋਏ ਸਮਾਗਮ ਮੌਕੇ ਲੋਈ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਹ ਸਨਮਾਨ ਮਿਸ਼ਨਰੀ ਆਗੂ ਤੇ ਸਟਾਰ ਬਲੱਡ ਡੋਨਰ ਭਾਈ ਰਵਿੰਦਰ ਸਿੰਘ ਭਾਂਖਰ, ਸੁਖਵਿੰਦਰ ਸਿੰਘ, ਨਿਰਮਲ ਸਿੰਘ ਧਤੌਂਦਾ, ਭਾਈ ਪ੍ਰੇਮ ਸਿੰਘ ਖਾਲਸਾ, ਗੀਤਕਾਰ ਗੁਰਜੰਟ ਸਿੰਘ ਤੇ ਪਰਮਿੰਦਰ ਹੁਰਾਂ ਨੇ ਸਾਂਝੇ ਤੌਰ 'ਤੇ ਕੀਤਾ।ਸਮਾਗਮ ਦੌਰਾਨ ਬਾਬਾ ਦਰਸ਼ਨ ਸਿੰਘ ਮੂਲੇਪੁਰ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਲੜ ਲੱਗਣ ਲਈ ਪ੍ਰੇਰਿਆ।ਜ਼ਿਕਰਯੋਗ ਹੈ ਕਿ ਬਾਬਾ ਗੁਲਾਬ ਸਿੰਘ ਸੰਗਤਾਂ ਨੂੰ ਗੁਰੂ ਲੜ ਲੱਗਣ, ਨਸ਼ਿਆਂ ਤੋਂ ਦੂਰ ਰਹਿਣ, ਤੰਦਰੁਸਤ ਇਨਸਾਨ ਜਿਉਂਦੇ ਜੀਅ ਤਿੰਨ ਜਾਂ ਚਾਰ ਮਹੀਨਿਆਂ ਬਾਅਦ ਖ਼ੂਨ ਦਾਨ ਕਰਨ ਤੇ ਮਰਨ ਉਪਰੰਤ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ।

## ਬਾਬਾ ਫ਼ਰੀਦ ਗਰੁੱਪ ਆਫ਼ ਇੰਸ. ਵਿਖੇ ਕ੍ਰਿਕਟ ਟੂਰਨਾਮੈਂਟ ਕਰਵਾਇਆ




**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਬਠਿੰਡਾ (ਬੀ.ਐੱਫ.ਜੀ.ਆਈ.) ਦੇ ਖੇਡ ਵਿਭਾਗ ਵੱਲੋਂ ਦੋ ਦਿਨਾ ਕ੍ਰਿਕਟ ਟੂਰਨਾਮੈਂਟ ਬੀ ਐੱਫ ਜੀ ਆਈ ਕੈਂਪਸ ਵਿਖੇ ਕਰਵਾਇਆ ਗਿਆ।ਇਸ ਕ੍ਰਿਕਟ ਮੁਕਾਬਲੇ ਦਾ ਸ਼ੁਭ ਆਰੰਭ ਬੀ.ਐੱਫ.ਜੀ.ਆਈ. ਦੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐੱਮ. ਪੀ. ਪੂਨੀਆ, ਡਿਪਟੀ ਡਾਇਰੈਕਟਰ (ਗਤੀਵਿਧੀਆਂ) ਸ੍ਰੀ ਬੀ. ਡੀ. ਸ਼ਰਮਾ ਤੇ ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਬਠਿੰਡਾ ਦੇ ਪ੍ਰਿੰਸੀਪਲ ਡਾ. ਮੰਗਲ ਸਿੰਘ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ।ਇਸ ਟੂਰਨਾਮੈਂਟ ਵਿੱਚ ਲਗਭਗ 22 ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਸਕੂਲ ਆਫ਼ ਹਿਊਮੈਨਿਟੀਜ਼ (ਪ੍ਰਬੰਧਨ ਵਿਭਾਗ) ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂਕਿ ਸਕੂਲ ਆਫ਼ ਇੰਜੀਨੀਅਰਿੰਗ ਦੀ ਟੀਮ ਨੇ ਆਪਣੀ ਸ਼ਾਨਦਾਰ ਖੇਡ ਭਾਵਨਾ ਦਾ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਹਾਸਲ ਕੀਤਾ।ਇਨਾਮ ਵੰਡ ਸਮਾਰੋਹ ਦੌਰਾਨ ਬੀ.ਐੱਫ.ਜੀ.ਆਈ. ਦੇ ਡਿਪਟੀ ਡਾਇਰੈਕਟਰ (ਸੁਵਿਧਾਵਾਂ) ਸ੍ਰ. ਹਰਪਾਲ ਸਿੰਘ, ਡਿਪਟੀ ਡਾਇਰੈਕਟਰ (ਗਤੀਵਿਧੀਆਂ) ਸ੍ਰੀ ਬੀ. ਡੀ. ਸ਼ਰਮਾ, ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਮੰਗਲ ਸਿੰਘ, ਖੇਡ ਵਿਭਾਗ ਦੇ ਇੰਚਾਰਜ ਡਾ. ਸੰਦੀਪ ਸਿੰਘ, ਸ਼੍ਰੀਮਤੀ ਸਰਬਜੀਤ ਕੌਰ, ਸ੍ਰੀ ਜਤਿੰਦਰ ਕੁਮਾਰ, ਸ. ਖੁਸ਼ਦੀਪ ਸਿੰਘ ਤੇ ਸ. ਬਲਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਬੀ.ਐੱਫ.ਜੀ.ਆਈ. ਦੇ ਡਿਪਟੀ ਡਾਇਰੈਕਟਰ (ਸਹੂਲਤ ਪ੍ਰਬੰਧਨ) ਸ. ਹਰਪਾਲ ਸਿੰਘ, ਡਿਪਟੀ ਡਾਇਰੈਕਟਰ (ਐਕਟੀਵਿਟੀਜ਼) ਸ੍ਰੀ ਬੀ. ਡੀ. ਸ਼ਰਮਾ, ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਮੰਗਲ ਸਿੰਘ ਨੇ ਜੇਤੂ ਟੀਮਾਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ।

ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਤੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐੱਮ. ਪੀ. ਪੂਨੀਆ ਨੇ ਜੇਤੂ ਟੀਮਾਂ ਨੂੰ ਦਿਲੋਂ ਵਧਾਈ ਦਿੱਤੀ।

# ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਨੈੱਟਵਰਕ ਦਾ ਪਰਦਾਫਾਸ਼

## * 5 ਮੁਲਜ਼ਮ ਗ੍ਰਿਫ਼ਤਾਰ, ਆਈਸ ਡਰੱਗ ਤੇ ਦੋ ਪਿਸਤੌਲ ਬਰਾਮਦ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)-ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਨੇ ਸਰਹੱਦ ਪਾਰ ਸਬੰਧਾਂ ਵਾਲੇ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਨੈੱਟਵਰਕ ਦਾ ਪਰਦਾਫਾਸ਼ ਕਰਦੇ ਹੋਏ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਆਈਸ ਡਰੱਗ ਤੇ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਅਪਰਾਧਿਕ ਤੱਤਾਂ ਦਾ ਪਤਾ ਲਗਾਉਣ ਦੇ ਉਦੇਸ਼ ਨਾਲ ਗਸ਼ਤ ਤੇ ਤਲਾਸ਼ੀ ਮੁਹਿੰਮਾਂ ਦੌਰਾਨ ਪੁਲਿਸ ਟੀਮਾਂ ਨੇ ਸਤਨਾਮ ਸਿੰਘ ਉਰਫ਼ ਬਿੰਦੀ ਵਾਸੀ ਪਿੰਡ ਕੱਕੜ, ਥਾਣਾ ਲੋਪੋਕੇ, ਅੰਮ੍ਰਿਤਸਰ ਦਿਹਾਤੀ ਨੂੰ ਗ੍ਰਿਫ਼ਤਾਰ ਕੀਤਾ।

ਉਸ ਦੀ ਤਲਾਸ਼ੀ ਲੈਣ 'ਤੇ 523 ਗ੍ਰਾਮ ਆਈਸ (ਮੈਥਾਮਫੇਟਾਮਾਈਨ) ਤੇ ਦੋ ਗਲੋਕ 9 ਐੱਮ.ਐੱਮ. ਦੇ ਪਿਸਤੌਲ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਕਰਨ 'ਤੇ ਸਤਨਾਮ ਸਿੰਘ ਉਰਫ਼ ਬਿੰਦੀ ਨੇ ਖੁਲਾਸਾ ਕੀਤਾ ਕਿ ਉਹ ਬਰਾਮਦ ਕੀਤੀ ਗਈ 935 ਡਰੱਗ, ਈ-ਰਿਕਸ਼ਾ ਡਰਾਈਵਰ ਰਮਨ ਵਾਸੀ ਇੰਦਰਾ ਕਲੋਨੀ, ਝਬਾਲ ਰੋਡ, ਢਾਬੇ 'ਤੇ ਕੰਮ ਕਰਨ ਵਾਲੇ ਚਿਰਾਗ ਵਾਸੀ ਖਜ਼ਾਨਾ ਗੇਟ, ਵਿਦਿਆਰਥੀ ਰਿਸ਼ਭ ਵਾਸੀ ਖਜ਼ਾਨਾ ਗੇਟ ਤੇ ਵੈਭਵ ਵਾਸੀ ਬਾਬਾ ਦੀਪ ਸਿੰਘ ਇਨਕਲੇਵ ਨੂੰ ਸਪਲਾਈ ਕਰ ਰਿਹਾ ਸੀ। ਇਸ ਖੁਲਾਸੇ 'ਤੇ ਕਾਰਵਾਈ ਕਰਦੇ ਹੋਏ ਪੁਲਸ ਟੀਮਾਂ ਨੇ ਚਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਹੋਰ ਜਾਂਚ ਤੋਂ ਪਤਾ ਲੱਗਾ ਕਿ ਮੁਲਜ਼ਮ ਸਤਨਾਮ ਸਿੰਘ ਉਰਫ਼ ਬਿੰਦੀ ਸਿਗਨਲ ਐਪ ਰਾਹੀਂ ਆਸਟਰੇਲੀਆ ਸਥਿਤ ਵਿੱਕੀ ਨਾਮਕ ਹੈਂਡਲਰ ਦੇ ਸਿੱਧੇ ਸੰਪਰਕ ਵਿਚ ਸੀ। ਹੈਂਡਲਰ ਡਰੋਨ ਰਾਹੀਂ ਪਾਕਿਸਤਾਨ ਤੋਂ ਤਸਕਰੀ ਕੀਤੇ ਜਾਣ ਵਾਲੇ 935 ਡਰੱਗ ਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਦਾ ਤਾਲਮੇਲ ਕਰਦਾ ਸੀ। ਉਨ੍ਹਾਂ ਦੱਸਿਆ ਕਿ 935 ਡਰੱਗ (ਮੇਥਾਮਫੇਟਾਮਾਈਨ) ਹੈਰੋਇਨ ਨਾਲੋਂ ਕਰੀਬ ਪੰਜ ਗੁਣਾਂ ਜ਼ਿਆਦਾ ਮਹਿੰਗੀ ਹੈ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਵਿਚ ਡੀਸੀਪੀ (ਜਾਸੂਸੀ) ਰਵਿੰਦਰਪਾਲ ਸਿੰਘ, ਏਡੀਸੀਪੀ-1 ਵਿਸ਼ਾਲਜੀਤ ਸਿੰਘ, ਏਸੀਪੀ ਸੈਂਟਰਲ ਜਸਪਾਲ ਸਿੰਘ ਤੇ ਥਾਣਾ ਗੇਟ ਹਕੀਮਾਂ ਦੀ ਐੱਸਐੱਚਓ ਇੰਸਪੈਕਟਰ ਮਨਜੀਤ ਕੌਰ ਸ਼ਾਮਿਲ ਸਨ। ਇਸ ਸਬੰਧੀ ਮਾਮਲਾ ਥਾਣਾ ਗੇਟ ਹਕੀਮਾਂ ਵਿਚ ਦਰਜ ਕੀਤਾ ਗਿਆ ਹੈ।

# ਕਟਾਰੂਚੱਕ ਨੇ ਵਿਕਾਸ ਕਾਰਜਾਂ ਦਾ ਰੀਵਿਊ ਕਰਨ ਲਈ ਕੀਤੀ ਵਿਸ਼ੇਸ਼ ਮੀਟਿੰਗ

ਪਠਾਨਕੋਟ (ਦਵਿੰਦਰ ਸਿੰਘ)-ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਦਾ ਰੀਵਿਊ ਕਰਨ ਦੇ ਲਈ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਦੇ ਦਫਤਰ ਵਿਖੇ ਵਿਧਾਨ ਸਭਾ ਹਲਕਾ ਭੋਆ ਦੇ ਪੰਚਾਇਤ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਵਿਧਾਨ ਸਭਾ ਹਲਕਾ ਭੋਆ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ ਹਨ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਜੋ ਵੀ ਵਿਕਾਸ ਕਾਰਜ ਚੱਲ ਰਹੇ ਹਨ ਉਨ੍ਹਾਂ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤੇ ਜਾਣ ਤਾਂ ਜੋ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਜਨ ਭਲਾਈ ਸਕੀਮਾਂ ਦਾ ਲਾਭ ਮਿਲ ਸਕੇ। ਕਟਾਰੂਚੱਕ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਕਾਸ ਕਾਰਜਾਂ ਲਈ ਵਰਤੀ ਜਾਣ ਵਾਲੀ ਸਮੱਗਰੀ ਦੀ ਗੁਣਵੱਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭੁਪਿੰਦਰ ਸਿੰਘ ਮੁੰਨਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ, ਪਵਨ ਕੁਮਾਰ ਫੌਜੀ ਬਲਾਕ ਸੰਮਤੀ ਮੈਂਬਰ, ਨੀਰੂ ਬਾਲਾ ਬੀਡੀਪੀਓ ਅਤੇ ਹੋਰ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਹਾਜ਼ਰ ਸਨ।

# ਭਲਕ ਦੀ ਦੇਸ਼-ਵਿਆਪੀ ਹੜਤਾਲ ਨੂੰ ਸਫ਼ਲ ਬਣਾਉਣ ਦਾ ਸੱਦਾ

ਧਾਰੀਵਾਲ, (ਮਨਦੀਪ ਵਿੱਕੀ)-ਕੇਂਦਰੀ ਪੰਜਾਬੀ ਲੇਖਕ ਸਭਾ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਅਹੁਦੇਦਾਰਾਂ ਦੀ ਇੱਕ ਹੰਗਾਮੀ ਮੀਟਿੰਗ ਸ਼ਹੀਦ ਭਗਤ ਸਿੰਘ ਹਾਲ ਗੁਰਦਾਸਪੁਰ ਵਿਖੇ ਬੁਲਾਈ ਗਈ।ਡਾਕਟਰ ਲੇਖ ਰਾਜ ਪ੍ਰਧਾਨ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਦੌਰਾਨ 12 ਫਰਵਰੀ 2026 ਨੂੰ ਹੋ ਰਹੀ ਦੇਸ਼ ਵਿਆਪੀ ਹੜਤਾਲ ਵਿੱਚ ਸ਼ਾਮਲ ਹੋਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਸੰਯੋਜਕ ਮੱਖਣ ਕੁਹਾੜ ਨੇ ਦੱਸਿਆ ਕਿ ਇਸ ਹੜਤਾਲ ਦਾ ਮੁੱਖ ਮਕਸਦ ਕੇਂਦਰ ਸਰਕਾਰ ਦੀਆਂ ਨਿੱਜੀਕਰਨ ਸਬੰਧੀ ਮਾਰੂ ਨੀਤੀਆਂ ਦਾ ਕਰੜਾ ਵਿਰੋਧ ਕਰਨਾ, ਬਿਜਲੀ ਬਿੱਲ 2025 ਦਾ ਵਿਰੋਧ ਕਰਨਾ, ਨਰੇਗਾ ਸਕੀਮ ਦਾ ਸਰੂਪ ਬਦਲਣ ਅਤੇ ਬੀਜ ਬਿੱਲ 2025 ਦਾ ਡਟ ਕੇ ਵਿਰੋਧ ਕਰਨਾ ਹੈ।ਇਸ ਤੋਂ ਇਲਾਵਾ ਚਾਰ ਲੇਬਰ ਕੋਡ ਰੱਦ ਕਰਕੇ ਉਨ੍ਹਾਂ ਦੀ ਥਾਂ ਮਜ਼ਦੂਰ ਪੱਖੀ ਕਾਨੂੰਨ ਬਣਾਏ ਜਾਣ ਦੀ ਮੰਗ ਵੀ ਸ਼ਾਮਲ ਹੈ।ਭਾਰਤ ਤੇ ਅਮਰੀਕਾ ਵਿਚਾਲੇ ਹੋ ਰਹੇ ਅਸਾਵੇਂ ਵਪਾਰ ਸਮਝੌਤੇ ਜਿਸ ਵਿੱਚ ਦੇਸ਼ ਦੀ ਆਰਥਿਕਤਾ ਦੀ ਤੇ ਵਿਸ਼ੇਸ਼ ਤੌਰ ਤੇ ਨਿਮਨ ਕਿਸਾਨੀ ਦੀ ਹੋਣ ਜਾ ਰਹੀ ਤਬਾਹੀ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ ਤੇ ਇਸ ਸਮਝੌਤੇ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।ਸਰਬਸੰਮਤੀ ਨਾਲ ਇਸ ਗੱਲ ਉਤੇ ਸਹਿਮਤੀ ਬਣੀ ਕਿ ਉਪਰੋਕਤ ਸਾਰੇ ਮੁੱਦਿਆਂ ਵੱਲ ਸਰਕਾਰ ਦਾ ਧਿਆਨ ਦਿਵਾਉਣ ਲਈ ਜਨਤਕ ਜਥੇਬੰਦੀਆਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਕਲਮਕਾਰਾਂ ਵੱਲੋਂ 12 ਫਰਵਰੀ ਨੂੰ ਜੋ ਇੱਕ ਰੋਜ਼ਾ ਹੜਤਾਲ ਕੀਤੀ ਜਾ ਰਹੀ ਹੈ ਉਸ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਉਸ ਵਿੱਚ ਵਧ ਚੜ੍ਹ ਕੇ ਭਾਗ ਲਵੇਗਾ।ਜ਼ਿਲ੍ਹਾ ਸਾਹਿਤ ਕੇਂਦਰ ਵੱਲੋਂ ਗੁਰਦਾਸਪੁਰ ਦੇ ਸਮੂਹ ਲੇਖਕਾਂ, ਵਿਦਵਾਨਾਂ, ਚਿੰਤਕਾਂ ਨੂੰ ਵੀ ਇਸ ਹੜਤਾਲ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਕੀਤੀ ਗਈ।ਮੀਟਿੰਗ ਵਿੱਚ ਡਾਕਟਰ ਲੇਖ ਰਾਜ ਤੋਂ




ਇਲਾਵਾ ਸੰਯੋਜਕ ਮੱਖਣ ਕੁਹਾੜ, ਮੰਗਤ ਚੰਚਲ ਜਨਰਲ ਸਕੱਤਰ, ਸੀਤਲ ਸਿੰਘ ਗੁੰਨੋਪੁਰੀ ਸੀਨੀਅਰ ਮੀਤ ਪ੍ਰਧਾਨ, ਗੁਰਮੀਤ ਸਿੰਘ ਬਾਜਵਾ ਮੀਤ ਪ੍ਰਧਾਨ, ਸੋਹਣ ਸਿੰਘ ਵਿੱਤ ਸਕੱਤਰ, ਸਹਾਇਕ ਵਿਤ ਸਕੱਤਰ ਬੂਟਾ ਰਾਮ ਆਜ਼ਾਦ, ਮੀਡੀਆ ਇੰਚਾਰਜ ਸੁੱਚਾ ਸਿੰਘ ਪਸਨਾਵਾਲਾ, ਸੁਖਵਿੰਦਰ ਰੰਧਾਵਾ, ਗੁਰਪ੍ਰੀਤ ਰੰਗੀਲਪੁਰ, ਨਿਸ਼ਾਨ ਸਿੰਘ ਜੌੜਾਸਿੰਘਾ ਅਤੇ ਹੋਰ ਅਹੁਦੇਦਾਰ ਸ਼ਾਮਲ ਸਨ।

# ਮੋਦੀ ਦੇਸ਼ ਨੂੰ ਗੁਲਾਮੀ ਵੱਲ ਧੱਕ ਰਿਹਾ: ਦਦੇਹਰ ਸਾਹਿਬ

ਚੋਹਲਾ ਸਾਹਿਬ (ਰਮਨ ਚੱਢਾ)-ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਮੋਦੀ ਨੇ ਅਮਰੀਕਾ ਦੇ ਦਬਾਅ ਹੇਠ ਆ ਕੇ ਅਮਰੀਕਾ ਨਾਲ ਵਪਾਰ ਸਮਝੌਤਾ ਕਰ ਲਿਆ ਹੈ।ਇਸ ਨਾਲ ਕਿਸਾਨੀ ਬੁਰੀ ਤਰਾਂ ਤਬਾਹ ਹੋਵੇਗੀ।ਅਮਰੀਕਾ ਦੀਆਂ ਚੀਜ਼ਾਂ ਸ਼ਰੇਆਮ ਭਾਰਤ ਵਿਚ ਸਸਤੇ ਰੇਟ ਉਪਰ ਵਿਕਣਗੀਆਂ। ਕਿਸਾਨੀ ਨਾਲ ਜੁੜੇ ਧੰਦੇ ਫਸਲਾਂ ਦੀ ਖਰੀਦ, ਦੁੱਧ ਦਾ ਵਪਾਰ ਫ਼ੇਲ ਹੋ ਜਾਵੇਗਾ। ਬਾਅਦ ਵਿੱਚ



ਉਹੀ ਚੀਜ਼ਾਂ ਅਮਰੀਕਾ ਦੁੱਗਣੇ ਰੇਟ 'ਤੇ ਵੇਚੇਗਾ । ਸਾਡੇ ਮਹਾਨ ਦੇਸ਼ ਭਗਤਾਂ ਨੇ ਕੁਰਬਾਨੀ ਦੇ ਕੇ ਦੇਸ਼ ਆਜ਼ਾਦ ਕਰਵਾਇਆ ਸੀ ਪਰ ਮੋਦੀ ਲਗਾਤਾਰ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਲਿਆ ਕੇ ਦੇਸ਼ ਨੂੰ ਫੇਰ ਗੁਲਾਮੀ ਵੱਲ ਧੱਕ ਰਿਹਾ ਹੈ ।ਇਹ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਜੋ ਵੀ ਕੁਰਬਾਨੀ ਦੇਣੀ ਪਈ ਦੇਸ਼ ਭਗਤਾਂ ਦੇ ਵਾਰਿਸ ਦੇਣਗੇ।

# ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਵੱਲੋਂ ਹੜਤਾਲ ਭਲਕੇ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪੰਜਾਬ ਰਾਜ ਕਰਮਚਾਰੀ ਦਲ ਵੱਲੋਂ 12 ਫਰਵਰੀ ਨੂੰ ਹੜਤਾਲ ਕੀਤੀ ਜਾਵੇਗੀ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ, ਸੁਖਵਿੰਦਰ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ ਨੇ



ਸਾਂਝੇ ਤੌਰ 'ਤੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਪਾਵਰਕਾਮ ਵੱਲੋਂ ਐਕਟ 2025 ਨੂੰ ਰੱਦ ਕਰਾਉਣ ਵਾਸਤੇ, ਡੀਏ ਦੀਆਂ ਕਿਸ਼ਤਾਂ ਅਤੇ ਹੋਰ ਮੰਗਾਂ ਲਾਗੂ ਕਰਵਾਉਣ ਲਈ ਪੂਰੇ ਪੰਜਾਬ ਵਿਚ ਹੜਤਾਲ ਕੀਤੀ ਜਾਵੇਗੀ।ਇਸ ਸਮੇਂ ਵੱਖ-ਵੱਖ ਆਗੂ ਬਲਵਿੰਦਰ ਸਿੰਘ ਬਾਜਵਾ, ਦਰਬਾਰਾ ਸਿੰਘ ਛੀਨਾ, ਤਰਲੋਕ ਸਿੰਘ ਖੁੰਡੀ, ਅਰਜਨ ਸਿੰਘ ਪਰਮਾਰ, ਦਿਲਬਾਗ ਸਿੰਘ ਬੁੱਟਰ, ਸੁਰਜੀਤ ਸਿੰਘ ਅਮਰਗੜ੍ਹ, ਅਨਮੋਲਕ ਸਿੰਘ ਗਿੱਲ, ਮਹਿੰਦਰ ਸਿੰਘ ਗਿੱਲ ਤੋਂ ਇਲਾਵਾ ਹੋਰ ਵੀ ਆਗੂ ਹਾਜ਼ਰ ਸਨ।

# ਜੋਗਾ ਸਿੰਘ ਤਾਹਰਪੁਰ ਨੇ ਸਾਥੀਆਂ ਸਣੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜੋਗਾ ਸਿੰਘ ਤਾਹਰਪੁਰ ਆਪਣੇ ਸਾਥੀਆਂ ਸਮੇਤ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮਾਣਯੋਗ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਪੁੱਜਣ 'ਤੇ ਗੋਲਡਨ ਗੇਟ ਵਿਖੇ ਸਵਾਗਤ ਕਰਨ ਲਈ ਪਹੁੰਚੇ। ਇਸ ਮੌਕੇ ਉਹ ਮੇਜਰ ਸ਼ਿਵ ਚਰਨ ਸਿੰਘ, ਸਿਵੀ ਸਿੰਘ ਸਿਆਸੀ ਸਲਾਹਕਾਰ



ਬਿਕਰਮ ਸਿੰਘ ਮਜੀਠੀਆ ਨੂੰ ਵੇ ਮਿਲੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੋਗਾ ਸਿੰਘ ਤਾਹਰਪੁਰ ਨੇ ਕਿਹਾ ਕਿ ਮਜੀਠੀਆ ਦੀ ਜ਼ਮਾਨਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸੱਚ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ। ਮਜੀਠੀਏ ਨੂੰ ਜ਼ਮਾਨਤ ਮਿਲਣ ਸੱਚਾਈ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਨੂੰ ਮਿਲੀ ਜ਼ਮਾਨਤ ਪਿੱਛੇ ਅਕਾਲੀ ਦਲ ਦੇ ਵਰਕਰਾਂ ਅਤੇ ਆਗੂਆਂ 'ਚ ਜਿੱਥੇ ਖ਼ੁਸ਼ੀ ਦੀ ਲਹਿਰ ਹੈ, ਉੱਥੇ ਹੀ ਇਸ ਨਾਲ ਪਾਰਟੀ ਦਾ ਮਨੋਬਲ ਪਹਿਲਾਂ ਨਾਲੋਂ ਵੀ ਵਧ ਗਿਆ ਹੈ।ਇਸ ਮੌਕੇ ਹਰਦੇਵ ਸਿੰਘ ਤਾਹਰਪੁਰ, ਸੁਖਜਿੰਦਰ ਸਿੰਘ ਤਾਹਰਪੁਰ, ਬਿਕਰਮ ਸਿੰਘ ਤਾਹਰਪੁਰ ਅਤੇ ਹਰਜਿੰਦਰ ਸਿੰਘ ਮੈਂਬਰ ਵੀ ਉਨ੍ਹਾਂ ਦੇ ਨਾਲ ਸਨ।

# ਅੱਜ ਬਿਜਲੀ ਬੰਦ ਰਹੇਗੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸਹਾਇਕ ਇੰਜੀਨੀਅਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿ: ਸ਼ਹਿਰੀ ਉਪ ਮੰਡਲ, ਹੁਸ਼ਿਆਰਪੁਰ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ 11 ਫਰਵਰੀ ਨੂੰ ਸਬ ਸਟੇਸ਼ਨ ਗਊਸ਼ਾਲਾ ਬਾਜ਼ਾਰ ਜ਼ਰੂਰੀ ਰਿਪੇਅਰ ਕਾਰਨ ਸਵੇਰੇ 11.00 ਵਜੇ ਤੋ 13.00 ਵਜੇ ਤੱਕ ਹੇਠ ਅਨੁਸਰ ਏਰੀਏ ਗੁੜ ਮੁੰਡੀ, ਕਣਕ ਮੰਡੀ, ਸ਼ੇਖਾ ਮਹੱਲਾ, ਕਮਾਲਪੁਰ, ਸਬਜ਼ੀ ਮੰਡੀ, ਜਗਤਪੁਰਾ, ਘੰਟਾਘਰ, ਵਾਲਮੀਕ ਮੁਹੱਲਾ, ਰਾਣੀਆਂ ਮੁਹੱਲਾ, ਖਾਨਪੁਰੀ ਗੇਟ, ਕੋਤਵਾਲੀ ਬਾਜ਼ਾਰ, ਕਸ਼ਮੀਰੀ ਬਾਜ਼ਾਰ, ਨਵੀਂ ਆਬਾਦੀ, ਪ੍ਰਭਾਕਰ ਮੁਹੱਲਾ ਕਮੇਟੀ ਬਾਜ਼ਾਰ ਜੱਟਾਂ ਮਹੱਲਾ ਸ਼ੀਸ਼ ਮਹਿਲ ਬਾਜ਼ਾਰ, ਮਾਲ ਰੋਡ, ਬਹਾਦਰਪੁਰ, ਕੱਚਾ ਟੋਭਾ, ਵਕੀਲਾਂ ਬਾਜ਼ਾਰ, ਪ੍ਰਲਾਦ ਨਗਰ ਆਦਿ ਦੀ ਬਿਜਲੀ ਬੰਦ ਰਹੇਗੀ।

# ਬਿਜਲੀ ਮੁਲਾਜ਼ਮਾਂ ਵੱਲੋਂ 12 ਦੀ ਦੇਸ਼ ਵਿਆਪੀ ਹੜਤਾਲ 'ਚ ਸ਼ਾਮਲ ਹੋਣ ਦਾ ਐਲਾਨ



ਮੋਰਿੰਡਾ (ਨਿਹਾਲ ਸਿੰਘ ਕਲਸੀ)-ਜੋਆਇੰਟ ਫੋਰਮ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਦੇ ਸਾਂਝੇ ਸੱਦੇ ਤੇ ਬਿਜਲੀ ਮੁਲਾਜ਼ਮਾਂ ਵਲੋਂ ਮੋਰਿੰਡਾ ਵਿਖੇ ਰੋਸ ਭਰਭੂਰ ਰੈਲੀ ਕੀਤੀ ਗਈ। ਇਸ ਸਮੇਂ ਸਰਬਸੰਮਤੀ ਨਾਲ ਮਤਾ ਪਾਸ ਕਰਕੇ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਬਣਾਉਣ ਮੋਰਿੰਡਾ ਵਿਖੇ ਮੁਕੰਮਲ ਹੜਤਾਲ ਕਰਨ ਦਾ ਫੈਸਲਾ ਕੀਤਾ।ਵੱਖ-ਵੱਖ ਬੁਲਾਰਿਆਂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਕੇਂਦਰ ਦੀ ਸਰਕਾਰ ਆਪਣੀ ਮੁਲਾਜ਼ਮ ਮਾਰੂ, ਕਿਸਾਨ ਮਾਰੂ ਨੀਤੀ

ਆਂ ਆਪਣਾ ਕੇ ਦੇਸ਼ ਨੂੰ ਢਾਹ ਲਾ ਰਹੀ ਹੈ। ਇਸ ਰੈਲੀ ਵਿੱਚ ਉਚੇਚੇ ਤੌਰ 'ਤੇ ਪੁੱਜੇ ਜੋਆਇੰਟ ਫੋਰਮ ਆਗੂ ਸੁਖਵਿੰਦਰ ਸਿੰਘ ਦੁੱਮਣਾ ਨੇ ਸਬੋਧਨ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਨਿਜੀਕਰਨ ਬੰਦ ਕਰੋ, ਠੇਕੇਦਾਰੀ ਪ੍ਰਣਾਲੀ ਖਤਮ ਕਰੋ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰੋ ਅਤੇ ਮਨਰੇਗਾ ਸਕੀਮ ਨੂੰ ਬਹਾਲ ਅਤੇ ਮਜ਼ਬੂਤ ਕਰੋ, ਜੀ ਰਾਮ ਜੀ ਕਨੂੰਨ ਨੂੰ ਰੱਦ ਕਰੋ। ਇਸ ਰੈਲੀ ਨੂੰ ਮਿਨਿਸਟਰੀਅਲ ਸਰਵਿਸ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਬਰਿੰਦਰ ਸਿੰਘ ਤੇ ਸਰਕਲ ਮੋਹਾਲੀ ਦੇ ਟੀ ਐਸ ਯੂ ਦੇ ਪ੍ਰਧਾਨ ਬਲਵਿੰਦਰ ਸਿੰਘ ਰਡਿਆਲਾ ਨੇ ਆਖਿਆ ਕਿ ਕੇਂਦਰ ਦੀ ਸਰਕਾਰ ਬਿਜਲੀ ਐਕਟ 2025 ਮੁਲਾਜ਼ਮ ਤੇ ਆਮ ਖਪਤਕਾਰਾਂ ਦੇ ਲਈ ਕਿੰਨਾ ਘਾਤਕ ਸਿੱਧ ਹੋ ਸਕਦਾ ਹੈ। ਇਸ ਬਿੱਲ ਦੇ ਰਾਹੀਂ ਸਰਕਾਰ ਪ੍ਰਾਈਵੇਟ ਅਦਾਰਿਆਂ ਨੂੰ ਬਿਜਲੀ ਦਾ ਕੰਮ ਸੌਂਪਣਾ ਚਾਹੁੰਦੀ ਹੈ ਅਤੇ ਪ੍ਰੀਪੇਡ ਮੀਟਰਾਂ ਦੇ ਜਰੀਏ ਬਿਜਲੀ ਬੋਰਡ ਦਾ ਨਿਜੀਕਰਨ ਕਰਨਾ ਚਾਹੁੰਦੀ ਹੈ। ਬਿਜਲੀ ਮੁਲਾਜ਼ਮਾਂ ਨੇ 12 ਫਰਵਰੀਨੂੰ ਹੜਤਾਲ ਕਰਨ ਦਾ ਪ੍ਰਣ ਕੀਤਾ। ਇਸ ਰੈਲੀ ਵਿੱਚ ਪੈਨਸ਼ਨਰਜ਼ ਐਸੋਸੀਏਸ਼ਨ ਡਿਵੀਜ਼ਨ ਆਗੂ ਪਰਮਜੀਤ ਸਿੰਘ ਐਮ ਐਸ ਯੂ ਦੇ ਡਿਵੀਜ਼ਨ ਪਰਧਾਨ ਸਿਮਰਪ੍ਰੀਤ ਸਿੰਘ, ਜੋਨ ਆਗੂ ਯੋਗਰਾਜ ਸਿੰਘ, ਸ਼ਹਿਰੀ ਮੋਰਿੰਡਾ ਤੋਂ ਟੀ ਐਸ ਯੂ ਦੇ ਪ੍ਰਧਾਨ ਗੁਲਜਾਰ ਸਿੰਘ, ਜੰਗ ਸਿੰਘ ਸੀ ਐਚ ਵੀ ਸਰਕਲ ਆਗੂ ਬਲਜਿੰਦਰ ਸਿੰਘ, ਜਰਨੈਲ ਸਿੰਘ, ਮਨੋਜ ਕੁਮਾਰ, ਗੁਰਨਾਮ ਸਿੰਘ, ਗੁਰਦਿਆਲ ਸਿੰਘ, ਸੁਰਿੰਦਰ ਸਿੰਘ, ਮੈਡਮ ਹਰਮਨਜੀਤ ਕੌਰ, ਮੈਡਮ ਪਰਮਜੀਤ ਕੌਰ, ਮਲਕੀਤ ਸਿੰਘ, ਜਗਦੀਪ ਸਿੰਘ, ਕੇਵਲ ਸਿੰਘ ਆਦਿ ਨੇ ਸੰਬੋਧਨ ਕੀਤਾ।

# ਆਵਾਰਾ ਪਸ਼ੂਆਂ ਦੇ ਗਲਾਂ 'ਚ ਰਿਫਲੈਕਟਰ ਪਾਏ

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਟਰੈਫਿਕ ਪੁਲਸ ਸੁਨਾਮ ਦੇ ਇੰਚਾਰਜ ਏਐੱਸਆਈ ਨਿਰਭੈ ਸਿੰਘ ਵੱਲੋਂ ਸੁਨਾਮ ਸ਼ਹਿਰ ਵਿੱਚ ਆਵਾਰਾ ਪਸ਼ੂਆਂ ਦੇ ਗਲਾਂ ਵਿੱਚ ਰਾਤ ਨੂੰ ਦੁਰਘਟਨਾ ਤੋਂ ਬਚਣ ਵਾਸਤੇ ਰੋਟਰੀ



ਕਲੱਬ ਸੁਨਾਮ ਦੇ ਸਹਿਯੋਗ ਨਾਲ ਚਮਕਦਾਰ ਰਿਫਲੈਕਟਰ ਪਾਏ ਗਏ। ਇਸ ਮੌਕੇ ਉਨ੍ਹਾਂ ਦੇ ਨਾਲ ਪਾਲੀ ਨੰਬਰਦਾਰ ਸਰਪੰਚ ਪਿੰਡ ਨਾਕਟੇ, ਹਰਜਿੰਦਰ ਸਿੰਘ ਅਤੇ ਪੁਲਸ ਵਿਭਾਗ ਵੱਲੋਂ ਦਿਲਬਾਗ ਸਿੰਘ ਹਾਜ਼ਰ ਸਨ।

# ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ) ਦੇ ਮੰਡਲ ਯੂਨਿਟ ਧਾਰੀਵਾਲ ਦੀ ਮੀਟਿੰਗ

ਧਾਰੀਵਾਲ, (ਮਨਦੀਪ ਵਿੱਕੀ)-ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ) ਦੇ ਮੰਡਲ ਯੂਨਿਟ ਧਾਰੀਵਾਲ ਦੀ ਮੀਟਿੰਗ ਹਰਕਿਰਪਾਲ ਸਿੰਘ ਸੋਹਲ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਸੂਬਾ ਆਗੂ ਹਜ਼ਾਰਾ ਸਿੰਘ ਗਿੱਲ ਤੇ ਰਣਧੀਰ ਸਿੰਘ ਕਾਹਲੋਂ ਉਚੇਚੇ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਮਹਿੰਦਰ ਪਾਲ ਸਿੰਘ ਤੇ ਹਜ਼ਾਰਾ ਸਿੰਘ ਗਿੱਲ ਨੇ ਕਿਹਾ ਪੰਜਾਬ ਦੀ ਮੌਜੂਦਾ ਸਰਕਾਰ ਹਰ ਫਰੰਟ 'ਤੇ ਫੇਲ ਸਾਬਤ ਹੋ ਰਹੀ ਹੈ। ਆਮ ਆਦਮੀ ਪਾਰਟੀ ਦੀ ਇਸ ਸਰਕਾਰ ਦੇ ਕਾਰਜਕਾਲ ਵਿੱਚ ਹਰ ਵਰਗ ਦੁਖੀ ਹੈ, ਦਿਨੋ ਦਿਨ ਬੇਰੋਜ਼ਗਾਰੀ ਵੱਧ ਰਹੀ ਹੈ, ਨਸ਼ਿਆਂ ਵਿੱਚ ਵਾਧਾ ਹੋ ਰਿਹਾ, ਮੁਲਾਜ਼ਮ, ਮਜ਼ਦੂਰ, ਕਿਸਾਨ ਆਪਣੇ ਹੱਕਾਂ ਖਾਤਰ ਲਗਾਤਾਰ ਸੰਘਰਸ਼ ਕਰ ਰਹੇ ਹਨ ਪਰ ਇਹ ਸਰਕਾਰ ਸਿਵਾਏ ਇਸ਼ਤਿਹਾਰਬਾਜ਼ੀ ਤੋਂ ਇਲਾਵਾ ਕੋਈ ਕੰਮ ਨਹੀਂ ਕਰ ਰਹੀ। ਇਸ ਮੌਕੇ ਬੁਲਾਰਿਆਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਰਕਾਰ ਨੇ ਮਾਰਚ 2026 ਦੇ ਬਜਟ ਵਿੱਚ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਹੱਕੀ ਤੇ ਭੱਖਦੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਪੈਰੇਲਲ ਸੈਸ਼ਨ ਚਲਾ ਕੇ ਜਿੱਥੇ ਸਰਕਾਰ ਦਾ ਜਲੂਸ ਕੱਢਿਆ ਜਾਵੇਗਾ, ਉਥੇ ਇਸ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ 2027 ਦੀਆਂ ਚੋਣਾਂ ਦੌਰਾਨ ਵੱਡੇ ਮਾਰਜਨ ਨਾਲ ਹਰਾਉਣ ਦੀ



ਵਿਉਂਤਬੰਦੀ ਜਥੇਬੰਦੀਆਂ ਵੱਲੋਂ ਕੀਤੀ ਜਾਵੇਗੀ। ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਸਾਥੀ ਹਰਦੀਪ ਸਿੰਘ ਖਹਿਰਾ, ਵਰਿੰਦਰ ਸਿੰਘ ਜੇਈ, ਰਣਜੀਤ ਸਿੰਘ, ਗੁਰਬਚਨ ਸਿੰਘ, ਵਰਿੰਦਰ ਕੁਮਾਰ, ਨਜੀਰ ਮਸੀਹ, ਲਖਵਿੰਦਰ ਸਿੰਘ, ਸੁਲੱਖਣ ਸਿੰਘ, ਕੁਲਵੰਤ ਸਿੰਘ ਸੱਗੂ, ਹਰਪਾਲ ਸਿੰਘ, ਗੁਰਮੀਤ ਸਿੰਘ, ਅਰਜਨਜੀਤ ਸਿੰਘ, ਕੁਲਵੰਤ ਸਿੰਘ, ਸਵਰਨ ਮਸੀਹ, ਕਸ਼ਮੀਰ ਸਿੰਘ, ਰਤਨ ਚੰਦ, ਸਤਪਾਲ ਸਿੰਘ ਆਦਿ ਪੈਨਸ਼ਨਰ ਸਾਥੀ ਹਾਜ਼ਰ ਸਨ।

# ਮਹਾਰਾਸ਼ਟਰ ਸਰਕਾਰ ਵੱਲੋਂ ਮੁੰਬਈ ਵਿਖੇ ਤੀਸਰੇ ਪੜਾਅ ਦੇ ਸ਼ਹੀਦੀ ਸ਼ਤਾਬਦੀ ਸਮਾਗਮ ਦੀਆਂ ਤਿਆਰੀਆਂ ਸ਼ੁਰੂ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਮਹਾਰਾਸ਼ਟਰ ਵਿਖੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੇ ਵਿਸ਼ੇਸ਼ ਸਹਿਯੋਗ ਨਾਲ ਦਮਦਮੀ ਟਕਸਾਲ ਮੁਖੀ ਤੇ ਸੰਤ ਸਮਾਜ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ 'ਹਿੰਦ ਦੀ ਚਾਦਰ' ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮਹਾਂਰਾਸ਼ਟਰ ਵਿਖੇ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਜਾਣ ਦੇ ਦੋ ਪੜਾਅ ਮੁਕੰਮਲ ਹੋਣ ਤੋਂ ਬਾਅਦ ਹੁਣ ਤੀਸਰੇ ਪੜਾਅ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ।ਨਾਗਪੁਰ ਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਬਾਅਦ ਅਗਲਾ ਦੋ ਦਿਨਾਂ ਸ਼ਹੀਦੀ ਸ਼ਤਾਬਦੀ ਸਮਾਗਮ ਉਵੇ ਮੈਦਾਨ ਖਾਰਘਰ ਨਵੀਂ ਮੁੰਬਈ ਵਿਖੇ ਰੱਖੇ ਗਏ ਹਨ,ਜੋ 28 ਫਰਵਰੀ ਦਿਨ ਸ਼ਨੀਵਾਰ ਤੇ 01 ਮਾਰਚ ਦਿਨ ਐਤਵਾਰ ਨੂੰ ਰਾਜ ਪੱਧਰ 'ਤੇ ਮਨਾਏ ਜਾਣਗੇ।

ਮਹਾਰਾਸ਼ਟਰ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਗਠਿਤ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਤੇ ਮੁੱਖ ਮੰਤਰੀ ਮਹਾਰਾਸ਼ਟਰਾ ਰਾਹਤ ਫੰਡ ਦੇ ਇੰਚਾਰਜ ਰਾਮੇਸ਼ਵਰ ਨਾਇਕ ਦੀ ਅਗਵਾਈ ਹੇਠ ਤੀਸਰੇ ਪੜਾਅ ਦੇ ਸ਼ਹੀਦੀ ਸਮਾਗਮਾਂ ਲਈ ਲਗਾਏ ਜਾ ਰਹੇ ਪੰਡਾਲ ਦੇ ਨਿਰਮਾਣ ਕਾਰਜ ਤੋਂ ਪਹਿਲਾਂ ਅਰਦਾਸ ਸਮਾਗਮ (ਭੂਮੀ ਪੂਜਨ) ਰੱਖਿਆ ਗਿਆ, ਜਿਸ ਵਿੱਚ ਮਹਾਂਰਾਸ਼ਟਰ ਸਰਕਾਰ ਦੇ ਪ੍ਰਤੀਨਿਧੀ, ਸੰਤ ਮਹਾਂਪੁਰਸ਼ ਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ ਭਾਗ ਲਿਆ।ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਧੰਨਵਾਦ ਕਰਦੇ ਹੋਏ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਮਹਾਂਰਾਸ਼ਟਰ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਬੜੀ ਸ਼ਰਧਾ,



ਲਗਨ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਮਹਾਰਾਸ਼ਟਰ ਵਿਖੇ 8 ਦਸੰਬਰ ਨੂੰ ਨਾਗਪੁਰ ਤੇ 24-25 ਜਨਵਰੀ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸੰਪੂਰਨ ਹੋਏ ਇਤਿਹਾਸਕ ਸਮਾਗਮਾਂ ਤੋਂ ਬਾਅਦ ਅਗਲੇ ਸਮਾਗਮ ਖਾਰਗਰ ਵਿਖੇ ਆਯੋਜਿਤ ਕੀਤੇ ਜਾ ਰਹੇ ਹਨ,ਜਿਸ ਦੌਰਾਨ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਉਚੇਚੇ ਤੌਰ ਤੇ ਸ਼ਾਮਿਲ ਹੋਣਗੇ, ਜਿਨ੍ਹਾਂ ਨਾਲ ਹੋਰ ਵੀ ਬਹੁਤ ਸਾਰੀਆਂ ਅਹਿਮ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਸ਼ਖਸ਼ੀਅਤਾਂ ਹਾਜ਼ਰੀ ਭਰਨਗੀਆ।ਦਮਦਮੀ ਟਕਸਾਲ ਮੁਖੀ ਨੇ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੁਰੂ ਸਾਹਿਬ ਤੇ ਉਨ੍ਹਾਂ ਨਾਲ ਸ਼ਹੀਦ ਹੋਏ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਅਮੁੱਲੀ ਸ਼ਹਾਦਤ ਪ੍ਰਤੀ ਸਤਿਕਾਰ ਰੱਖਦੇ ਹੋਏ ਇਨ੍ਹਾਂ ਦੋ ਦਿਨਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਜ਼ਰੂਰ ਸ਼ਾਮਿਲ ਹੋਣ।

# 1971 ਦੇ ਜੰਗੀ ਨਾਇਕ ਰਾਮ ਪ੍ਰਕਾਸ਼ ਭੱਟੀ ਨੂੰ ਸਰਕਾਰੀ ਸਨਮਾਨਾਂ ਨਾਲ ਸ਼ਰਧਾਂਜਲੀ

ਪਠਾਨਕੋਟ, (ਦਵਿੰਦਰ ਸਿੰਘ)-ਪਠਾਨਕੋਟ ਵਿੱਚ ਇੱਕ ਸੰਜੀਦਾ ਅਤੇ ਗੰਭੀਰ ਸਮਾਰੋਹ ਆਯੋਜਿਤ ਕੀਤਾ ਗਿਆ, ਜਿੱਥੇ ਭਾਰਤੀ ਰੇਲਵੇ ਦੇ ਸਾਬਕਾ ਸਟੇਸ਼ਨ ਮਾਸਟਰ ਅਤੇ ਸ਼ੌਰਿਆ ਚੱਕਰ ਪ੍ਰਾਪਤ ਸਵਰਗੀ ਰਾਮ ਪ੍ਰਕਾਸ਼ ਭੱਟੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਫੋਰਸ ਨੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਪੇਸ਼ ਕੀਤਾ, ਜੋ ਕਿ ਉਨ੍ਹਾਂ ਦੀ ਨਿਰਸਵਾਰਥ ਸੇਵਾ ਅਤੇ ਰਾਸ਼ਟਰ ਪ੍ਰਤੀ ਹਿੰਮਤ ਦਾ ਪ੍ਰਤੀਕ ਹੈ।ਇਸ ਮੌਕੇ ਸ਼ਰਧਾਂਜਲੀ ਭੇਟ ਕਰਦੇ ਹੋਏ ਅਤੇ ਉਨ੍ਹਾਂ ਦੀ ਅਦੁੱਤੀ ਹਿੰਮਤ ਨੂੰ ਯਾਦ ਕਰਦੇ ਹੋਏ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ, ਪਠਾਨਕੋਟ ਰਾਮ ਲੁਭਾਇਆ ਨੇ ਕਿਹਾ ਕਿ ਰਾਮ ਪ੍ਰਕਾਸ਼ ਭੱਟੀ ਦੇ ਯਤਨਾਂ ਸਦਕਾ, 1971 ਦੀ ਭਾਰਤ-ਪਾਕਿ ਜੰਗ ਦੌਰਾਨ ਇੱਕ ਵੱਡੀ ਆਫ਼ਤ ਟਲ ਗਈ ਸੀ।



ਉਨ੍ਹਾਂ ਕਿਹਾ ਕਿ ਉਸ ਸਮੇਂ ਸਵਰਗੀ ਰਾਮ ਪ੍ਰਕਾਸ਼ ਭੱਟੀ ਕੋਟਕਪੂਰਾ ਵਿੱਚ ਸਟੇਸ਼ਨ ਮਾਸਟਰ ਵਜੋਂ ਤਾਇਨਾਤ ਸਨ।ਜਦੋਂ ਗੋਲਾ-ਬਾਰੂਦ ਵਾਲੀ ਰੇਲਗੱਡੀ ਤੇ ਹਮਲਾ ਹੋਇਆ ਸੀ ਤਾਂ ਭੱਟੀ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਸੜਦੇ ਖ਼ਤਰਨਾਕ ਡੱਬਿਆਂ ਨੂੰ ਬਾਕੀ ਰੇਲਗੱਡੀ ਤੋਂ ਵੱਖ ਕਰ ਦਿੱਤਾ। ਉਨ੍ਹਾਂ ਦੇ ਤੁਰੰਤ ਫੈਸਲੇ ਨੇ ਨਾ ਸਿਰਫ਼ ਕਰੋੜਾਂ ਰੁਪਏ ਦੀ ਫੌਜੀ ਜਾਇਦਾਦ ਬਚਾਈ, ਸਗੋਂ ਇੱਕ ਵੱਡੇ ਧਮਾਕੇ ਨੂੰ ਰੋਕ ਕੇ ਕਈ ਜਾਨਾਂ ਵੀ ਬਚਾਈਆਂ।ਉਨ੍ਹਾਂ ਦੀ ਅਦੁੱਤੀ ਹਿੰਮਤ ਦੇ ਸਨਮਾਨ ਵਿੱਚ ਉਨ੍ਹਾਂ ਨੂੰ ਰੱਖਿਆ ਮੰਤਰਾਲੇ ਵੱਲੋਂ ਉਨ੍ਹਾਂ ਦੀ ਬਹਾਦਰੀ ਲਈ ਵੱਕਾਰੀ ਸ਼ੌਰਿਆ ਚੱਕਰ ਨਾਲ ਸਨਮਾਨਿਤ ਕੀਤਾ ਗਿਆ।ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਰਾਮ ਲੁਭਾਇਆ ਨੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ।ਸ਼੍ਰੀ ਭੱਟੀ ਦਾ ਦਿਹਾਂਤ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ।ਪੰਜਾਬ ਸਰਕਾਰ ਅਤੇ ਪੂਰਾ ਦੇਸ਼ ਉਨ੍ਹਾਂ ਦੀ ਹਿੰਮਤ ਅਤੇ ਦੇਸ਼ ਭਗਤੀ ਦਾ ਹਮੇਸ਼ਾ ਕਰਜ਼ਦਾਰ ਰਹੇਗਾ।ਉਨ੍ਹਾਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਡਿਊਟੀ ਪ੍ਰਤੀ ਸਮਰਪਣ ਦੀ ਇੱਕ ਮਹਾਨ ਉਦਾਹਰਣ ਹੈ।

ਜ਼ਿਕਰਯੋਗ ਹੈ ਕਿ ਪ੍ਰਸ਼ਾਸਨ ਵੱਲੋਂ ਬੰਦੂਕਾਂ ਦੀ ਸਲਾਮੀ ਅਤੇ ਮੌਜੂਦ ਭੀੜ ਦੀਆਂ ਨਮ ਅੱਖਾਂ ਨਾਲ ਇਸ ਬਹਾਦਰ ਯੋਧੇ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ।ਉਨ੍ਹਾਂ ਦਾ ਨਾਮ ਭਾਰਤ ਦੇ ਫੌਜੀ ਅਤੇ ਨਾਗਰਿਕ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਉਕਰਿਆ ਜਾਵੇਗਾ।

# ਟ੍ਰੇਡ ਯੂਨੀਅਨਾਂ ਦੀ ਭਲਕ ਦੀ ਹੜਤਾਲ ਨੂੰ ਸਾਡਾ ਸਮਰਥਨ: ਦੇਵੀ ਸੈਣੀ

ਪਠਾਨਕੋਟ (ਦਵਿੰਦਰ ਸਿੰਘ)-ਮਲਕਪੁਰ ਵਿਖੇ ਐਡਵਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਦੇਵੀ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਇਸਤਰੀ ਆਗੂ ਅਰਪਨਾ, ਰਜਨੀ, ਮੋਹਿੰਦਰ ਕੌਰ, ਭਾਵਨਾ, ਤਾਰਾ ਰਾਣੀ, ਰਾਜਰਾਣੀ, ਸੁਨੇਹਾ, ਹਾਜ਼ਰ ਹੋਈਆਂ ਜਿਸ ਵਿਚ ਟ੍ਰੇਡ ਯੂਨੀਅਨਾਂ ਦੀ 12 ਫਰਵਰੀ ਦੀ ਹੜਤਾਲ ਦਾ ਸਮਰਥਨ ਕੀਤਾ ਗਿਆ ਅਤੇ ਫੈਸਲਾ ਕੀਤਾ ਕਿ ਟ੍ਰੇਡ ਯੂਨੀਅਨਾਂ ਦੀ ਰੈਲੀ ਅਤੇ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੀਆਂ। ਹੜਤਾਲ ਸਬੰਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮਨਰੇਗਾ ਦਾ ਨਾਂਅ ਬਦਲ ਕੇ ਬਣਾਏ ਕਾਨੂੰਨ ਨਾਲ ਮਨਰੇਗਾ ਵਿਚਲੇ ਮਿਲਦੇ ਰੁਜ਼ਗਾਰ ਦੀ ਗਰੰਟੀ ਨੂੰ ਖਤਮ ਕਰ ਦਿੱਤਾ ਗਿਆ ਹੈ।ਮਨਰੇਗਾ ਨਾਲ ਵੱਡੀ ਗਿਣਤੀ ਵਿਚ ਔਰਤਾਂ ਨੂੰ ਰੁਜ਼ਗਾਰ ਮਿਲਿਆ ਸੀ ਜਿਸ ਨਾਲ ਗਰੀਬ ਮਜ਼ਦੂਰਾਂ ਦਾ ਚੁੱਲ੍ਹਾ ਚਲਦਾ ਸੀ।ਹੁਣ ਉਨ੍ਹਾਂ ਦੇ ਚੁੱਲ੍ਹੇ ਠੰਡੇ ਹੋ ਜਾਣਗੇ।ਰੁਜ਼ਗਾਰ ਨਾਲ ਸਮਾਜ ਵਿੱਚ ਔਰਤਾਂ ਦਾ ਰੁਤਬਾ ਵਧਿਆ ਸੀ।ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਨੂੰ ਬਹਾਲ ਕਰ ਕੇ ਮਜ਼ਦੂਰਾ ਨੂੰ ਰੁਜ਼ਗਾਰ ਦੀ ਗਰੰਟੀ ਦਿੱਤੀ ਜਾਵੇ।ਬਿਜਲੀ ਸੋਧ ਬਿੱਲ -2025 ਲੋਕਾਂ ਦੀਆਂ ਸਹੂਲਤਾਂ ਖਤਮ ਕਰਦਾ ਹੈ।ਇਸ ਨਾਲ ਮਜ਼ਦੂਰਾਂ ਤੇ ਕਿਸਾਨਾਂ ਨੂੰ ਮਿਲਦੀਆਂ ਸਬਸਿਡੀਆਂ ਖਤਮ ਹੋ ਜਾਣਗੀਆਂ ਕਿਉਂਕਿ ਪ੍ਰਾਈਵੇਟ ਅਦਾਰਿਆਂ ਦਾ ਮਕਸਦ ਮੁਨਾਫ਼ਾ ਕਮਾਉਣਾ ਹੁੰਦਾ



ਹੈ।ਉਹ ਲੋਕਾਂ ਨੂੰ ਮੁਫ਼ਤ ਬਿਜਲੀ ਨਹੀਂ ਦੇਣਗੇ। ਲੇਬਰ ਕੋਡ ਮਜ਼ਦੂਰਾਂ ਦੇ ਹੱਕ ਦੀ ਸੁਰੱਖਿਆ ਨਹੀਂ ਕਰਦੇ।ਇਸ ਨਾਲ ਕੰਮ ਦੇ ਘੰਟੇ 8 ਤੋਂ 12 ਹੋ ਜਾਣਗੇ।ਇਸ ਲਈ ਲੇਬਰ ਲਾਅ ਬਹਾਲ ਕੀਤੇ ਜਾਣ। ਬੀਜ ਬਿੱਲ ਰੱਦ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਮਜ਼ਦੂਰ ਕਿਸਾਨ ਵਿਰੋਧੀ ਕਾਨੂੰਨ ਵਾਪਸ ਲਏ ਜਾਣ।

# ਕੌਮੀ ਲੋਕ ਅਦਾਲਤ 14 ਮਾਰਚ ਨੂੰ

ਤਰਨ ਤਾਰਨ, (ਪ੍ਰਿਤਪਾਲ ਸਿੰਘ)-ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਤਰਨ ਤਾਰਨ ਵਿੱਚ ਇਸ ਸਾਲ ਦੀ ਪਹਿਲੀ ਕੌਮੀ ਲੋਕ ਅਦਾਲਤ 14 ਮਾਰਚ 2026 ਨੂੰ ਲਗਾਈ ਜਾ ਰਹੀ ਹੈ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ.ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ, ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐੱਮ.ਏ.ਸੀ.ਟੀ (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫ਼ੈਸਲਾ ਅੰਤਿਮ ਹੁੰਦਾ ਹੈ।ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫ਼ੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

# ਤਰਨਤਾਰਨ ਜ਼ਿਲ੍ਹੇ ਦੇ 217 ਵਿਦਿਆਰਥੀਆਂ ਨੇ ਸਾਇੰਸ ਓਲੰਪੀਆਡ 'ਚ ਹਿੱਸਾ ਲਿਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ. ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ 8 ਫਰਵਰੀ ਦਿਨ ਐਤਵਾਰ ਨੂੰ ਸੈਸ਼ਨ 2025-26 ਦੇ ਸਾਇੰਸ ਓਲੰਪੀਆਡ ਫਾਊਂਡੇਸ਼ਨ ਨਵੀਂ ਦਿੱਲੀ ਵੱਲੋਂ ਕਰਵਾਈ ਗਈ ਮੈਥ, ਸਾਇੰਸ, ਇੰਗਲਿਸ਼ ਵਿਸ਼ਿਆਂ ਦੇ ਦੂਜੇ ਪੱਧਰ ਦੀ ਪ੍ਰਤੀਯੋਗੀ ਪ੍ਰੀਖਿਆ ਵਿੱਚ ਤਰਨ ਤਾਰਨ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ 217 ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਵੱਲੋਂ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਅੱਗੇ ਤੋਂ ਹੋਰ ਮਿਹਨਤ ਕਰਕੇ ਉਚੇ ਪੱਧਰ ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਭਾਗ ਲੈਣ ਦੇ ਲਈ ਪ੍ਰੇਰਿਤ ਕੀਤਾ ਗਿਆ।

# ਕਸਬਾ ਚਵਿੰਡਾ ਦੇਵੀ ਤੋਂ ਢੱਡੇ ਨੂੰ ਜਾਂਦੀ ਲਿੰਕ ਸੜਕ ਦੇ ਭਾਗ ਖੁੱਲ੍ਹੇ

ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਆਪਣੇ ਕਾਰਜਕਾਲ ਵਿੱਚ ਵਿਕਾਸ ਕਾਰਜਾਂ ਦੀਆਂ ਡੀਂਗਾਂ ਮਾਰਨ ਵਾਲੇ ਅਕਾਲੀ ਭਾਜਪਾ ਆਗੂ ਅਤੇ ਉਸ ਤੋਂ ਬਾਅਦ ਕਾਂਗਰਸ ਸਰਕਾਰ ਨੇ ਝੂਠੇ ਲਾਰੇ ਲਾ ਕੇ ਸੱਤਾ ਦਾ ਸੁੱਖ ਤਾਂ ਭੋਗ ਲਿਆ ਪਰ ਵਿਕਾਸ ਕਾਰਜਾਂ ਦੇ ਨਾਂਅ 'ਤੇ



ਡੱਕਾ ਨਹੀਂ ਤੋੜਿਆ ਪਰ ਆਪ ਸਰਕਾਰ ਵੱਲੋਂ ਸੱਤਾ ਵਿੱਚ ਆਉਂਦੇ ਹੀ ਬਿਨਾਂ ਭੇਦਭਾਵ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਦੇ ਹੋਏ ਕਈ ਦਹਾਕਿਆਂ ਤੋਂ ਉਸਾਰੀ ਦੀ ਉਡੀਕ ਕਰ ਰਹੀ ਕਸਬਾ ਚਵਿੰਡਾ ਦੇਵੀ ਤੋਂ ਢੱਡੇ ਨੂੰ ਜਾਂਦੀ ਬਣ ਰਹੀ ਨਵੀਂ ਲਿੰਕ ਸੜਕ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਸੀਨੀਅਰ ਆਪ ਆਗੂ ਸਵਰਨ ਸਿੰਘ ਐੱਸ.ਐੱਸ. ਚਵਿੰਡਾ ਦੇਵੀ ਨੇ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾਂ ਅਤੇ ਕਾਂਗਰਸ ਰਾਜ ਦੇ 5 ਸਾਲ ਦੇ ਕਾਰਜਕਾਲ ਵਿੱਚ ਵੀ ਇਹ ਸੜਕ ਨਹੀਂ ਬਣ ਸਕੀ ਪਰ ਆਪ ਸਰਕਾਰ ਨੇ ਇਹ ਸੜਕ ਨਵੀਂ ਤਿਆਰ ਕਰਕੇ ਲੋਕਾਂ ਨੂੰ ਦੇ ਵੀ ਦਿੱਤੀ ਹੈ ਅਤੇ ਹਲਕਾ ਮਜੀਠਾ ਦੇ ਕਰੀਬ 15 ਪਿੰਡਾਂ ਨੂੰ ਜੋੜਦੀ ਇਹ ਲਿੰਕ ਸੜਕ ਲੋਕਾਂ ਲਈ ਸੁੱਖ ਦਾ ਸਾਹ ਦਿਖਾਈ ਦੇ ਰਹੀ ਹੈ ਅਤੇ ਲੋਕ ਆਪ ਸਰਕਾਰ ਦੀਆਂ ਵਿਕਾਸ ਨੀਤੀਆਂ ਦੀ ਸ਼ਲਾਘਾ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਅਤੇ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਤਿਆਰ ਨੀਤੀਆਂ ਕਾਰਨ 2027 ਵਿੱਚ ਆਪ 100 ਤੋਂ ਵੱਧ ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗੀ।

# 2 ਹੈਂਡ ਗ੍ਰਨੇਡਾਂ ਸਮੇਤ ਕਾਬੂ

ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)-ਇੰਟੈਲੀਜੈਂਸ ਅਧਾਰਿਤ ਸਾਂਝੇ ਆਪਰੇਸ਼ਨ ਦੌਰਾਨ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 2 ਹੈਂਡ ਗ੍ਰਨੇਡ ਬਰਾਮਦ ਕੀਤੇ




ਹਨ। ਅੰਮ੍ਰਿਤਸਰ ਦਿਹਾਤੀ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 8 ਫਰਵਰੀ ਨੂੰ ਭਰੋਸੇਯੋਗ ਗੁਪਤ ਸੂਚਨਾ ਦੇ ਆਧਾਰ 'ਤੇ ਸੁਖਮਨਪ੍ਰੀਤ ਸਿੰਘ ਵਾਸੀ ਪਿੰਡ ਚੱਕ ਮਿਸਰੀ ਖਾਂ ਨੂੰ ਕਾਬੂ ਕੀਤਾ ਗਿਆ। ਤਲਾਸ਼ੀ ਦੌਰਾਨ ਉਸਦੇ ਕਬਜ਼ੇ ਵਿਚੋਂ 2 ਹੈਂਡ ਗ੍ਰਨੇਡ ਬਰਾਮਦ ਕੀਤੇ ਗਏ। ਇਸ ਸਬੰਧੀ ਐੱਫ. ਆਈ. ਆਰ. ਥਾਣਾ ਲੋਪੋਕੇ ਵਿਚ ਦਰਜ ਕੀਤੀ ਗਈ ਹੈ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਬਰਾਮਦ ਕੀਤੀ ਗਈ ਵਿਸਫੋਟਕ ਸਮੱਗਰੀ ਸਰਹੱਦ ਪਾਰ ਤੋਂ ਡਰੋਨ ਰਾਹੀਂ ਭੇਜੀ ਗਈ ਸੀ ਤੇ ਇਸਦਾ ਸੰਬੰਧ ਪਾਕਿਸਤਾਨ ਅਧਾਰਿਤ ਹੈਂਡਲਰਾਂ ਨਾਲ ਹੈ। ਹਿਰਾਸਤੀ ਪੁੱਛਗਿੱਛ ਦੌਰਾਨ ਕਈ ਹੋਰ ਸਾਜ਼ਿਸ਼ਕਰਤਾਵਾਂ ਦੀ ਭੂਮਿਕਾ ਵੀ ਸਾਹਮਣੇ ਆਈ ਹੈ। ਬਾਕੀ ਸ਼ਾਮਲ ਵਿਅਕਤੀਆਂ ਦੀ ਗ੍ਰਿਫ਼ਤਾਰੀ ਲਈ ਵਿਸ਼ੇਸ਼ ਪੁਲਸ ਟੀਮਾਂ ਗਠਿਤ ਕੀਤੀਆਂ ਗਈਆਂ ਹਨ, ਜੋ ਕਿ ਸਾਂਝੇ ਤੌਰ 'ਤੇ ਛਾਪੇਮਾਰੀ ਤੇ ਕਾਰਵਾਈ ਕਰ ਰਹੀਆਂ ਹਨ।

# ਆਈ ਕੇ ਜੀ ਪੀ ਟੀ ਯੂ ਵੱਲੋਂ ਅੰਤਰ-ਕਾਲਜ ਕ੍ਰਿਕਟ ਟੂਰਨਾਮੈਂਟ ਸ਼ੁਰੂ

ਜਲੰਧਰ (ਇਕਬਾਲ ਸਿੰਘ ਉਭੀ)ਆਈ.ਕੇ.ਜੀ.ਪੀ.ਟੀ.ਯੂ. ਵੱਲੋਂ ਆਯੋਜਿਤ ਅੰਤਰ-ਕਾਲਜ ਕ੍ਰਿਕਟ ਟੂਰਨਾਮੈਂਟ ਸੇਂਟ ਸੋਲਜਰ ਸਪੋਰਟਸ ਕੰਪਲੈਕਸ ਵਿਖੇ ਸ਼ੁਰੂ ਹੋਇਆ। ਇਹ ਟੂਰਨਾਮੈਂਟ 6 ਮਾਰਚ ਤੱਕ ਚੱਲੇਗਾ, ਜਿਸ ਵਿੱਚ ਵੱਖ-ਵੱਖ ਸੰਸਥਾਵਾਂ ਦੀਆਂ ਕਾਲਜ ਟੀਮਾਂ ਭਾਗ ਲੈਣਗੀਆਂ। ਉਦਘਾਟਨੀ ਸਮਾਰੋਹ ਵਿੱਚ ਕਾਲਜਾਂ ਦੇ ਮੈਨੇਜਿੰਗ ਡਾਇਰੈਕਟਰ ਮਨਹਰ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਟੂਰਨਾਮੈਂਟ ਦੇ ਪਹਿਲੇ ਮੈਚ ਵਿੱਚ ਐਸ.ਐਸ.ਐਮ.ਟੀ.ਆਈ., ਕਪੂਰਥਲਾ ਰੋਡ ਦੀ ਟੀਮ ਨੇ ਸੀ.ਟੀ. ਕਾਲਜ, ਮਕਸੂਦਾਂ ਦੀ ਟੀਮ ਨੂੰ ਹਰਾ ਕੇ 11 ਓਵਰਾਂ ਵਿੱਚ 100 ਰਨ ਨਾਲ ਸ਼ਾਨਦਾਰ ਜਿੱਤ ਦਰਜ ਕੀਤੀ। ਇਸ ਮੌਕੇ ਐਮ.ਡੀ ਮਨਹਰ ਅਰੋੜਾ ਅਤੇ ਖੇਡ ਨਿਰਦੇਸ਼ਕ ਪੁਸ਼ਕਰਨ ਨੇ ਖਿਡਾਰੀਆਂ ਨੂੰ ਅਨੁਸ਼ਾਸਨ, ਸਮਰਪਣ ਅਤੇ ਖੇਡ ਭਾਵਨਾ ਦੇ ਮੁੱਲਾਂ ਨੂੰ ਕਾਇਮ ਰੱਖਣ ਲਈ ਉਤਸ਼ਾਹਿਤ ਕੀਤਾ।

# ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦੇ 180ਵੇਂ ਸ਼ਹੀਦੀ ਦਿਹਾੜੇ ਮੌਕੇ ਰਾਜ ਪੱਧਰੀ ਸਮਾਗਮ

## * ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਕੀਤੇ ਸ਼ਰਧਾ ਦੇ ਫੁੱਲ ਭੇਟ

ਅੰਮ੍ਰਿਤਸਰ/ਅਟਾਰੀ, (ਜਸਬੀਰ ਸਿੰਘ ਪੱਟੀ)-ਪੰਜਾਬ ਸਰਕਾਰ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦਾ 180ਵਾਂ ਸ਼ਹੀਦੀ ਦਿਹਾੜਾ ਇੰਡੀਆ ਗੇਟ ਅਤੇ ਅਟਾਰੀ ਸਮਾਧ ਵਿਖੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।ਰਾਜ ਪੱਧਰੀ ਸ਼ਹੀਦੀ ਸਮਾਗਮ ਮੌਕੇ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਮੁੱਖ ਮਹਿਮਾਨ ਅਤੇ ਸ: ਜਸਵਿੰਦਰ ਸਿੰਘ ਰਮਦਾਸ ਹਲਕਾ ਵਿਧਾਇਕ ਅਟਾਰੀ ਤੇ ਡਾ. ਜਸਬੀਰ ਸਿੰਘ ਸੰਧੂ ਵਿਧਾਇਕ ਅੰਮ੍ਰਿਤਸਰ ਪੱਛਮੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਇੰਡੀਆ ਗੇਟ ਵਿਖੇ ਬਣਾਏ ਗਏ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਦੇ ਸਮਾਰਕ 'ਤੇ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ., ਵਿਧਾਇਕ ਡਾ. ਜਸਬੀਰ ਸਿੰਘ ਸੰਧੂ, ਬ੍ਰਿਗੇਡੀਅਰ ਐੱਸਐੱਸ ਜਾਮਵਾਲ, ਕਮਾਂਡਰ 54 ਇੰਨਫੈਂਟਰੀ ਬ੍ਰਿਗੇਡ, ਕਰਨਲ ਸੁਮਿਤ ਸ਼ਰਮਾ, ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਐੱਸਡੀਐੱਮ ਮਨਕੰਵਲ ਸਿੰਘ ਚਾਹਲ, ਕਰਨਲ ਹਰਿੰਦਰ ਸਿੰਘ, ਕਰਨਲ ਕੁਲਦੀਪ ਸਿੰਘ ਨੇ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਦੇ ਬੁੱਤ 'ਤੇ ਸ਼ਰਧਾਂਜਲੀਆਂ ਭੇਟ ਕੀਤੀਆਂ।ਇਸ ਮੌਕੇ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਮਹਾਨ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਨੂੰ ਹਥਿਆਰ ਉਲਟੇ ਕਰਕੇ ਸਾਲਾਮੀ ਵੀ ਦਿੱਤੀ ਗਈ।ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਧਾਰਮਿਕ ਦੀਵਾਨ ਸਜਾਏ ਗਏ।ਵੱਡੀ ਗਿਣਤੀ 'ਚ ਲੋਕਾਂ ਨੇ ਅਟਾਰੀ ਵਿਖੇ ਪਹੁੰਚ ਕੇ ਮਹਾਨ ਜਰਨੈਲ ਸ਼ਾਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਕੈਬਨਿਟ ਮੰਤਰੀ



ਈਟੀਓ ਨੇ ਸ਼ਾਮ ਸਿੰਘ ਅਟਾਰੀ ਵਾਲਾ ਦੀ ਸਮਾਧ ਉਪਰ ਨਤਮਸਤਕ ਹੋ ਕੇ ਉਨ੍ਹਾਂ ਨੂੰ ਆਪਣੀ ਸ਼ਰਧਾ ਤੇ ਸਤਿਕਾਰ ਭੇਟ ਕੀਤਾ।ਉਨ੍ਹਾਂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਮਿਊਜ਼ੀਅਮ ਦਾ ਦੌਰਾ ਵੀ ਕੀਤਾ।ਇਸ ਮੌਕੇ ਈਟੀਓ ਨੇ ਕਿਹਾ ਕਿ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਸਿੱਖ ਕੌਮ ਦੇ ਮਹਾਨ ਜਰਨੈਲ ਹੋਏ ਹਨ ਅਤੇ ਐਂਗਲੋ-ਸਿੱਖ ਯੁੱਧ ਦੌਰਾਨ ਸਭਰਾਉਂ ਦੀ ਜੰਗ ਵਿੱਚ ਆਖ਼ਰੀ ਦਮ ਤੱਕ ਜੂਝਣ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਦੀ ਬਹਾਦਰੀ ਤੇ ਸ਼ਹਾਦਤ ਦੀ ਪ੍ਰਸ਼ੰਸਾ ਅੰਗਰੇਜ਼ਾਂ ਨੇ ਵੀ ਕੀਤੀ ਹੈ।ਉਨ੍ਹਾਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਆਪਣੇ ਸ਼ਹੀਦਾਂ ਨੂੰ ਯਾਦ ਰੱਖਣਾ ਸਾਡਾ ਇਖਲਾਕੀ ਫ਼ਰਜ਼ ਹੈ।ਉਨ੍ਹਾਂ ਕਿਹਾ ਕਿ ਅਟਾਰੀ ਪਿੰਡ ਨੂੰ ਨਵਾਂ ਰੂਪ ਦਿੱਤਾ ਜਾਵੇਗਾ ਤਾਂ ਜੋ ਰੀਟਰੀਟ ਦੇਖਣ ਆਉਣ ਵਾਲੇ ਯਾਤਰੂ ਅਟਾਰੀਵਾਲਾ ਦੀ ਸਮਾਧ 'ਤੇ ਆਉਣ ਅਤੇ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਸ਼ਹਾਦਤ ਬਾਰੇ ਦੱਸਣ।

ਇਸ ਮੌਕੇ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਪਰਿਵਾਰ ਦੇ ਮੈਂਬਰਾਂ ਅਤੇ ਟਰੱਸਟ ਦੇ ਅਹੁਦੇਦਾਰ ਕਰਨਲ ਹਰਿੰਦਰ ਸਿੰਘ ਅਟਾਰੀ, ਮਲਵਿੰਦਰ ਅਟਾਰੀ, ਬੀਰ ਇੰਦਰ ਸਿੰਘ, ਜਨਰਲ ਸਕੱਤਰ ਹਰਪ੍ਰੀਤ ਸਿੰਘ ਸਿੱਧੂ, ਬੀਬਾ ਅਮਿਤੇਸ਼ਵਰ ਕੌਰ, ਬੀਬਾ ਜਸਪ੍ਰੀਤ ਕੌਰ, ਬੀਬਾ ਸੰਦੀਪ ਕੌਰ, ਦਿਨੇਸ਼ ਸਿੰਘ ਸਿੱਧੂ, ਇੰਦਰ ਜਸਬੀਰ ਸਿੰਘ ਸੰਧੂ ਲੋਪੋਕੇ, ਅਨੰਤਬੀਰ ਸਿੰਘ, ਚਰਨਜੀਤ ਸਿੰਘ, ਰਮਨਦੀਪ ਕੌਰ, ਰਵੀ ਇੰਦਰ ਸਿੰਘ, ਕਰਨਲ ਗੁਰਬੰਤ ਸਿੰਘ, ਸ੍ਰੀਮਤੀ ਹਰਮਨ ਸਿੰਘ, ਜਸਕਿਰਨ ਕੌਰ, ਰਮਨਦੀਪ ਕੌਰ, ਸਰਪੰਚ ਅਟਾਰੀ ਹਰਪ੍ਰੀਤ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡਾ. ਕੁਲਵਿੰਦਰ ਕੌਰ ਮਿਨਹਾਸ ਦੀ ਕਿਤਾਬ 'ਸਿੱਖ ਰਾਜ ਦੇ ਆਖ਼ਰੀ ਥੰਮ੍ਹ-ਸਰਦਾਰ ਸ਼ਾਮ ਸਿੰਘ ਅਟਾਰੀਵਾਲਾ' ਨੂੰ ਰਿਲੀਜ਼ ਵੀ ਕੀਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਈਟੀਓ ਦੀ ਧਰਮਪਤਨੀ ਸੁਰਿੰਦਰ ਕੌਰ, ਭਾਰਤੀ ਹਵਾਈ ਸੈਨਾ ਦੇ ਸਾਬਕਾ ਅਧਿਕਾਰੀ ਨਿਰਮਲ ਸਿੰਘ ਬੇਦੀ, ਕਰਨਲ ਕੁਲਦੀਪ ਸਿੰਘ, ਧੰਨ-ਧੰਨ ਬਾਬਾ ਦੀਪ ਸਿੰਘ ਜੀ ਹਰਿਆਲੀ ਮਿਸ਼ਨ ਦੇ ਪ੍ਰਧਾਨ ਕੰਵਲਜੀਤ ਸਿੰਘ, ਰਛਪਾਲ ਸਿੰਘ, ਸੂਬੇਦਾਰ ਮੇਜਰ ਮਨਜੀਤ ਸਿੰਘ, ਨਰਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਵੀ ਹਾਜ਼ਰ ਸਨ।

# ਵਿਜੀਲੈਂਸ ਵੱਲੋਂ ਏ ਐੱਸ ਆਈ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਜ਼ਿਲ੍ਹਾ ਮੋਹਾਲੀ ਦੇ ਥਾਣਾ ਸਦਰ ਖਰੜ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ ਜਸਵੀਰ ਸਿੰਘ ਨੂੰ 15000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਦੋਸ਼ੀ ਨੂੰ ਸੈਕਟਰ 127, ਮੋਹਾਲੀ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਸੁਮਨ ਲਤਾ ਵਿਰੁੱਧ ਥਾਣਾ ਖਰੜ ਵਿੱਚ ਕੁੱਟਮਾਰ ਸਬੰਧੀ ਮਾਮਲਾ ਦਰਜ ਕਰਵਾਇਆ ਸੀ ਤੇ ਇਸ ਕੇਸ ਵਿੱਚ ਜਾਂਚ ਅਧਿਕਾਰੀ ਦੋਸ਼ੀ ਏ ਐੱਸ ਆਈ ਜਸਵੀਰ ਸਿੰਘ ਸੀ। ਜਦੋਂ ਸ਼ਿਕਾਇਤਕਰਤਾ ਨੇ ਇਸ ਮਾਮਲੇ ਸਬੰਧੀ ਅਦਾਲਤ ਵਿੱਚ ਚਲਾਨ ਪੇਸ਼ ਕਰਨ ਲਈ ਉਨ੍ਹਾਂ ਕੋਲ ਪਹੁੰਚ ਕੀਤੀ ਤਾਂ ਦੋਸ਼ੀ ਨੇ ਏ ਐੱਸ ਆਈ ਨੇ ਸਮਰੱਥ ਅਦਾਲਤ ਵਿੱਚ ਚਲਾਨ ਪੇਸ਼ ਕਰਨ ਦੇ ਬਦਲੇ ਸ਼ਿਕਾਇਤਕਰਤਾ ਤੋਂ 20000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਸੰਬੰਧੀ ਗੱਲਬਾਤ ਰਿਕਾਰਡ ਕਰ ਲਈ ਸੀ। ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧੀ, ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਮੋਹਾਲੀ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਐੱਲ ਪੀ ਯੂ ਵੱਲੋਂ ਸਭ ਤੋਂ ਵੱਡੇ ਮੈਕਰੋਨ ਡਿਸਪਲੇਅ ਲਈ 6ਵਾਂ ਗਿਨੀਜ਼ ਵਰਲਡ ਰਿਕਾਰਡ ਕਾਇਮ

**ਜਲੰਧਰ (ਸ਼ੈਲੀ ਐਲਬਰਟ)**- ਆਪਣੀ ਵਿਸ਼ਵ-ਰਿਕਾਰਡ ਵਿਰਾਸਤ ਵਿੱਚ ਇੱਕ ਹੋਰ ਮੀਲ ਪੱਥਰ ਜੋੜਦੇ ਹੋਏ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਇੱਕ ਵਾਰ ਫਿਰ ਵਿਸ਼ਵ ਇਤਿਹਾਸ ਵਿੱਚ ਆਪਣਾ ਨਾਂਅ ਦਰਜ ਕਰਵਾਇਆ ਹੈ। ਇਹ ਰਿਕਾਰਡ ਰਸੋਈ ਕਲਾ ਤੇ ਰਾਸ਼ਟਰੀ ਮਾਣ ਦੇ ਇੱਕ ਵਿਲੱਖਣ ਜਸ਼ਨ ਦੁਆਰਾ ਪ੍ਰਾਪਤ ਕੀਤਾ ਗਿਆ ਸੀ। ਮੇਰਿੰਗੂ-ਅਧਾਰਤ ਸੈਂਡਵਿਚ ਕੂਕੀਜ਼ (ਮੈਕਰੂਨ) ਦੇ ਸਭ ਤੋਂ ਵੱਡੇ ਪ੍ਰਦਰਸ਼ਨ ਲਈ ਇਹ ਰਿਕਾਰਡ ਸਥਾਪਤ ਕੀਤਾ ਗਿਆ ਸੀ, ਜਿਸ ਵਿੱਚ 10,829 ਤਿਰੰਗੇ ਮੈਕਰੋਨ ਨੂੰ ਧਿਆਨ ਨਾਲ ਭਾਰਤੀ ਰਾਸ਼ਟਰੀ ਝੰਡੇ ਦੇ ਰੂਪ ਵਿੱਚ ਵਿਵਸਥਿਤ ਕੀਤਾ ਗਿਆ ਸੀ। ਇਸ ਪ੍ਰਭਾਵਸ਼ਾਲੀ ਪ੍ਰਾਪਤੀ ਨੇ ਪਿਛਲੇ 9,600 ਦੇ ਰਿਕਾਰਡ ਨੂੰ ਪਾਰ ਕਰ ਦਿੱਤਾ, ਐੱਲ ਪੀ ਯੂ ਕੈਂਪਸ ਨੂੰ ਰਸੋਈ ਕਲਾ ਅਤੇ ਦੇਸ਼ ਭਗਤੀ ਦੇ ਇੱਕ ਜੀਵੰਤ ਕੈਨਵਸ ਵਿੱਚ ਬਦਲ ਦਿੱਤਾ। ਸਕੂਲ ਆਫ਼ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਇਸ ਯਾਦਗਾਰੀ ਕਾਰਜ ਲਈ ਬਹੁਤ ਹੁਨਰ ਅਤੇ ਜਨੂੰਨ ਦਾ ਪ੍ਰਦਰਸ਼ਨ ਕੀਤਾ, ਅਤੇ ਇੱਕ ਵਿਸ਼ਵਵਿਆਪੀ ਪਲੇਟਫਾਰਮ 'ਤੇ ਭਾਰਤ ਦੀ ਨੁਮਾਇੰਦਗੀ ਕਰਨ 'ਤੇ ਮਾਣ ਮਹਿਸੂਸ ਕੀਤਾ। ਤਿਰੰਗੇ ਮੈਕਰੋਨ ਦੇ ਦਰਸ਼ਨ ਨੇ ਏਕਤਾ ਤੇ ਭਾਵਨਾ ਦੀ ਡੂੰਘੀ ਭਾਵਨਾ ਨੂੰ ਜਗਾਇਆ, ਜਿਸ ਨਾਲ ਇਹ ਪੂਰੇ ਯੂਨੀਵਰਸਿਟੀ ਭਾਈਚਾਰੇ ਲਈ ਇੱਕ ਯਾਦਗਾਰੀ ਮੌਕਾ ਬਣ ਗਿਆ। ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਤੇ ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ ਨੇ ਕਿਹਾ 'ਇਹ ਗਿਨੀਜ਼ ਵਰਲਡ ਰਿਕਾਰਡ 'ਐਡੂਰਿਵੋਲਿਊਸ਼ਨ' ਫਲਸਫ਼ੇ ਦੀ ਇੱਕ ਸਪੱਸ਼ਟ ਉਦਾਹਰਣ ਹੈ ਜੋ ਇੱਕ ਵਿਹਾਰਕ ਤੋਂ ਵੱਧ ਸਮੇਂ ਤੋਂ ਐੱਲ ਪੀ ਯੂ ਦੇ ਡੀ ਐੱਨ ਏ ਦਾ ਮੁੱਖ ਹਿੱਸਾ ਰਿਹਾ ਹੈ। ਇਹ ਸਾਡੇ ਦ੍ਰਿਸ਼ਟੀਕੋਣ ਨੂੰ ਪੂਰੀ ਤਰ੍ਹਾਂ ਦਰਸਾਉਂਦਾ ਹੈ ਕਿ ਜਿੱਥੇ ਸਿੱਖਿਆ ਪਾਠ-ਪੁਸਤਕਾਂ ਤੋਂ ਪਰੇ ਹੈ। ਇੱਥੇ ਵਿਦਿਆਰਥੀਆਂ ਨੇ ਕੀਤਾ, ਉਨ੍ਹਾਂ ਨੇ ਹਜ਼ਾਰਾਂ ਸੰਪੂਰਨ ਮੈਕਰੋਨ ਬਣਾਉਣ ਦੀ ਗੁੰਝਲਦਾਰ ਕਲਾ ਵਿੱਚ ਮੁਹਾਰਤ ਹਾਸਲ ਕਰਨ ਦਾ ਡੂੰਘਾ ਅਨੁਭਵ ਪ੍ਰਾਪਤ ਕੀਤਾ। ਤਕਨੀਕ ਤੋਂ ਲੈ ਕੇ ਐਗਜ਼ੀਕਿਊਸ਼ਨ ਤੱਕ, ਇਹ ਸਫਲਤਾ ਐੱਲ ਪੀ ਯੂ ਦੇ ਅਸਲ-ਸੰਸਾਰ ਦੇ ਨਤੀਜਿਆਂ ਅਤੇ ਵਿਸ਼ਵਵਿਆਪੀ ਉੱਤਮਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।




# ਮੁਫ਼ਤ ਹੋਮਿਓਪੈਥਿਕ ਮੈਡੀਕਲ ਕੈਂਪ ਅੱਜ

**ਮਹਿਤਪੁਰ (ਰਾਜਾ)**- ਰਤਨ ਸਿੰਘ ਕਾਕੜ ਕਲਾਂ ਦੇ ਪਰਿਵਾਰ ਵੱਲੋਂ ਸਤਗੁਰ ਜਾਗੋ ਵੈਲਫੇਅਰ ਸੋਸਾਇਟੀ ਸ਼ਾਹਕੋਟ ਦੇ ਸਹਿਯੋਗ ਨਾਲ ਮੁਫ਼ਤ ਹੋਮਿਓਪੈਥਿਕ ਮੈਡੀਕਲ ਕੈਂਪ ਮਿਤੀ 11 ਫਰਵਰੀ ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਭਾਈ ਜਵਾਹਰ ਸਿੰਘ ਜੀ ਮਹਿਤਪੁਰ ਵਿਖੇ ਲਗਾਇਆ ਜਾ ਰਿਹਾ ਹੈ, ਇਸ ਮੈਡੀਕਲ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਰਣਜੀਤ ਕੌਰ ਕਾਕੜ ਚੇਅਰਮੈਨ ਸਤਗੁਰ ਜਾਗੋ ਵੈਲਫੇਅਰ ਸੋਸਾਇਟੀ ਨੇ ਦੱਸਿਆ ਕਿ ਇਸ ਕੈਂਪ ਵਿੱਚ ਮਾਹਿਰ ਡਾਕਟਰਾਂ ਦੀਆਂ ਟੀਮਾਂ ਹਰ ਪ੍ਰਕਾਰ ਦੀਆਂ ਬਿਮਾਰੀਆਂ ਨਾਲ ਸੰਬੰਧਿਤ ਮਰੀਜ਼ਾਂ ਦਾ ਫ੍ਰੀ ਚੈੱਕਅਪ ਕਰਨਗੀਆਂ ਤੇ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ, ਇਸ ਕੈਂਪ ਵਿੱਚ ਨਸ਼ਾ ਛੁਡਾਉਣ ਵਾਸਤੇ ਵੀ ਦਵਾਈ ਦਿੱਤੀ ਜਾਵੇਗੀ। ਇਸ ਕੈਂਪ ਵਿੱਚ ਹੋਰਾਂ ਤੋਂ ਇਲਾਵਾ ਸਹਿਯੋਗ ਲਈ ਸੁਸਾਇਟੀ ਦੇ ਅਹੁਦੇਦਾਰ ਤੇ ਮੈਂਬਰ ਲਛਮਣ ਸਿੰਘ, ਸੁਖਦੇਵ ਸਿੰਘ, ਮਨਦੀਪ ਸਿੰਘ ਝੀਤਾ, ਸੰਦੀਪ ਪੁਰੀ ਸਤਨਾਮ ਸਿੰਘ, ਅਮਰੀਕ ਸਿੰਘ ਤੇ ਸੁਖਵਿੰਦਰ ਸਿੰਘ ਆਦਿ ਹਾਜ਼ਰ ਰਹਿਣਗੇ।



# ਬੇਰੁਜ਼ਗਾਰ ਈ ਟੀ ਟੀ ਅਧਿਆਪਕਾਂ ਦਾ ਧਰਨਾ ਅੱਜ



**ਜਲੰਧਰ (ਰਾਜੇਸ਼ ਥਾਪਾ)**- ਈ ਟੀ ਟੀ ਅਧਿਆਪਕਾਂ ਦੀਆਂ 5994 ਅਸਾਮੀਆਂ ਦੀ ਭਰਤੀ ਜੋ 2022 ਵਿੱਚ ਆਈ ਸੀ।ਜਿਸ ਨੂੰ ਪੂਰਾ ਕਰਵਾਉਣ ਦੇ ਲਈ 4 ਸਾਲ ਤੋਂ ਸਰਕਾਰ ਨਾਲ ਮੀਟਿੰਗਾਂ ਕਰ ਰਹੇ ਹਾਂ ਪਰ ਕੋਈ ਸਾਰਥਕ ਹੱਲ ਨਹੀਂ ਨਿਕਲ ਰਿਹਾ। ਇਸ ਲਈ ਜੱਥੇਬੰਦੀ ਵੱਲੋਂ 11 ਫਰਵਰੀ ਦਿਨ ਬੁੱਧਵਾਰ ਨੂੰ ਸਿੱਖਿਆ ਮੰਤਰੀ ਪੰਜਾਬ ਦੇ ਪਿੰਡ ਗੰਭੀਰਪੁਰ ਵਿਖੇ ਧਰਨਾ ਰੱਖਿਆ ਗਿਆ ਹੈ।

ਇਸ ਧਰਨੇ ਵਿੱਚ ਜ਼ਿਲ੍ਹਾ ਫਾਜ਼ਿਲਕਾ ਤੋਂ ਵੱਡੀ ਗਿਣਤੀ ਵਿੱਚ ਜੱਥਾ ਪਹੁੰਚੇਗਾ।ਇਹ ਸੰਘਰਸ਼ ਤਿੱਖੇ ਰੂਪ ਵਿੱਚ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਇਸ ਭਰਤੀ ਲਈ ਅਸੀਂ 4 ਪ੍ਰਕਾਰ ਦੇ ਪੇਪਰ ਦਿੱਤੇ ਹਨ ਅਤੇ ਭਰਤੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਸਕੂਲ ਸਿੱਖਿਆ ਵਿਭਾਗ ਪੰਜਾਬ ਭਰਤੀ ਬੋਰਡ ਵੱਲੋਂ ਭਰਤੀ ਲਈ ਯੋਗ ਉਮੀਦਵਾਰ ਹਾਂ।ਸਾਡੀ ਸਕਰੂਟਨੀ ਵੀ ਹੋ ਚੁੱਕੀ ਹੈ।ਅਸੀਂ ਪਿਛਲੇ 3 ਸਾਲਾਂ ਤੋਂ ਸੜਕਾਂ ਤੇ ਰੁਲ ਰਹੇ ਹਾਂ ਪਰ ਸਾਡਾ ਕੋਈ ਹੱਲ ਨਹੀਂ ਕੀਤਾ ਗਿਆ। ਅਸੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਸਾਨੂੰ ਨਿਯੁਕਤੀ ਪੱਤਰ ਦੇ ਕੇ ਜਲਦੀ ਸਕੂਲਾਂ ਵਿੱਚ ਭੇਜਿਆ ਜਾਵੇ।ਈ.ਟੀ.ਟੀ. 5994 ਭਰਤੀ ਨੂੰ ਜਲਦੀ ਪੂਰਾ ਕੀਤਾ ਜਾਵੇ।ਇਸ ਮੀਟਿੰਗ ਦੇ ਵਿੱਚ ਜਸਵਿੰਦਰ ਕੰਬੋਜ, ਸਰਬਜੀਤ ਪਿੰਡੀ, ਕੁਲਵਿੰਦਰ ਸਾਮਾ, ਅਰਸ਼ ਬੱਲੂਆਣਾ, ਹਰਪ੍ਰੀਤ ਸਿੰਘ, ਅਲਕਾ ਫਾਜ਼ਿਲਕਾ, ਸੁਰਿੰਦਰ ਫਾਜ਼ਿਲਕਾ, ਰਿਤੇਸ਼ ਅਬੋਹਰ, ਮੁਕੇਸ਼ ਅਬੋਹਰ ਹੋਰ ਵੀ ਬਹੁਤ ਸਾਥੀ ਪਹੁੰਚੇ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਸਮੀਖਿਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਅਤੇ ਟ੍ਰੈਫ਼ਿਕ ਪ੍ਰਬੰਧਨ ਦੀ ਸਮੀਖਿਆ ਕੀਤੀ ਗਈ ਅਤੇ ਸੰਬੰਧਿਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਲਈ ਲਾਜ਼ਮੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਟ੍ਰੈਫ਼ਿਕ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਯਾਤਰੀਆਂ ਦੀ ਸੁਰੱਖਿਆ ਯਕੀਨੀ ਬਣਾਉਣ 'ਤੇ ਜ਼ੋਰ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਬਲੈਕ ਸਪਾਟਸ ਦੀ ਪਹਿਚਾਣ ਕਰਕੇ, ਉਨ੍ਹਾਂ ਦੀ ਤੁਰੰਤ ਸੁਧਾਰ ਲਈ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਇਸ ਦੇ ਨਾਲ ਹੀ ਮੁੱਖ ਸਥਾਨਾਂ 'ਤੇ ਸਪੀਡ ਲਿਮਿਟ ਬੋਰਡ ਲਗਾਉਣ, ਜ਼ੈਬਰਾ ਕ੍ਰਾਸਿੰਗਾਂ ਦੀ ਨਿਸ਼ਾਨਦੇਹੀ ਕਰਨ, ਸੜਕਾਂ ਦੇ ਡਿਵਾਈਡਰਾਂ ਦੀ ਮੁਰੰਮਤ ਕਰਨ ਅਤੇ 'ਨੋ ਪਾਰਕਿੰਗ' ਬੋਰਡ ਲਗਾਉਣ ਲਈ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ।

# ਚੰਦਨ ਗਰੇਵਾਲ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦਾ ਉਦਘਾਟਨ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)**- ਪੰਜਾਬ ਰਾਜ ਸਫਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਵੱਲੋਂ ਨਗਰ ਨਿਗਮ ਜਲੰਧਰ ਕੰਪਲੈਕਸ ਵਿਖੇ ਸਥਾਪਤ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਮੇਅਰ ਵਿਨੀਤ ਧੀਰ, ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ ਵੀ ਮੌਜੂਦ ਸਨ। ਆਪਣੇ ਸੰਬੋਧਨ ਦੌਰਾਨ ਚੇਅਰਮੈਨ ਚੰਦਨ ਗਰੇਵਾਲ ਨੇ ਕਿਹਾ ਕਿ ਸਾਨੂੰ ਡਾ. ਭੀਮ ਰਾਓ ਅੰਬੇਡਕਰ ਵੱਲੋਂ ਪਾਏ ਪੂਰਨਿਆਂ 'ਤੇ ਚੱਲਣ ਦੀ ਲੋੜ ਹੈ, ਜਿਨ੍ਹਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਅਣਥੱਕ ਕੰਮ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਇਕ ਮਹਾਨ ਵਿਦਵਾਨ, ਕਾਨੂੰਨਦਾਨ, ਅਰਥ ਸ਼ਾਸਤਰੀ, ਸਮਾਜ ਸੁਧਾਰਕ, ਰਾਜਨੇਤਾ ਅਤੇ ਦੂਰਅੰਦੇਸ਼ੀ ਆਗੂ ਸਨ, ਜਿਨ੍ਹਾਂ ਦੀ ਸੋਚ ਨੂੰ ਅੱਗੇ ਤੋਰਨ ਦੀ ਜ਼ਿੰਮੇਵਾਰੀ ਸਾਡੀ ਨੌਜਵਾਨ ਪੀੜ੍ਹੀ ਦੇ ਮੋਢਿਆਂ 'ਤੇ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਕੰਪਲੈਕਸ ਵਿਖੇ ਸਥਾਪਤ ਬਾਬਾ ਸਾਹਿਬ ਦਾ ਇਹ ਬੁੱਤ ਸਾਡੇ ਨੌਜਵਾਨਾਂ ਨੂੰ ਸਮਾਜ ਤੇ ਮਨੁੱਖਤਾ ਦੀ ਭਲਾਈ ਲਈ ਕੰਮ ਕਰਨ ਲਈ ਹਮੇਸ਼ਾ ਪ੍ਰੇਰਿਤ ਕਰਦਾ ਰਹੇਗਾ। ਗਰੇਵਾਲ ਨੇ ਬੁੱਤ ਦੀ ਸਥਾਪਤੀ 'ਤੇ ਲੋਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਨਗਰ ਨਿਗਮ ਕੰਪਲੈਕਸ, ਜਿਸ ਦਾ ਨਾਂਅ ਡਾ. ਬੀ.ਆਰ. ਅੰਬੇਡਕਰ ਦੇ ਨਾਂ 'ਤੇ ਹੈ, ਵਿਖੇ ਬਾਬਾ ਸਾਹਿਬ ਦਾ ਬੁੱਤ ਸਥਾਪਤ ਹੋਣ ਨਾਲ ਲੋਕਾਂ ਦੀ ਇੱਕ ਪ੍ਰਮੁੱਖ ਮੰਗ ਪੂਰੀ ਹੋਈ ਹੈ। ਉਨ੍ਹਾਂ ਸਾਰਿਆਂ ਨੂੰ ਡਾ. ਅੰਬੇਡਕਰ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਖੁਸ਼ਹਾਲ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਵਿੱਚ ਸਰਗਰਮ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਇਸ ਤੋਂ ਪਹਿਲਾਂ ਮੇਅਰ ਵਿਨੀਤ ਧੀਰ ਅਤੇ ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ ਨੇ ਸੰਬੋਧਨ ਕਰਦਿਆਂ ਸ਼ਹਿਰ ਵਾਸੀਆਂ ਨੂੰ ਬਾਬਾ ਸਾਹਿਬ ਦੇ ਬੁੱਤ ਦੀ ਸਥਾਪਤੀ ਲਈ ਵਧਾਈ ਦਿੱਤੀ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਬਿੱਟੂ, ਸੀਨੀਅਰ 'ਆਪ' ਆਗੂ ਨਿਤਿਨ ਕੋਹਲੀ ਵੀ ਮੌਜੂਦ ਸਨ।




# ਦੁਆਬਾ ਯੰਗ ਸਪੋਰਟਸ ਕਲੱਬ ਨੇ ਲਗਾਇਆ ਖੂਨਦਾਨ ਕੈਂਪ

**ਗੁਰਾਇਆ (ਬਿੰਦਰ ਸੁਮਨ)**- ਸਮਰਾਏ ਜੰਡਿਆਲਾ ਮੰਜਕੀ ਵਿੱਚ ਦੁਆਬਾ ਯੰਗ ਸਪੋਰਟਸ ਕਲੱਬ ਵੱਲੋਂ ਸਵਰਗਵਾਸੀ ਕੋਚ ਮਨਪ੍ਰੀਤ ਮਠਾਰੂ ਦੀ ਨਿੱਘੀ ਯਾਦ ਨੂੰ ਸਮਰਪਤ ਦੂਸਰਾ ਵਿਸ਼ਾਲ ਖੂਨਦਾਨ ਕੈਂਪ ਆਯੋਜਿਤ ਕੀਤਾ ਗਿਆ। ਇਹ ਕੈਂਪ ਦੁਆਬਾ ਹਸਪਤਾਲ ਦੇ ਸਹਿਯੋਗ ਨਾਲ ਖਾਲਸਾ ਸਕੂਲ ਸਮਰਾਏ ਜੰਡਿਆਲਾ ਦੇ ਬਾਹਰ ਲਗਾਇਆ ਗਿਆ। ਕਲੱਬ ਮੈਂਬਰਾਂ ਦੀ ਰਹਿਨੁਮਾਈ ਹੇਠ ਵੱਡੀ ਗਿਣਤੀ ਵਿੱਚ ਲੋਕਾਂ ਨੇ ਖੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ।ਕਲੱਬ ਪ੍ਰਬੰਧਕਾਂ ਨੇ ਦੱਸਿਆ ਕਿ ਮਨਪ੍ਰੀਤ ਮਠਾਰੂ ਹਮੇਸ਼ਾ ਖੇਡਾਂ ਅਤੇ ਸਮਾਜ ਸੇਵਾ ਨਾਲ ਜੁੜੇ ਰਹੇ ਅਤੇ ਡਾਕਟਰਾਂ ਦੀ ਟੀਮ ਨੇ ਖੂਨਦਾਨੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਖੂਨਦਾਨ ਸਭ ਤੋਂ ਵੱਡੀ ਮਨੁੱਖੀ ਸੇਵਾ ਹੈ, ਜੋ ਬੇਸ਼ੁਮਾਰ ਜ਼ਿੰਦਗੀਆਂ ਬਚਾਉਣ ਵਿੱਚ ਮਦਦਗਾਰ ਸਾਬਤ ਹੁੰਦੀ ਹੈ।ਇਸ ਕੈਂਪ ਦੌਰਾਨ ਪ੍ਰਧਾਨ ਜਸਵਿੰਦਰ ਸਿੰਘ ਬੱਬੀ ਕਨੇਡਾ, ਗੁਰਵਿੰਦਰ ਸਿੰਘ, ਨਰਿੰਦਰ ਸਿੰਘ, ਬਲਵਿੰਦਰ ਰਾਮ, ਵਿਸ਼ਾਲ ਓਹਰੀ, ਗੁਰਦੀਪ ਲਾਲ, ਰਣਜੀਤ ਸਮਰਾ, ਸੁਰਜੀਤ ਸਿੰਘ, ਮਨਪ੍ਰੀਤ ਸਿੰਘ, ਐਡਵੋਕੇਟ ਦਿਨੇਸ਼ ਲਖਨਪਾਲ, ਮਨੋਜ ਕੁਮਾਰ ਜੌਹਲ ਜੰਡਿਆਲੀਆ, ਮਨਜਿੰਦਰ ਸਿੰਘ, ਮੁਕੇਸ਼ ਕੁਮਾਰ, ਕੋਚ ਹਰਦੀਪ ਮਠਾਰੂ, ਕੋਚ ਦੁਪਿੰਦਰ ਦਾਦਰਾ, ਕੋਚ ਕੋਮਲ, ਕੋਚ ਮਨੀਸ਼ਾ ਕੁਮਾਰੀ, ਕੋਚ ਪੂਜਾ ਪ੍ਰੀਆ, ਸੈਂਡੀ ਰਾਜਪੂਤ ਜੰਡਿਆਲਾ, ਨਰਿੰਦਰ ਸਿੰਘ, ਗੁਰਦੀਪ ਲਾਲ, ਸੁਰਜੀਤ ਸਿੰਘ, ਹਰਦੀਪ ਮਠਾਰੂ, ਮੁਕੇਸ਼ ਕੁਮਾਰ, ਮਨਜਿੰਦਰ ਸਿੰਘ ਸੇਖੋਂ ਹਾਜ਼ਰ ਸਨ।



# ਮਜੀਠੀਆਂ ਦੀ ਫੇਰੀ ਮੌਕੇ ਜੇਬ ਕਤਰਿਆਂ ਨੇ ਲਾਇਆ ਦਾਅ

## ਪੱਤਰਕਾਰ ਸਮਰਦੀਪ ਸਿੰਘ ਤੇ ਹੋਰਨਾਂ ਦੇ ਪਰਸ ਗਾਇਬ

**ਬਲਾਚੌਰ (ਜਸਵਿੰਦਰ ਬੈਂਸ)**- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਬਲਾਚੌਰ ਵਿੱਖੇ ਸਵਾਗਤ ਸਮਾਰੋਹ ਦੌਰਾਨ ਜਿੱਥੇ ਅਕਾਲੀ ਆਗੂ, ਵਰਕਰ ਤੇ ਸਮਰਥਕ ਬਾਗੋਬਾਗ ਦਿਖਾਈ ਦਿੱਤੇ, ਉਥੇ ਸਮਾਜ ਵਿਰੋਧੀ ਅਨਸਰ ਖਾਸ ਕਰਕੇ ਜੇਬ ਕੱਤਰੇ ਲੋਕਾਂ ਦੀਆਂ ਜੇਬਾ ਕੱਟਣ ਤੇ ਉਨ੍ਹਾ ਦੇ ਪਰਸ ਚੋਰੀ ਕਰਨ ਹਿੱਤ ਡਟੇ ਰਹੇ।ਇਸੇ ਦੌਰਾਨ ਪੱਤਰਕਾਰ ਸਮਰਦੀਪ ਸਿੰਘ ਰਾਮਨਗਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆਂ ਦੀ ਹੋਰ ਪੱਤਰਕਾਰਾਂ ਵਾਂਗ ਕਵਰੇਜ ਕਰ ਰਿਹਾ ਸੀ, ਉਸ ਦਾ ਪਰਸ ਚੋਰੀ ਹੋ ਗਿਆ। ਸਮਰਦੀਪ ਸਿੰਘ ਨੇ ਦੱਸਿਆ ਕਿ ਪਰਸ ਵਿੱਚ ਅਖਬਾਰਾਂ ਦੇ ਸ਼ਨਾਖਤੀ ਕਾਰਡ. 7-8 ਸੌ ਰੁਪਏ ਤੇ ਕਾਗਜਾਤ ਸਨ, ਜੋ ਚੋਰ ਚੋਰੀ ਕਰਕੇ ਲੈ ਗਏ।ਇੱਕ ਹੋਰ ਅਕਾਲੀ ਸਮਰਥਕ ਨੇ ਦੱਸਿਆ ਕਿ ਉਸ ਨੇ ਇਕ ਵਿਆਹ ਸਮਾਗਮ ਵਿੱਚ ਸ਼ਾਮਿਲ ਹੋਣਾ ਸੀ ਤੇ ਲਿਫਾਫੇ ਵਿੱਚ ਸ਼ਗਨ ਪਾਇਆ ਹੋਇਆ ਸੀ, ਭੀੜ ਦੌਰਾਨ ਉਸਦੀ ਪੈਂਟ ਦੀ ਜੇਬ ਵਿੱਚੋਂ ਸ਼ਗਨ ਵਾਲਾ ਲਿਫਾਫਾ ਵੀ ਗਾਇਬ ਕਰ ਗਿਆ। ਇਸ ਤੋਂ ਪਹਿਲਾਂ ਮਜੀਠੀਆ ਦੇ ਰੋਪੜ ਵਿੱਖੇ ਹੋਏ ਸਵਾਗਤ ਦੌਰਾਨ ਵੀ ਬਹੁਤ ਸਾਰਿਆਂ ਦੇ ਪਰਸ ਜੇਬ ਕੱਤਰੇ ਸਾਫ ਕਰ ਗਏ।



# ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਵਰਕਸ਼ਾਪ ਕਰਵਾਈ

**ਦਸੂਹਾ (ਕਰਨੈਲ ਮਾਂਗਟ)**- ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਐਲੀਮੈਂਟਰੀ ਸਕੂਲ ਡੱਫਰ ਵਿਖੇ ਹੈਡ ਟੀਚਰ ਪਵਨ ਕੁਮਾਰੀ ਦੀ ਅਗਵਾਈ ਹੇਠ ਵਿਦਿਆਰਥੀਆਂ ਦੇ ਮਾਪਿਆਂ ਦੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਦਾ ਉਦਘਾਟਨ ਸਰਪੰਚ ਸਤਨਾਮ ਸਿੰਘ ਨੇ ਕੀਤਾ। ਇਸ ਮੌਕੇ ਬਲਾਕ ਰਿਸੋਰਸ ਪਰਸਨ ਨਵਜੋਤ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਤੇ ਬਲਾਕ ਰਿਸੋਰਸ ਪਰਸਨ ਨਵਜੋਤ ਸਿੰਘ ਨੇ ਕਿਹਾ ਮਾਪਿਆਂ ਦਾ ਬੱਚਿਆਂ ਦੇ ਸਫਲ ਹੋਣ ਪਿੱਛੇ ਜਿਆਦਾ ਯੋਗਦਾਨ ਹੁੰਦਾ ਹੈ। ਉਨ੍ਹਾਂ ਕਿਹਾ ਮਾਪਿਆਂ ਨੂੰ ਬੱਚਿਆਂ ਦੀ ਯੋਗਤਾ ਉਪਲਭਦੀਆਂ ਤੇ ਮੁਲਾਂਕਣ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਤੇ ਸਕੂਲ ਹੈਡ ਟੀਚਰ ਪਵਨ ਕੁਮਾਰੀ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਚੇਅਰਪਰਸਨ ਬਲਵੀਰ ਕੌਰ, ਦਿਨੇਸ਼ ਠਾਕੁਰ ਮੁੱਖੀ ਸੀਨੀਅਰ ਸੈਕੰਡਰੀ ਸਕੂਲ ਡੱਫਰ, ਲੈਕ ਜਗਮੋਹਨ ਸਿੰਘ, ਅਮਨਦੀਪ ਸਿੰਘ ਪੰਚ, ਅਧਿਆਪਿਕਾ ਨਵਜੋਤ ਕੌਰ ਤੇ ਸੁਰਜੀਤ ਕੌਰ, ਬੱਚੇ ਅਤੇ ਉਨਾਂ ਦੇ ਮਾਪੇ ਹਾਜ਼ਰ ਸਨ।



# ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**- ਬੱਬਰ ਕਰਮ ਸਿੰਘ ਸ਼ਹੀਦ ਸਰਕਾਰੀ ਕੋ-ਐਜੂ. ਸੈਕੰਡਰੀ ਸਕੂਲ ਹਰੀਪੁਰ ਦਾ ਸਲਾਨਾ ਸਮਾਗਮ ਬਹੁਤ ਹੀ ਧੂਮਧਾਮ ਨਾਲ ਸਕੂਲ ਦੇ ਕੰਪਲੈਕਸ ਵਿਚ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਪਿਛਲੇ ਸੈਸ਼ਨ (2024-25) ਦੇ ਵੱਖ-ਵੱਖ ਖੇਤਰਾਂ ਵਿਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਇਸ ਮੌਕੇ ਅੰਮ੍ਰਿਤਪਾਲ ਸਿੰਘ ਬੋਬੀ ਫਿਲਪਾਈਨ, ਲਾਲੀ ਗੁਰਾਇਆ ਕਨੇਡਾ, ਜਸਪਾਲ ਕਨੇਡਾ, ਸੇਵਾ ਸਿੰਘ ਬਸਰਾ ਕਨੇਡਾ, ਕਸ਼ਮੀਰ ਸਿੰਘ ਕਨੇਡਾ ਬਲਜਿੰਦਰ ਸਿੰਘ ਲਾਡੀ, ਸੋਹਣ ਜੀਤ, ਜਸਪਾਲ ਸਿੰਘ ਡੀ.ਐਫ.ਐਸ.ਓ, ਗੁਰਸ਼ੇਰ ਸਿੰਘ, ਭੁਪਿੰਦਰ ਸਿੰਘ ਪੰਚ, ਹਰਵਿੰਦਰ ਸਿੰਘ ਬਿੱਲਾ ਫਿਲਪਾਈਨ, ਮੈਡਮ ਗੁਰਪ੍ਰੀਤ ਕੌਰ, ਮੈਡਮ ਕੁਲਵਿੰਦਰ ਕੌਰ, ਸਾਧੂ ਸਿੰਘ, ਲਖਵੀਰ ਸਿੰਘ ਸਾਬਕਾ ਲੈਕਚਰਾਰ, ਸਕੂਲ ਦੇ ਵਿਦਿਆਰਥੀ ਗੁਰਜਿੰਦਰ ਸਿੰਘ ਤੇ ਹੋਰ ਐੱਨ ਆਰ ਆਈ ਤੇ ਪਤਵੰਤੇ ਸੱਜਣਾਂ ਵੱਲੋਂ ਸਕੂਲ ਨੂੰ ਮਾਲੀ ਮਦਦ ਦਿੱਤੀ ਗਈ। ਸਕੂਲ ਦੀ ਹੈਡ ਟੀਚਰ ਮੈਡਮ ਮੀਨਾਕਸ਼ੀ ਵੱਲੋਂ ਆਏ ਹੋਏ ਪਤਵੰਤੇ ਸੱਜਣਾਂ ਦਾ ਸਵਾਗਤ ਕੀਤਾ ਗਿਆ ਤੇ ਸਕੂਲ ਦੀ ਮਾਲੀ ਮਦਦ ਕਰਨ ਵਾਲੇ ਅਤੇ ਆਏ ਹੋਏ ਪਤਵੰਤੇ ਸੱਜਣਾਂ ਨੂੰ ਸਨਮਾਨਿਤ ਕੀਤਾ ਗਿਆ। ਅਖੀਰ ਸਰਪੰਚ ਡਾਕਟਰ ਨਿਰਮਲ ਕੌਲ ਵੱਲੋਂ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਇਹਨਾਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਸਕੂਲ ਦੇ ਬੱਚੇ ਵਧੀਆ ਪੜ੍ਹਾਈ ਹਾਸਲ ਕਰ ਰਹੇ ਹਨ। ਹੋਰਨਾਂ ਤੋਂ ਇਲਾਵਾ ਲਖਵੀਰ ਸਿੰਘ ਹਜਾਰਾ ਜਿਲ੍ਹਾ ਪਰਿਸ਼ਦ ਮੈਂਬਰ, ਜਗਜੀਤ ਸਿੰਘ ਜੱਗੀ ਬਲਾਕ ਸੰਮਤੀ ਮੈਂਬਰ, ਰਣਵੀਰ ਸਿੰਘ ਸੇਠੀ ਪ੍ਰਧਾਨ ਨੌਜਵਾਨ ਸਭਾ ਹਰੀਪੁਰ, ਸੁਰਿੰਦਰ ਸਿੰਘ ਪੰਚ, ਨਰਿੰਦਰ ਪਾਲ ਪੰਚ, ਦਲਜੀਤ ਸਿੰਘ ਪੰਚ, ਜੋਤੀ ਪੰਚ, ਜਗੀਰ ਕੌਰ ਪੰਚ, ਗੁਰਪ੍ਰੀਤ ਕੌਰ ਪੰਚ, ਸਨਦੀਪ ਕੌਰ ਪੰਚ, ਬਲਵੀਰ ਸਿੰਘ ਦਿਉਲ, ਆਸਵੰਤ ਸਿੰਘ ਦਿਉਲ, ਮਾਸਟਰ ਦਵਿੰਦਰ ਸਿੰਘ, ਮੈਡਮ ਅਨੀਤਾ, ਮਾਸਟਰ ਅੰਕੁਰ ਅਰੋੜਾ, ਮਾਸਟਰ ਸ਼ਿਵ ਕਰਨ, ਮੈਡਮ ਨੀਨਾ ਗੁਪਤਾ, ਮਿਸ ਹਰਜਿੰਦਰ ਕੌਰ, ਮਿਸ ਸੁਖਰਾਜ ਕੌਰ, ਮੈਡਮ ਕੋਮਲ, ਮੈਡਮ ਅਮਨਜੋਤ, ਮੈਡਮ ਦੀਪਿਕਾ, ਮੈਡਮ ਮਨਜੀਤ ਕੌਰ, ਗੁਰਮੀਤ ਸਿੰਘ, ਦਲਜੀਤ ਸਿੰਘ ਦਿਉਲ, ਹਰਮਿੰਦਰ ਸਿੰਘ, ਕਰਨਜੀਤ ਸਿੰਘ ਹੈਪੀ ਬਲਾਕ ਪ੍ਰਧਾਨ, ਸੋਨੀ ਧਲਿਆਣਾ ਅਤੇ ਹੋਰ ਪਿੰਡ ਵਾਸੀ ਅਤੇ ਪਤਵੰਤੇ ਸੱਜਣ ਹਾਜ਼ਰ ਸਨ।



# ਅਟਾਰੀ ਤੇ ਭਾਓਵਾਲ ਪਿੰਡਾਂ ਨੂੰ ਨੈਸ਼ਨਲ ਹਾਈਵੇ ਨਾਲ ਜੋੜਨ ਲਈ 2 ਨਵੇਂ ਪੁਲਾਂ ਦੀ ਹੋਵੇਗੀ ਉਸਾਰੀ : ਬੈਂਸ

**ਨੰਗਲ ਭਲਾਣ/ ਸ੍ਰੀ ਅਨੰਦਪੁਰ ਸਾਹਿਬ (ਹਰਭਜਨ ਸਿੰਘ ਢਿੱਲੋਂ, ਅਰਵਿੰਦਰ ਸਿੰਘ ਬਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਅਤੇ ਵਿਧਾਇਕ ਹਲਕਾ ਸ੍ਰੀ ਅਨੰਦਪੁਰ ਸਾਹਿਬ ਨੇ ਹਲਕੇ ਲਈ ਇੱਕ ਹੋਰ ਵੱਡੀ ਖੁਸ਼ਖਬਰੀ ਸਾਂਝੀ ਕੀਤੀ। ਇਸ ਮਹੱਤਵਪੂਰਨ ਵਿਕਾਸੀ ਕਦਮ ਨਾਲ ਖੇਤਰ ਦੀ ਆਵਾਜਾਈ ਸੁਵਿਧਾ ਵਿੱਚ ਇਤਿਹਾਸਕ ਸੁਧਾਰ ਆਵੇਗਾ ਤੇ ਲੋਕਾਂ ਦੀਆਂ ਸਾਲਾਂ ਤੋਂ ਲਟਕਦੀਆਂ ਮੰਗਾਂ ਪੂਰੀਆਂ ਹੋਣਗੀਆਂ। ਕੈਬਨਿਟ ਮੰਤਰੀ ਬੈਂਸ ਨੇ ਕਿਹਾ ਕਿ ਬ੍ਰਹਮਪੁਰ ਅਤੇ ਦੜੌਲੀ ਵਿੱਚ ਮੌਜੂਦਾ ਪੁਰਾਣੇ ਪੁੱਲਾਂ ਦੀ ਥਾਂ ਨਵੇਂ, ਮਜ਼ਬੂਤ ਤੇ ਆਧੁਨਿਕ ਮਿਆਰਾਂ ਅਨੁਸਾਰ ਪੁੱਲ ਤਿਆਰ ਕੀਤੇ ਜਾਣਗੇ। ਗੰਗੂਵਾਲ ਵਿੱਚ ਡਬਲ ਬ੍ਰਿਜ ਬਣਾਉਣ ਨਾਲ ਟ੍ਰੈਫਿਕ ਦਾ ਬੋਝ ਘਟੇਗਾ ਤੇ ਹਾਦਸਿਆਂ ਦੀ ਸੰਭਾਵਨਾ ਵਿੱਚ ਕਮੀ ਆਵੇਗੀ। ਹੋਲਾ ਮਹੱਲਾ, ਵਿਸਾਖੀ ਅਤੇ ਬਸੰਤ ਪੰਚਮੀ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਗੁਰੂ ਕੇ ਲਾਹੌਰ ਵਿਖੇ ਇਸੇ ਸੜਕ ਤੋ ਪਹੁੰਚਦੀਆਂ ਹਨ ਤੇ ਤੰਗ ਪੁੱਲ ਹੋਣ ਕਾਰਨ ਉੱਥੇ ਟ੍ਰੈਫਿਕ ਦੀ ਸਮੱਸਿਆ ਬਹੁਤ ਆਉਂਦੀ ਸੀ ਪ੍ਰੰਤੂ ਹੁਣ ਡਬਲ ਬ੍ਰਿਜ ਬਣਨ ਨਾਲ ਜਿੱਥੇ ਇਨਾਂ ਦਿਨਾਂ ਦੌਰਾਨ ਟ੍ਰੈਫਿਕ ਦੀ ਸਮੱਸਿਆ ਨਹੀਂ ਆਵੇਗੀ ਉੱਥੇ ਹੀ ਹਿਮਾਚਲ ਪ੍ਰਦੇਸ਼ ਜਾਣ ਵਾਲੇ ਲੋਕਾਂ ਨੂੰ ਵੀ ਸਹੂਲਤ ਮਿਲੇਗੀ। ਇਸ ਤੋਂ ਇਲਾਵਾ ਅਟਾਰੀ ਅਤੇ ਭਾਓਵਾਲ ਪਿੰਡਾਂ ਨੂੰ ਸਿੱਧਾ ਨੈਸ਼ਨਲ ਹਾਈਵੇ ਨਾਲ ਜੋੜਨ ਲਈ ਦੋ ਅਲੱਗ-ਅਲੱਗ ਨਵੇਂ ਪੁੱਲ ਬਣਾਏ ਜਾਣਗੇ, ਜਿਸ ਨਾਲ ਪਿੰਡਾਂ ਦੇ ਵਸਨੀਕਾਂ ਨੂੰ ਸਿੱਖਿਆ, ਸਿਹਤ ਅਤੇ ਰੋਜ਼ਗਾਰ ਤੱਕ ਪਹੁੰਚ ਆਸਾਨ ਹੋਵੇਗੀ। ਕੈਬਨਿਟ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਹਲਕੇ ਵਿੱਚ ਸੜਕਾਂ ਦੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੱਡੇ ਪੱਧਰ 'ਤੇ ਨਿਵੇਸ਼ ਕੀਤਾ ਜਾ ਰਿਹਾ ਹੈ। 10 ਕਰੋੜ ਰੁਪਏ ਦੀ ਲਾਗਤ ਨਾਲ ਨੰਗਲ ਤੋਂ ਕਲਮਾਂ ਮੋੜ ਤੱਕ ਇੱਕ ਨਵੀਂ ਅਤੇ ਸ਼ਾਨਦਾਰ ਸੜਕ ਦਾ ਨਿਰਮਾਣ ਕੀਤਾ ਜਾਵੇਗਾ, ਜੋ ਯਾਤਰੀਆਂ ਲਈ ਸਮਾਂ ਬਚਾਏਗੀ। ਇਸੇ ਤਰ੍ਹਾਂ 12.5 ਕਰੋੜ ਰੁਪਏ ਦੀ ਲਾਗਤ ਨਾਲ ਭੰਗਲਾ ਤੋਂ ਕਾਨਪੁਰ ਖੂਹੀ ਤੱਕ ਆਧੁਨਿਕ ਮਿਆਰਾਂ ਅਨੁਸਾਰ ਨਵੀਂ ਸੜਕ ਬਣਾਈ ਜਾਵੇਗੀ।



# ਟਰੇਡ ਯੂਨੀਅਨ ਤੇ ਐੱਸ ਕੇ ਐੱਮ ਦੇ ਸੱਦੇ 'ਤੇ ਭਲਕੇ ਗੜ੍ਹਸ਼ੰਕਰ ਪਹੁੰਚੋ : ਮੱਟੂ, ਸੰਘਾ

**ਮਾਹਿਲਪੁਰ (ਸ.ਫਰੀ)**- ਟਰੱਕ ਯੂਨੀਅਨ ਗੜ੍ਹਸ਼ੰਕਰ ਅੰਬੇਦਕਰ ਨਗਰ ਗੜ੍ਹਸ਼ੰਕਰ ਵਿਸ਼ਾਲ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਨੂੰ ਦਰਸ਼ਨ ਸਿੰਘ ਮੱਟੂ ਸੂਬਾਈ ਮੀਤ ਪ੍ਰਧਾਨ ਦਰਸ਼ਨ ਸਿੰਘ ਮੱਟੂ, ਵਿਕਾਸ ਮੰਚ ਗੜ੍ਹਸ਼ੰਕਰ ਦੇ ਪ੍ਰਧਾਨ ਕੁਲਵਿੰਦਰ ਸੰਘਾ ਨੇ ਸੰਬੋਧਨ ਕਰਦਿਆਂ ਚਾਰ ਲੇਬਰ ਕੋਡ ਰੱਦ ਕਰਕੇ 44 ਲੇਬਰ ਕਾਨੂੰਨ ਬਹਾਲ ਕੀਤੇ ਜਾਣ, ਬਿਜਲੀ ਸੋਧ ਬਿੱਲ 2025 ਰੱਦ ਕਰੋ, ਸੀਡ ਬਿੱਲ ਰੱਦ ਕਰੋ, ਮਨਰੇਗਾ ਸਕੀਮ ਬਹਾਲ ਕਰੋ ਦੀ ਮੰਗ ਕੀਤੀ ਗਈ। ਇਕੱਠਾਂ ਵਿੱਚ ਕਿਸਾਨਾਂ ਮਜਦੂਰਾਂ ਨੇ ਜਿੱਤ ਤਕ ਸੰਘਰਸ਼ ਜਾਰੀ ਰੱਖਣ ਦਾ ਪ੍ਰਣ ਲਿਆ। ਇਸ ਮੌਕੇ ਕ੍ਰਿਸ਼ਨ, ਅੱਜੇ ਬੱਗਾ, ਪਿਆਰਾ ਸਿੰਘ, ਫੌਜੀ, ਪਾਲ ਚੌਧਰੀ, ਗੁਰਦਿਆਲ ਸਿੰਘ, ਸਤਵਿੰਦਰ ਸਿੰਘ ਦਿਆਲ, ਮਲਕੀਤ ਸਿੰਘ, ਤਰਸੇਮ ਲਾਲ ਤੇ ਹੋਰ ਬੀਬੀਆਂ ਹਾਜ਼ਰ ਸਨ।



# ਪਵਨ ਕੁਮਾਰ ਕਾਲੜਾ ਬਣੇ ਰੋਟਰੀ ਡਿਸਟ੍ਰਿਕਟ 3070 ਦੇ ਜ਼ੋਨਲ ਚੇਅਰਮੈਨ

**ਫਗਵਾੜਾ (ਡਾ. ਰਮਨ)**- ਰੋਟਰੀ ਕਲੱਬ ਫਗਵਾੜਾ ਜੈਮਜ਼ ਦੇ ਸਾਬਕਾ ਪ੍ਰਧਾਨ ਅਤੇ ਸਰਗਰਮ ਰੋਟੇਰੀਅਨ ਪਵਨ ਕੁਮਾਰ ਕਾਲੜਾ (ਚੇਅਰਮੈਨ ਕਾਲੜਾ ਫੂਡ ਇੰਡਸਟਰੀਜ਼) ਨੂੰ ਰੋਟਰੀ ਇੰਟਰਨੈਸ਼ਨਲ ਡਿਸਟ੍ਰਿਕਟ 3070 ਵਲੋਂ ਸਾਲ 2026-27 ਲਈ ਜ਼ੋਨਲ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਪਵਨ ਕੁਮਾਰ ਕਾਲੜਾ ਨੇ ਆਪਣੀ ਨਿਯੁਕਤੀ ਲਈ ਡਿਸਟ੍ਰਿਕਟ ਗਵਰਨਰ (ਸਾਲ 2026-27) ਰੋਟੇਰੀਅਨ ਅਨਿਲ ਸਿੰਗਲ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਵੱਕਾਰੀ ਅਹੁਦਾ ਮਿਲਣਾ ਉਨ੍ਹਾਂ ਲਈ ਬਹੁਤ ਖੁਸ਼ੀ ਦੀ ਗੱਲ ਹੈ। ਉਨ੍ਹਾਂ ਨੇ ਅਹੁਦੇ ਦੀ ਸ਼ਾਨ ਵਧਾਉਣ ਅਤੇ ਸਮਾਜ ਸੇਵਾ ਵਿੱਚ ਹੋਰ ਸ਼ਾਨਦਾਰ ਯੋਗਦਾਨ ਪਾਉਣ ਦਾ ਵਾਅਦਾ ਕੀਤਾ। ਜਿਕਰਯੋਗ ਹੈ ਕਿ ਪਵਨ ਕੁਮਾਰ ਕਾਲੜਾ ਨੇ ਰੋਟਰੀ ਸਾਲ 2024-25 ਦੌਰਾਨ ਰੋਟਰੀ ਕਲੱਬ ਆਫ਼ ਫਗਵਾੜਾ ਜੈਮਜ਼ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਈਆਂ ਸਨ। ਇਸ ਸਮੇਂ ਦੌਰਾਨ, ਉਨ੍ਹਾਂ ਨੇ ਕਈ ਵੱਡੇ ਸਮਾਜ ਸੇਵੀ ਪ੍ਰੋਜੈਕਟਾਂ ਨੂੰ ਅਮਲੀ ਰੂਪ ਦਿੱਤਾ। ਜਿਹਨਾਂ ਲਈ ਉਨ੍ਹਾਂ ਨੂੰ ਅੱਜ ਵੀ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਇਸ ਪ੍ਰੋਜੈਕਟ ਲਈ, ਰੋਟਰੀ ਡਿਸਟ੍ਰਿਕਟ 3070 ਦੇ ਤਤਕਾਲੀ ਗਵਰਨਰ, ਡਾ. ਪੀ.ਐਸ. ਗਰੋਵਰ ਨੇ ਉਨ੍ਹਾਂ ਨੂੰ ਆਊਟਸਟੈਂਡਿੰਗ ਪ੍ਰੈਜ਼ੀਡੈਂਟ ਆਫ਼ ਦ ਡਿਸਟ੍ਰਿਕਟ ਅਵਾਰਡ ਨਾਲ ਵੀ ਸਨਮਾਨਤ ਕੀਤਾ।



# ਮਿਡ ਡੇ ਮੀਲ ਵਰਕਰਾਂ ਨੇ ਭਲਕ ਦੀ ਹੜਤਾਲ ਸੰਬੰਧੀ ਸਹਾਇਕ ਕਮਿਸ਼ਨਰ ਨੂੰ ਸੌਂਪਿਆ ਨੋਟਿਸ

**ਹੁਸ਼ਿਆਰਪੁਰ, (ਬਲਵੀਰ ਸੈਣੀ)**- ਮਿਡ ਡੇ ਮੀਲ ਵਰਕਰਜ਼ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ 12 ਫਰਵਰੀ ਨੂੰ ਹੋ ਰਹੀ ਦੇਸ਼ ਵਿਆਪੀ ਹੜਤਾਲ ਵਿੱਚ ਸ਼ਮੂਲੀਅਤ ਕਰਨ ਸਬੰਧੀ ਨੋਟਿਸ ਅਤੇ ਮੰਗ ਪੱਤਰ ਡਿਪਟੀ ਕਮਿਸ਼ਨਰ ਦੇ ਦਫਤਰ ਵਿਖੇ ਸਹਾਇਕ ਕਮਿਸ਼ਨਰ ਪਰਮਪ੍ਰੀਤ ਸਿੰਘ ਨੂੰ ਸੌਂਪਿਆ ਗਿਆ। ਜੱਥੇਬੰਦੀ ਦੀ ਜ਼ਿਲ੍ਹਾ ਪ੍ਰਧਾਨ ਆਸ਼ਾ ਰਾਣੀ ਦੀ ਅਗਵਾਈ ਹੇਠ ਸੌਂਪੇ ਗਏ ਇਸ ਨੋਟਿਸ ਰਾਹੀ ਜਾਣਕਾਰੀ ਦਿੱਤੀ ਗਈ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਮਿਡ ਡੇ ਮੀਲ ਵਰਕਰਾਂ ਵਲੋਂ ਸਕੂਲਾਂ ਅੰਦਰ ਨਿਗੂਣੇ ਜਿਹੇ ਮਾਣ ਭੱਤੇ ਤੇ ਕੰਮ ਕੀਤਾ ਜਾ ਰਿਹਾ ਹੈ ਤੇ ਸੂਬਾ ਸਰਕਾਰ ਵਲੋਂ ਵਾਅਦਾ ਕਰਨ ਦੇ ਬਾਵਜੂਦ ਵੀ ਮਾਣ ਭੱਤੇ ਵਿੱਚ ਵਾਧਾ ਨਹੀਂ ਕੀਤਾ ਗਿਆ। ਮੰਗ ਪੱਤਰ ਰਾਹੀ ਉਹਨਾਂ ਬਾਕੀ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹਨਾਂ ਦੀਆਂ ਉਜਰਤਾਂ ਵਿੱਚ ਵਾਧਾ ਕੀਤਾ ਜਾਵੇ, ਵਰਦੀਆਂ ਦਾ ਪ੍ਰਬੰਧ ਕੀਤਾ ਜਾਵੇ, 50 ਬੱਚਿਆਂ ਮਗਰ ਦੋ ਵਰਕਰਾਂ ਰੱਖੀਆਂ ਜਾਣ, ਮਿਡ ਡੇ ਮੀਲ ਦੇ ਕੰਮ ਤੋਂ ਇਲਾਵਾ ਹੋਰ ਕੋਈ ਕੰਮ ਨਾ ਲਿਆ ਜਾਵੇ। ਇਸ ਉਪਰੰਤ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੇ ਦਫਤਰ ਵਿਖੇ ਵੀ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪਿਆ ਗਿਆ। ਜ਼ਿਲ੍ਹਾ ਪ੍ਰਧਾਨ ਵਲੋਂ ਜ਼ਿਲ੍ਹੇ ਭਰ ਦੀਆਂ ਮਿਡ ਡੇ ਮੀਲ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ ਮਿਤੀ 12 ਫਰਵਰੀ ਦੀ ਹੋ ਰਹੀ ਦੇਸ਼ ਵਿਆਪੀ ਹੜਤਾਲ ਵਿੱਚ ਕੰਮ ਬੰਦ ਕਰਕੇ ਜ਼ਿਲ੍ਹੇ ਅੰਦਰ ਸਾਰੇ ਹੀ ਬਲਾਕਾਂ ਅੰਦਰ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਵਿੱਚ ਪੂਰੀ ਤਾਕਤ ਨਾਲ ਸ਼ਮੂਲੀਅਤ ਕੀਤੀ ਜਾਵੇ। ਇਸ ਮੌਕੇ ਪਰਮਜੀਤ ਕੌਰ, ਰਚਨਾ, ਸੰਤੋਸ਼ ਕੁਮਾਰੀ, ਸੁਮਨ ਬਾਲਾ, ਕੁਸਮ ਦੇਵੀ, ਮਨਜੀਤ ਕੌਰ, ਬਿਮਲਾ ਦੇਵੀ, ਬਲਵੀਰ ਕੌਰ, ਕੁਲਵੀਰ ਕੌਰ, ਕਮਲੇਸ਼, ਮੰਜੂ ਰਾਣੀ, ਕਮਲਜੀਤ ਕੌਰ ਵੀ ਹਾਜ਼ਰ ਸਨ।



# ਕੁੜੀਆਂ ਦਾ ਬੈਡਮਿੰਟਨ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ





**ਫਗਵਾੜਾ (ਡਾ. ਰਮਨ)**- ਕਮਲਾ ਨਹਿਰੂ ਕਾਲਜ ਫਾਰ ਵੂਮੈਨ ਫਗਵਾੜਾ ਦੇ ਪ੍ਰਿੰਸੀਪਲ ਡਾ. ਸਵਿੰਦਰ ਪਾਲ ਦੀ ਸੁਯੋਗ ਅਗਵਾਈ ਹੇਠ ਲੜਕੀਆਂ ਦੀ ਟੀਮ ਨੇ ਤਾਮਿਲਨਾਡੂ ਦੇ ਇਰੋਡ ਵਿੱਚ ਆਯੋਜਿਤ ਜੂਨੀਅਰ ਨੈਸ਼ਨਲ ਬਾਲ ਬੈਡਮਿੰਟਨ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 32 ਟੀਮਾਂ ਵਿੱਚੋਂ 5ਵਾਂ ਸਥਾਨ ਹਾਸਲ ਕੀਤਾ। ਇਹ ਸੰਸਥਾ ਲਈ ਬਹੁਤ ਮਾਣ ਵਾਲੀ ਗੱਲ ਹੈ। ਚੈਂਪੀਅਨਸ਼ਿਪ ਦੌਰਾਨ ਪੰਜਾਬ ਦੀਆਂ ਲੜਕੀਆਂ ਦੀ ਟੀਮ ਨੇ ਮਨੀਪੁਰ ਤੇ ਦਿੱਲੀ ਵਰਗੀਆਂ ਮਜ਼ਬੂਤ ਟੀਮਾਂ ਨੂੰ ਹਰਾ ਕੇ ਸ਼ਾਨਦਾਰ ਗੇਮਪਲੇ ਦਾ ਪ੍ਰਦਰਸ਼ਨ ਕੀਤਾ, ਆਪਣੀ ਸ਼ਾਨਦਾਰ ਤਿਆਰੀ ਅਤੇ ਪ੍ਰਤੀਯੋਗੀ ਭਾਵਨਾ ਦਾ ਪ੍ਰਦਰਸ਼ਨ ਕੀਤਾ। ਨਿਰੰਤਰ ਤੇ ਸ਼ਲਾਘਾਯੋਗ ਪ੍ਰਦਰਸ਼ਨ ਦੇ ਨਾਲ, ਟੀਮ ਕੁਆਰਟਰ ਫਾਈਨਲ 'ਚ ਪਹੁੰਚੀ ਤੇ 32 ਭਾਗੀਦਾਰ ਟੀਮਾਂ ਵਿੱਚੋਂ ਪ੍ਰਭਾਵਸ਼ਾਲੀ 5ਵਾਂ ਸਥਾਨ ਹਾਸਲ ਕੀਤਾ, ਜੋ ਕਿ ਰਾਸ਼ਟਰੀ ਪੱਧਰ 'ਤੇ ਇੱਕ ਮਹੱਤਵਪੂਰਨ ਪ੍ਰਾਪਤੀ ਹੈ।ਟੀਮ ਵਿੱਚ ਹਰਜੋਤ ਕੌਰ, ਜੈਸਮੀਨ ਕੌਰ, ਰਾਧਿਕਾ, ਬਲਜੀਤ ਕੌਰ, ਮੰਨਤ, ਹਿਮਾਂਸ਼ੂ ਭਾਰਦਵਾਜ, ਸ਼ਿਵਾਨੀ ਅਤੇ ਨਿਕਿਤਾ ਸ਼ਾਮਲ ਸਨ, ਜਿਨ੍ਹਾਂ ਦੇ ਸਮੂਹਿਕ ਯਤਨ, ਅਨੁਸ਼ਾਸਨ ਅਤੇ ਟੀਮ ਵਰਕ ਨੇ ਟੀਮ ਦੀ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।ਕਾਲਜ ਪ੍ਰਬੰਧਨ ਤੇ ਪ੍ਰਿੰਸੀਪਲ ਡਾ. ਸਵਿੰਦਰ ਪਾਲ ਨੇ ਟੀਮ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ।

# ਬਜ਼ੁਰਗਾਂ ਲਈ ਬਲਾਕ ਪੱਧਰੀ ਮੁਫ਼ਤ ਸਿਹਤ ਕੈਂਪਾਂ ਦੀ ਸ਼ੁਰੂਆਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਐੱਸ.ਏ.ਐੱਸ. ਨਗਰ (ਮੋਹਾਲੀ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਦੀ ਸਾਡੇ ਬਜ਼ੁਰਗ, ਸਾਡਾ ਮਾਣ ਮੁਹਿੰਮ ਅਧੀਨ ਅਤੇ ਸੀਨੀਅਰ ਸਿਟੀਜ਼ਨ ਐਕਸ਼ਨ ਪਲਾਨ 2025-26 ਮੁਤਾਬਿਕ ਜ਼ਿਲ੍ਹੇ ਵਿੱਚ ਬਜ਼ੁਰਗ ਨਾਗਰਿਕਾਂ ਲਈ ਬਲਾਕ ਪੱਧਰੀ ਸਿਹਤ ਅਤੇ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਇਹ ਕੈਂਪ ਬਜ਼ੁਰਗਾਂ ਨੂੰ ਘਰੇਲੂ ਪੱਧਰ 'ਤੇ ਮੁਫ਼ਤ ਅਤੇ ਵਿਆਪਕ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੇ ਗਏ ਹਨ। ਡੇਰਾ ਬੱਸੀ ਬਲਾਕ ਵਿੱਚ ਪਹਿਲਾ ਕੈਂਪ 11 ਫਰਵਰੀ ਨੂੰ ਸ੍ਰੀ ਰਾਮ ਮੰਦਿਰ, ਨੇੜੇ ਰੇਲਵੇ ਫਟਕ, ਡੇਰਾ ਬੱਸੀ ਵਿਖੇ ਲੱਗਿਆ। ਇਸ ਕੈਂਪ ਵਿੱਚ ਜਨਰਲ ਹੈਲਥ ਚੈੱਕਅੱਪ, ਅੱਖਾਂ ਦੀ ਜਾਂਚ, ਆਰਥੋਪੈਡਿਕ ਜਾਂਚ, ਡਿਮੈਂਸ਼ੀਆ ਸਕ੍ਰੀਨਿੰਗ, ਨਾਨ-ਕਮਿਊਨੀਕੇਬਲ ਡਿਜ਼ੀਜ਼ ਸਕ੍ਰੀਨਿੰਗ ਅਤੇ ਕੈਂਸਰ ਸਕ੍ਰੀਨਿੰਗ ਵਰਗੀਆਂ ਮਹੱਤਵਪੂਰਨ ਸੇਵਾਵਾਂ ਮੁਫ਼ਤ ਉਪਲਬਧ ਕਰਵਾਈਆਂ। ਇਸ ਤੋਂ ਇਲਾਵਾ ਬਜ਼ੁਰਗਾਂ ਨੂੰ ਸਮਾਜਿਕ ਸੁਰੱਖਿਆ ਲਾਭਾਂ ਬਾਰੇ ਜਾਣਕਾਰੀ, ਪੈਨਸ਼ਨ ਸਬੰਧੀ ਸਹਾਇਤਾ ਅਤੇ ਹੋਰ ਭਲਾਈ ਸੇਵਾਵਾਂ ਵੀ ਪ੍ਰਦਾਨ ਕੀਤੀਆਂ । ਇਹ ਮੁਹਿੰਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਸਿਹਤ, ਇੱਜ਼ਤ ਅਤੇ ਭਲਾਈ ਨੂੰ ਪਹਿਲ ਦੇਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਜ਼ਿਲ੍ਹੇ ਦੇ ਬਾਕੀ ਬਲਾਕਾਂ ਵਿੱਚ ਵੀ ਲੜੀਵਾਰ ਇਹ ਕੈਂਪ ਲਗਾਏ ਜਾਣਗੇ।

# ਹਲਕਾ ਕੋਆਰਡੀਨੇਟਰ ਗਗਨਦੀਪ ਕੌਰ ਨੇ ਸਕੂਲਾਂ 'ਚ ਪ੍ਰੋਗਰਾਮ ਕਰਵਾਏ

**ਮੋਹਾਲੀ (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤੇ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ ਪੰਜਾਬ ਦੇ ਹਲਕੇ ਦੇ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਦੇ ਤਹਿਤ ਅਧਿਆਪਕ- ਮਾਪੇ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਬੀਤੇ ਦਿਨੀ ਸਕੂਲ ਆਫ ਐਮੀਨੈਂਸ- ਫੇਜ -11, ਮੋਹਾਲੀ, ਗੌਰਮੈਂਟ ਸੀਨੀਅਰ ਸੈਕੰਡਰੀ ਸਕੂਲ ਪਿੰਡ ਬਾਕਰਪੁਰ, ਗੌਰਮੈਂਟ ਹਾਈ ਸਕੂਲ ਪਿੰਡ ਕੁੰਭੜਾ ਵਿਖੇ ਹਲਕਾ ਕੁਆਰਡੀਨੇਟਰ ਐਡਵੋਕੇਟ ਗਗਨਦੀਪ ਕੌਰ ਦੀ ਹਾਜ਼ਰੀ ਦੇ ਵਿੱਚ ਅਧਿਆਪਕ- ਮਾਪੇ ਮਿਲਣੀ ਪ੍ਰੋਗਰਾਮ ਦੇ ਤਹਿਤ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਸ਼ਮੂਲੀਅਤ ਕੀਤੀ, ਤਾਂ ਕਿ ਸਰਕਾਰੀ ਸਕੂਲਾਂ ਦੇ ਵਿੱਚ ਦਾਖਲਾ ਮੁਹਿੰਮ 2026 ਨੂੰ ਸਫਲਤਾ ਪੂਰਵਕ ਲਾਗੂ ਕੀਤਾ ਜਾ ਸਕੇ।



# ਜਮਹੂਰੀ ਅਧਿਕਾਰ ਸਭਾ ਨੇ ਭਲਕ ਦੀ ਹੜਤਾਲ ਨੂੰ ਦਿੱਤਾ ਸਮਰਥਨ

**ਜਲੰਧਰ (ਕੇਸਰ)**- ਦੇਸ਼ ਭਰ ਦੀਆਂ ਟਰੇਡ ਯੂਨੀਅਨਾਂ ਵੱਲੋਂ 12 ਫਰਵਰੀ ਨੂੰ ਕੀਤੀ ਜਾ ਰਹੀ ਹੜਤਾਲ ਨੂੰ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਹਿਮਾਇਤ ਦਾ ਐਲਾਨ ਕੀਤਾ ਗਿਆ ਹੈ।ਇਸ ਐਲਾਨ ਨੂੰ ਕਰਦਿਆਂ ਪ੍ਰੋਫੈਸਰ ਜਗਮੋਹਣ ਸਿੰਘ ਜਰਨਲ ਸਕੱਤਰ ਪ੍ਰਿਤਪਾਲ ਸਿੰਘ ਪ੍ਰੈੱਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ 44 ਕਾਨੂੰਨਾਂ ਵਿੱਚੋਂ 29 ਕਾਨੂੰਨਾਂ ਨੂੰ ਬਿਲਕੁਲ ਖਤਮ ਕਰਕੇ 4 ਕੋਡ ਬਣਾਏ ਹਨ, ਜਿਹਨਾਂ ਨੂੰ ਅਪ੍ਰੈਲ-2026 ਵਿੱਚ ਲਾਗੂ ਕਰਨ ਜਾ ਰਹੀ ਹੈ।ਇਹ 4 ਕੋਡ ਮਜ਼ਦੂਰਾਂ ਦੇ ਜੱਥੇਬੰਦ ਹੋਣ, ਆਪਣੀਆਂ ਮੰਗਾਂ ਮਸਲੇ ਲਾਗੂ ਕਰਵਾਉਣ ਲਈ ਹੜ੍ਹਤਾਲ ਕਰਨ, 8 ਘੰਟੇ ਦੀ ਬਜਾਇ 12 ਘੰਟੇ ਦਿਹਾੜੀ, ਉਸਾਰੀ ਦੇ ਖੇਤਰ ਵਿੱਚ ਲੱਗੇ ਮਜ਼ਦੂਰਾਂ ਨੂੰ ਸਕੀਮਾਂ ਦੇ ਦਾਇਰੇ ਵਿੱਚੋਂ ਬਾਹਰ ਕੱਢਣਾ ਅਤੇ ਇੰਸਪੈਕਟਰੀ ਰਾਜ ਨੂੰ ਖਤਮ ਕਰਨਗੇ ਜਿਸ ਦਾ ਨੁਕਸਾਨ ਸਮੁੱਚੀ ਮਜ਼ਦੂਰ ਜਮਾਤ ਨੂੰ ਹੋਵੇਗਾ।ਕੇਂਦਰ ਸਰਕਾਰ ਵੱਲੋਂ ਇੱਕ ਪਾਸੇ ਸੰਗਠਿਤ ਮਜ਼ਦੂਰਾਂ ਨੂੰ ਨਿਸ਼ਾਨਾ ਬਣਾ ਕੇ 4 ਕੋਡ ਪਾਸ ਕਰਕੇ ਅਪ੍ਰੈਲ ਵਿੱਚ ਲਾਗੂ ਕਰਨ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ ਤਾਂ ਦੂਸਰੇ ਪਾਸੇ ਪੇਂਡੂ ਮਜ਼ਦੂਰਾਂ ਉੱਪਰ ਹਮਲਾ ਕਰਦਿਆਂ ਮਗਨਰੇਗਾ ਐਕਟ ਨੂੰ ਖਤਮ ਕਰਕੇ ਜੀ-ਰਾਮਜੀ ਐਕਟ ਪਾਸ ਕੀਤਾ ਗਿਆ ਹੈ।ਜਿਸ ਨਾਲ ਪੇਂਡੂ ਮਜ਼ਦੂਰਾਂ ਨੂੰ ਜੋ ਥੋੜ੍ਹੀ ਬਹੁਤ ਆਸ ਮਗਨਰੇਗਾ ਵਿੱਚ ਸੀ ਉਹ ਵੀ ਖਤਮ ਹੋ ਜਾਏਗੀ।

ਇਸ ਐਕਟ ਨੇ ਪਿੰਡਾਂ ਦੇ ਮਜ਼ਦੂਰਾਂ ਨੂੰ ਆਪਣੀ ਮਾਰ ਹੇਠ ਲਿਆਉਣਾ ਹੈ।ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਮੁੱਚੀ ਮਜ਼ਦੂਰ ਜਮਾਤ ਉੱਪਰ ਹਮਲਾ ਕੀਤਾ ਹੈ। ਆਗੂਆਂ ਨੇ ਦੇਸ਼ ਭਰ ਦੀਆਂ ਟਰੇਡ ਯੂਨੀਅਨਾਂ ਵੱਲੋਂ 12 ਫਰਵਰੀ ਨੂੰ ਹੜ੍ਹਤਾਲ ਦੇ ਸੱਦੇ ਦਾ ਸਮਰਥਨ ਕਰਦਿਆਂ ਪੰਜਾਬ ਭਰ ਵਿੱਚ ਬੈਠੇ ਜਮਹੂਰੀ ਹੱਕਾਂ ਦੇ ਰਾਖਿਆਂ ਨੂੰ ਇਸ ਹੜ੍ਹਤਾਲ ਦਾ ਹਿੱਸਾ ਬਣਨ ਲਈ ਸੱਦਾ ਦਿੱਤਾ।

# ਡਿਜੀਟਲ ਇੰਡੀਆ ਦਾ ਲਾਭ ਨਹੀਂ ਪਹੁੰਚ ਰਿਹਾ ਅਨਪੜ੍ਹ ਮਜ਼ਦੂਰਾਂ ਦੇ ਘਰਾਂ ਤੱਕ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਬਿਲਡਿੰਗ ਐਂਡ ਅਦਰਜ਼ ਕੰਸਟਰਕਸ਼ਨ (ਲੇਬਰ ਡਿਪਾਰਟਮੈਂਟ) ਦੇ ਦਫਤਰ ਵਿਚ ਸਟਾਫ ਦੀ ਘਾਟ ਤੇ ਮਨਪੜ੍ਹਤਾ ਨਾਲ ਘੁਲ ਰਹੇ ਮਜ਼ਦੂਰਾਂ ਦਾ ਕੰਮ ਸੇਵਾ ਕੇਂਦਰਾਂ ਨੂੰ ਜੋੜਣ ਤੇ ਸੇਵਾ ਕੇਂਦਰਾਂ ਅੰਦਰ ਲੇਬਰ ਦੀ ਸਾਇਟ ਦਾ ਸਰਵਰ ਡਾਊਣ ਰਹਿਤ ਤੇ ਨਾ ਕੋਈ ਸੁਧਾਰ ਹੋਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਅਗਰ ਲੇਬਰ ਕਾਰਡ ਬਨਾਉਣ ਲਈ ਹੀ 7,7 ਮਹੀਨੇ ਦਾ ਸਮਾਂ ਲੱਗ ਰਿਹਾ ਹੈ ਤੇ ਸਹੂਲਤਾਂ ਕਦੋਂ ਮਜ਼ਦੂਰਾਂ ਤੱਕ ਪਹੁੰਚਣਗੀਆਂ।ਸਕੀਮਾਂ ਦਾ ਲਾਲਚ ਵੋਟਾਂ ਤਾਂ ਮੁਹਈਆ ਕਰਵਾ ਸਕਦਾ ਹੈ ਪਰ ਮਜ਼ਦੂਰਾਂ ਨੂੰ ਸਹੂਲਤਾਂ ਪਖੋਂ ਲਾਭ ਦੇ ਕੇ ਆਰਥਿਕ ਪੱਖ ਨਹੀਂ ਸੁਧਾਰ ਸਕਦਾ।ਦਫਤਰ ਵਿਚ ਸਟਾਫ ਦੀ ਭਾਰੀ ਘਾਟ ਕਾਰਨ ਛੋਟੇ ਛੋਟੇ ਕੰਮਾਂ ਲਈ ਮਜ਼ਦੂਰਾਂ ਨੂੰ ਆਪਣੇ ਕੋਲੋਂ ਪੈਸੇ ਖਰਚ ਕਰਕੇ ਤੇ ਕੰਮ ਦੀਆਂ ਦਿਹਾੜੀਆਂ ਤੋੜ ਕੇ ਬਾਰ ਬਾਰ ਦਫਤਰਾਂ ਦੇ ਚੱਕਰ ਕੱਢਣ ਦਾ ਖਮਿਆਜਾ ਭੁਗਤਣਾ ਪੈ ਰਿਹਾ ਹੈ।ਧੀਮਾਨ ਨੇ ਕਿਹਾ ਕਿ ਸਰਕਾਰ ਸਿਰਫ ਲੇਬਰ ਡਿਪਾਰਟਮੈਂਟ ਦੀ ਵੈਬ ਸਾਇਟ ਉੱਤੇ ਹੀ ਸਕੀਮਾਂ ਦਾ ਵਿਖਾਵਾ ਕਰਹੀ ਹੈ,ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਿਹੜੀਆਂ ਸਕੀਮਾਂ ਦਾ ਵਖਾਣ ਆਨ ਲਾਇਨ ਕੀਤਾ ਜਾਂਦਾ ਹੈ ਉਹ ਸਾਰੀਆਂ ਸਕੀਮਾ ਮਜ਼ਦੂਰਾਂ ਤੱਕ ਨਹੀਂ ਪਹੁੰਚ ਰਹੀਆਂ।



# ਬੁੱਧੋਬਰਕਤ ਨੂੰ ਸੋਲਰ ਲਾਈਟਾਂ ਲਈ 3 ਲੱਖ ਦਾ ਚੈੱਕ



**ਦਸੂਹਾ (ਕਰਨੈਲ ਮਾਂਗਟ)**- ਬਲਾਕ ਦਸੂਹਾ ਦੇ ਪਿੰਡ ਬੁੱਧੋਬਰਕਤ ਦੀ ਪੰਚਾਇਤ ਨੂੰ ਸੋਲਰ ਲਾਈਟਾਂ ਲਈ 3 ਲੱਖ ਰੁਪਏ ਦਾ ਚੈੱਕ ਵਿਧਾਇਕ ਕਰਮਬੀਰ ਸਿੰਘ ਘੁੰਮਣ ਨੇ ਸਰਪੰਚ ਬਲਦੇਵ ਸਿੰਘ ਨੂੰ ਦਿੱਤਾ। ਇਸ ਮੌਕੇ ਵਿਧਾਇਕ ਘੁੰਮਣ ਨੇ ਕਿਹਾ ਕਿ ਪਿੰਡਾਂ ਵਿੱਚ ਵਿਕਾਸ ਕਾਰਜ ਬਹੁਤ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ ਅਤੇ ਪੰਚਾਇਤਾਂ ਨੂੰ ਫੰਡ ਬਿਨਾਂ ਕਿਸੇ ਭੇਦਭਾਵ ਦਿੱਤੇ ਜਾ ਰਹੇ ਹਨ ਅਤੇ ਪਹਿਲੀ ਵਾਰ ਪਿੰਡ ਵਿੱਚ ਸੋਲਰ ਲਾਈਟਾਂ ਦੀ ਚੈੱਕ ਦਿੱਤਾ ਗਿਆ । ਇਸ ਮੌਕੇ ਪਿੰਡ ਦੇ ਸਰਪੰਚ ਬਲਦੇਵ ਸਿੰਘ ਤੇ ਪੰਚਾਇਤ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਵਿਸ਼ੇਸ਼ ਤੌਰ 'ਤੇ ਵਿਧਾਇਕ ਕਰਮਬੀਰ ਸਿੰਘ ਘੁੰਮਣ ਦਾ ਧੰਨਵਾਦ ਕੀਤਾ। ਇਸ ਮੌਕੇ ਮਾਰਕਿਟ ਕਮੇਟੀ ਦਸੂਹਾ ਦੇ ਚੇਅਰਮੈਨ ਕੇਪੀ ਸੰਧੂ, ਸਰਪੰਚ ਬਲਦੇਵ ਸਿੰਘ ਬੁੱਧੋਬਰਕਤ, ਸੁੱਚਾ ਸਿੰਘ ਬੁੱਧੋਬਰਕਤ, ਸਰਪੰਚ ਗੁਰਪ੍ਰੀਤ ਸਿੰਘ ਵਿਰਕ, ਪਰਮਜੀਤ ਸਿੰਘ ਪੰਮਾ, ਬਲਵਿੰਦਰ ਸਿੰਘ, ਰਘੁਬੀਰ ਸਿੰਘ ਗੁਰਾਇਆ, ਰਾਣਾ ਸੈਦੋਵਾਲ, ਮਨਜੀਤ ਸਿੰਘ, ਲੱਖਾ ਸਾਬਕਾ ਸਰਪੰਚ, ਸਰਦੂਲ ਸਿੰਘ ਰੰਧਾਵਾ, ਮੰਨਾ ਕੋਟਲੀ, ਜਗਮੋਹਨ ਸਿੰਘ, ਜਸਵੰਤ ਸਿੰਘ ਜੱਸਾ, ਹਰਜੋਤ ਸਿੰਘ ਗੁਰਾਇਆ, ਮਾਨਜੋਤ ਸਿੰਘ ਗੁਰਾਇਆ ਹਾਜ਼ਰ ਸਨ।

# ਸਕੂਲ ਦੇ ਬੱਚਿਆਂ ਨੂੰ ਬੈਗ ਵੰਡੇ

**ਆਦਮਪਕਰ (ਪਰਮਜੀਤ ਸਿੰਘ)**- ਹਲਕਾ ਆਦਮਪੁਰ ਦੋਆਬਾ ਦੇ ਅਧੀਨ ਆਉਂਦੇ ਪਿੰਡ ਖੋਜਕੀਪੁਰ ਵਿਖੇ ਸਵੈ ਸਾਬਕਾ ਐੱਮ ਐੱਲ ਏ ਕਾਮਰੇਡ ਕੁਲਵੰਤ ਸਿੰਘ ਦੇ ਲੜਕੇ ਤਜਿੰਦਰ ਸਿੰਘ ਰਾਜਪਾਲ ਸਿੰਘ, ਪਰਮਿੰਦਰ ਸਿੰਘ ਦੇ ਸਮੂਹ ਪਰਿਵਾਰ ਵੱਲੋਂ ਹਰ ਸਾਲ ਦੀ ਤਰਾਂ ਬੀਬੀ ਪ੍ਰੀਤਮ ਕੌਰ ਸੰਧੂ ਯਾਦਗਾਰੀ ਸਟੂਡੈਂਟਸ ਐਂਡ ਚਿਲਡਰਨਜ ਵੈਲਫੇਅਰ ਟਰੱਸਟ ਬਸੰਤ ਨਗਰ ਦੀ ਯਾਦ ਅੰਦਰ ਸਰਕਾਰੀ ਹਾਈ ਸਕੂਲ ਖੋਜਕੀਪੁਰ ਨੰਗਲ ਸਾਲਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਖੋਜਕੀਪੁਰ ਸਕੂਲ, ਸਰਕਾਰੀ ਪ੍ਰਾਇਮਰੀ ਸਕੂਲ ਸਾਲਾਲਾ, ਸਰਕਾਰੀ ਪ੍ਰਾਇਮਰੀ ਸਕੂਲ ਨੰਗਲਫੀਦਾ, ਸਰਕਾਰੀ ਪ੍ਰਾਇਮਰੀ ਸਕੂਲ, ਸਰਕਾਰੀ ਪ੍ਰਾਇਮਰੀ ਸਕੂਲ ਦਾਰਾਪੁਰ, ਦੇ ਸਾਰੇ ਬੱਚਿਆਂ ਨੂੰ ਸਕੂਲ ਬੈਗ, ਸਟੇਸ਼ਨਰੀ ਤੇ ਫਰੂਟ ਪੈਕਟ ਦਿੱਤੇ ਗਏ। ਸਕੂਲ ਮੁੱਖੀ ਸਗੀਨਾ ਰਾਏ ਤੇ ਸਮੂਹ ਸਟਾਫ ਵਲੋਂ ਆਏ ਸਭ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰਵਿੰਦਰ ਸਿੰਘ, ਹਰਪਾਲ ਸਿੰਘ, ਸਕੂਲ ਸਟਾਫ ਸਗੀਨਾ ਰਾਏ, ਜਸਵਿੰਦਰ ਕੋਰ, ਨਿਹਾਰਕਾ, ਨਵਪ੍ਰੀਤ ਕੋਰ, ਪਰਮਿੰਦਰ ਕੋਰ, ਜਸਵੀਰ ਕੋਰ, ਮਿਸ ਮੀਨੂੰ, ਮਿਸ ਮਮਤਾ, ਅਧਿਆਪਕ ਗੁਰਮੇਜਰ ਸਿੰਘ, ਪਰਮਜੀਤ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ ।

